ਬੁੱਧਵਾਰ, 6 ਸਤੰਬਰ, 2023
21 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 96

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 6 SEPTEMBER, 2023
ਜਲੰਧਰ

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


## ਸਿੱਖਿਆ ਵਿਭਾਗ 'ਚ ਵੱਡੇ ਪੱਧਰ 'ਤੇ ਭਰਤੀ ਕੀਤੀ ਜਾਵੇਗੀ : ਭਗਵੰਤ ਮਾਨ

### ਅਧਿਆਪਕ ਦਿਵਸ ਮੌਕੇ ਸੂਬਾ ਪੱਧਰੀ ਸਮਾਗਮ ਦੌਰਾਨ 80 ਅਧਿਆਪਕਾਂ ਦਾ ਕੀਤਾ ਸਨਮਾਨ



**ਮੋਗਾ (ਅਮਰਜੀਤ ਸਿੰਘ ਬੱਬਰੀ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਭਰ ਦੇ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਮਨੁੱਖੀ ਸਰੋਤਾਂ ਦੇ ਵਿਸਥਾਰ ਤਹਿਤ ਸਿੱਖਿਆ ਵਿਭਾਗ 'ਚ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ। ਅਧਿਆਪਕ ਦਿਵਸ ਮੌਕੇ ਇੱਥੇ ਸੂਬਾ ਪੱਧਰੀ ਸਮਾਗਮ ਦੌਰਾਨ 80 ਅਧਿਆਪਕਾਂ ਦਾ ਸਨਮਾਨ ਕਰਨ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਵਿਭਾਗ 'ਚ ਵੱਡੀ ਗਿਣਤੀ ਆਸਾਮੀਆਂ ਖ਼ਾਲੀ ਪਈਆਂ ਹਨ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਪ੍ਰਭਾਵਤ ਹੋ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਸਿੱਖਿਆ ਦੇ ਖ਼ੇਤਰ 'ਚ ਮੋਹਰੀ ਸੂਬਾ ਬਣਾਉਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਤਹਿਤ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ 'ਚ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਮਾਨ ਨੇ ਕਿਹਾ ਕਿ ਕੈਂਪਸ ਮੈਨੇਜਰਾਂ, ਸਫ਼ਾਈ ਕਰਮਚਾਰੀਆਂ, ਚੌਕੀਦਾਰਾਂ ਤੇ ਸੁਰੱਖਿਆ ਗਾਰਡਾਂ ਸਣੇ ਆਉਣ ਵਾਲੇ ਦਿਨਾਂ 'ਚ ਵੱਡੀ ਗਿਣਤੀ 'ਚ ਆਸਾਮੀਆਂ ਭਰੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਜਲਦੀ ਹੀ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕਰ ਕੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਨਵੇਂ ਯੁੱਗ ਦਾ ਮੁੱਢ ਬੰਨ੍ਹਿਆ ਜਾਵੇਗਾ। ਉਨ੍ਹਾ ਕਿਹਾ ਕਿ ਇਨ੍ਹਾਂ ਸਕੂਲਾਂ ਦੀ ਸਥਾਪਨਾ ਲਈ 68 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ ਅਤੇ ਪਹਿਲਾ ਸਕੂਲ ਆਫ਼ ਐਮੀਨੈਂਸ 13 ਸਤੰਬਰ ਨੂੰ ਲੋਕਾਂ ਨੂੰ ਸਮਰਪਿਤ ਕੀਤਾ ● ਬਾਕੀ ਸਫ਼ਾ 2 'ਤੇ

## 'ਇੰਡੀਆ' ਤੇ 'ਭਾਰਤ' 'ਤੇ ਜੰਗ ਸ਼ੁਰੂ

### ■ ਕਾਂਗਰਸ ਦਾ ਦੋਸ਼; ਇਹ ਸੰਘੀ ਢਾਂਚੇ 'ਤੇ ਹਮਲਾ

**ਨਵੀਂ ਦਿੱਲੀ** : ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਤੋਂ ਬਾਅਦ ਰਾਜਨੀਤਕ ਗਲਿਆਰਿਆਂ 'ਚ ਅਟਕਲਾਂ ਦਾ ਬਾਜ਼ਾਰ ਗਰਮ ਹੈ। ਮੋਦੀ ਸਰਕਾਰ ਇੱਕ ਦੇਸ਼ ਇੱਕ ਚੋਣ ਲਈ ਪੈਨਲ ਦਾ ਐਲਾਨ ਕਰ ਚੁੱਕੀ ਹੈ। ਵਿਰੋਧੀ ਧਿਰ ਇਸ ਮੁੱਦੇ ਨੂੰ ਲੈ ਕੇ ਪਹਿਲਾਂ ਹੀ ਹਮਲਾਵਰ ਹੈ। ਹੁਣ ਚਰਚਾ ਇਸ 'ਤੇ ਤੇਜ਼ ਹੋ ਗਈ ਹੈ ਕਿ ਸਰਕਾਰ ਸੰਵਿਧਾਨ 'ਚੋਂ ਇੰਡੀਆ ਹਟਾ ਕੇ ਭਾਰਤ ਕਰ ਚੁੱਕੀ ਹੈ। ਜੈਰਾਮ ਰਮੇਸ਼ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਸੰਵਿਧਾਨ 'ਚੋਂ ਇੰਡੀਆ ਨਾਂਅ ਹਟਾ ਦਿੱਤਾ ਹੈ। ਰਾਸ਼ਟਰਪਤੀ ਭਵਨ ਵੱਲੋਂ ਜੀ-20 ਡਿਨਰ ਲਈ ਸੱਦਾ ਪੱਤਰ 'ਚ ਮੇਜ਼ਬਾਨ ਦੇ ਤੌਰ 'ਤੇ ਪ੍ਰੈਜ਼ੀਡੈਂਟ ਆਫ਼ ਇੰਡੀਆ ਦੀ ਜਗ੍ਹਾ ਪ੍ਰੈਜ਼ੀਡੈਂਟ ਆਫ਼ ਭਾਰਤ ਲਿਖਿਆ ਹੈ। ਉਨ੍ਹਾ ਕਿਹਾ ਕਿ ਇਹ ਸੰਵਿਧਾਨ ਦੇ ਖਿਲਾਫ਼ ਹੈ। ਜੈਰਾਮ ਨੇ ਟਵੀਟ 'ਤੇ ਲਿਖਿਆ, "ਸੰਵਿਧਾਨ 'ਚ ਧਾਰਾ 1 ਮੁਤਾਬਕ 'ਇੰਡੀਆ', ਜਿਸ ਨੂੰ ਭਾਰਤ ਕਹਿੰਦੇ ਹਨ, ਉਹ ਸੂਬਿਆਂ ਦਾ ਸੰਘ ਹੋਵੇਗਾ, ਪਰ ਹੁਣ ਇਸ ਸੂਬਿਆਂ ਦੇ ਸੰਘ 'ਤੇ ਵੀ ਹਮਲਾ ਹੋ ਰਿਹਾ ਹੈ।"

ਇਸ ਤਰ੍ਹਾਂ ਦੀ ਉਮੀਦ ਲਗਾਈ ਜਾ ਰਹੀ ਹੈ ਕਿ ਸਰਕਾਰ 'ਇੱਕ ਦੇਸ਼, ਇੱਕ ਚੋਣ' ਤੋਂ ਇਲਾਵਾ ਮਹਿਲਾ ਰਾਖਵਾਂਕਰਨ ਬਿੱਲ ਵੀ ਲਿਆ ਸਕਦੀ ਹੈ। ਵਿਰੋਧੀ ਧਿਰ 'ਚ ਇਹ ਵੀ ਚਰਚਾ ਹੈ ਕਿ ਸਰਕਾਰ ਸੰਵਿਧਾਨ 'ਚ ਵੱਡੇ ਬਦਲਾਅ ਕਰ ਸਕਦੀ ਹੈ। ਕਾਂਗਰਸ ਦਾ ਦੋਸ਼ ਹੈ ਕਿ ਮੋਦੀ ਸਰਕਾਰ ਸੰਵਿਧਾਨ 'ਚ 'ਇੰਡੀਆ' ਸ਼ਬਦ ਹੀ ਹਟਾਉਣਾ ਚਾਹੁੰਦੀ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ, 'ਇੰਡੀਆ' ਨਾਂਅ ਦੇ ਗਠਜੋੜ ਬਣਨ ਤੋਂ ਬਾਅਦ ਇਹ ਦੇਸ਼ ਦਾ ਨਾਂਅ ਬਦਲ ਰਹੇ ਹਨ। ਜੇਕਰ ਕੱਲ੍ਹ ਨੂੰ ਇੰਡੀਆ ਗਠਜੋੜ ਨੇ ਮੀਟਿੰਗ ਕਰਕੇ ਆਪਣਾ ਨਾਂਅ ਭਾਰਤ ਰੱਖ ਲਿਆ ਤਾਂ ਕੀ ਇਹ ਭਾਰਤ ਦਾ ਨਾਂਅ ਵੀ ਬਦਲ ਦੇਣਗੇ ਅਤੇ ਕੀ ਇਹ ਭਾਰਤ ਦਾ ਨਾਂਅ ਭਾਜਪਾ ਰੱਖ ਦੇਣਗੇ।

ਰਾਘਵ ਚੱਢਾ ਨੇ ਵੀ ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਟਵੀਟ ਕੀਤਾ—ਜੀ-20 ਸੰਮੇਲਨ ਦੇ ਸੱਦਾ ਪੱਤਰ 'ਤੇ ਪ੍ਰੈਜ਼ੀਡੈਂਟ ਆਫ਼ ਇੰਡੀਆ ਦੀ ਜਗ੍ਹਾ ਪ੍ਰੈਜ਼ੀਡੈਂਟ ਆਫ਼ ਭਾਰਤ ਲਿਖ ਕੇ ਭਾਜਪਾ ਨੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਭਾਜਪਾ 'ਇੰਡੀਆ' ਨੂੰ ਕਿਸ ਤਰ੍ਹਾਂ ਖ਼ਤਮ ਕਰ ਸਕਦੀ ਹੈ। ਦੇਸ਼ ਕਿਸੇ ਰਾਜਨੀਤਕ ਦਲ ਦਾ ਨਹੀਂ, ਇਹ 140 ਕਰੋੜ ਭਾਰਤੀਆਂ ਦਾ ਹੈ। ਸਾਡੀ ਰਾਸ਼ਟਰੀ ਪਛਾਣ ਭਾਜਪਾ ਦੀ ਨਿੱਜੀ ਜਾਇਦਾਦ ਨਹੀਂ, ਜਿਸ ਨੂੰ ਉਹ ਆਪਣੀ ਇੱਛਾ ● ਬਾਕੀ ਸਫ਼ਾ 2 'ਤੇ

## ਏ ਆਈ ਐੱਸ ਐੱਫ ਪੰਜਾਬ ਦਾ 29ਵਾਂ ਡੈਲੀਗੇਟ ਅਜਲਾਸ ਪਟਿਆਲਾ ਵਿਖੇ ਸਫਲਤਾਪੂਰਵਕ ਸੰਪੰਨ

### ਪ੍ਰਿਤਪਾਲ ਸਿੰਘ ਸੂਬਾ ਸਕੱਤਰ (ਜਨਰਲ) ਤੇ ਰਮਨ ਧਰਮੂਵਾਲਾ ਸੂਬਾ ਪ੍ਰਧਾਨ ਚੁਣੇ



**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ 29ਵਾਂ ਸੂਬਾਈ ਡੈਲੀਗੇਟ ਅਜਲਾਸ ਪਟਿਆਲਾ ਦੇ ਪ੍ਰਭਾਤ-ਪਰਵਾਨਾ ਟਰੇਡ ਯੂਨੀਅਨ ਸੈਂਟਰ ਵਿਖੇ 'ਡਾ. ਰਵਿੰਦਰ ਸਿੰਘ ਰਵੀ' ਨੂੰ ਸਮਰਪਤ ਹਾਲ ਵਿੱਚ 3 ਅਤੇ 4 ਸਤੰਬਰ ਨੂੰ ਸਫਲਤਾਪੂਰਵਕ ਸੰਪੰਨ ਹੋਇਆ। ਇਸ ਡੈਲੀਗੇਟ ਅਜਲਾਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ, ਸੀਨੀਅਰ ਆਗੂ ਅਤੇ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਕੌਰ ਬੱਧਨੀ, ਪ੍ਰਿਤਪਾਲ ਸਿੰਘ, ਸੁਖਵਿੰਦਰ ਮਲੋਟ ਅਤੇ ਸੂਬਾ ਗਰਲਜ਼ ਕਨਵੀਨਰ ਨੀਤੂ ਕੰਬੋਜ ਅਤੇ ਰਮਨ ਧਰਮੂਵਾਲਾ ਨੇ ਕੀਤੀ। ਅਜਲਾਸ ਦੇ ਪਹਿਲੇ ਦਿਨ ਏ ਆਈ ਐੱਸ ਐੱਫ ਦੇ ਕੌਮੀ ਜਨਰਲ ਸਕੱਤਰ ਵਿੱਕੀ ਮਹੇਸਰੀ ਨੇ ਝੰਡਾ ਲਹਿਰਾਇਆ। ਸੀਨੀਅਰ ਵਕੀਲ ਅਤੇ ਜਥੇਬੰਦੀ ਦੇ ਸਾਬਕਾ ਆਗੂ ਅਤੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਜਲੰਧਰ ਦੇ ਮੌਜੂਦਾ ਸਕੱਤਰ ਗੁਰਮੀਤ ਸਿੰਘ ਸ਼ੁਗਲੀ ਨੇ ਅਜਲਾਸ ਦਾ ਉਦਘਾਟਨ ਕੀਤਾ। ਉਹਨਾ ਜਥੇਬੰਦੀ ਨੂੰ ਅਜਲਾਸ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਜਥੇਬੰਦੀ ਦੇ ਸ਼ਾਨਦਾਰ ਇਤਿਹਾਸ ਤੋਂ ਸੇਧ ਲੈ ਕੇ ਭਵਿੱਖੀ ਗਤੀਵਿਧੀਆਂ ਉਲੀਕਣ ਲਈ ਗੁਰ ਸਿੱਖਣ ਲਈ ਪ੍ਰੇਰਿਆ।

ਅਜਲਾਸ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਜਥੇਬੰਦੀ ਦੇ ਸਾਬਕਾ ਕੌਮੀ ਪ੍ਰਧਾਨ ਬੰਤ ਸਿੰਘ ਬਰਾੜ ਨੇ ਜਥੇਬੰਦੀ ਦੇ ਉਹਨਾਂ ਦਿਨਾਂ ਨਾਲ ਡੈਲੀਗੇਟਾਂ ਦੀ ਸਾਂਝ ਪਵਾਈ, ਜਦੋਂ ਉਹਨਾ ਇਸ ਜਥੇਬੰਦੀ ਦੀ ਆਗੂ ਭੂਮਿਕਾ ਸੰਭਾਲੀ ਸੀ। ਉਹਨਾ ਕਿਹਾ ਕਿ ਇਹ ਜਥੇਬੰਦੀ ਸਦਾ ਜ਼ਾਲਮਾਂ ਦੇ ਖਿਲਾਫ ਮਜ਼ਲੂਮਾਂ ਦੀ ਧਿਰ ਬਣ ਕੇ ਨਿਤਰੀ ਹੈ ਅਤੇ ਵਿਦਿਆਰਥੀਆਂ ਦੇ ਹੱਕਾਂ ਲਈ ਇਹਦੇ ਤੋਂ ਅੱਗੇ ਹੋ ਕੇ ਲੜਨ ਵਾਲੀ ਕੋਈ ਵੀ ਹੋਰ ਜਥੇਬੰਦੀ ਨਹੀਂ। ਉਹਨਾ ਕਿਹਾ ਕਿ ਸਾਡੇ ਸਮੇਂ ਅਸੀਂ 'ਜਾਂ ਨੌਕਰੀ ਜਾਂ ਜੇਲ੍ਹ' ਦਾ ਨਾਹਰਾ ਦਿੱਤਾ ਸੀ ਅਤੇ ਅੱਜ ਤੁਹਾਡੀ ਜੱਥੇਬੰਦੀ ਹੁਣ ਰੁਜ਼ਗਾਰ ਦੀ ਗਰੰਟੀ ਕਨੂੰਨ ਬਨੇਗਾ ਦਾ ਨਾਹਰਾ ਦੇ ਕੇ ਉਹੀ ਸ਼ਾਨਾਮੱਤੀ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

'ਚੱਕ ਦੇ ਇੰਡੀਆ' ਕਹਿਣ ਦਾ ਸਮਾਂ ਨਾਹੀਂ,
ਤਬਦੀਲੀ ਨਾਂਅ ਦੀ ਲੱਗੀ ਪਈ ਹੋਣ ਭਾਈ।
ਗੱਠਜੋੜ ਧਿਰ ਵਿਰੋਧੀ ਕੋਈ ਖੜ੍ਹਾ ਕਰਿਆ,
'ਇੰਡੀਆ' ਨਾਂਅ ਉੱਤੇ ਲੜਨੀ ਚੋਣ ਭਾਈ।
ਟੱਕਰ ਜਿਨ੍ਹਾਂ ਦੇ ਨਾਲ, ਉਹ ਘੱਟ ਕੋਈ ਨਾ,
ਆਪਣਾ ਉਨ੍ਹਾਂ ਦਾ ਕੁਝ ਦ੍ਰਿਸ਼ਟੀਕੋਣ ਭਾਈ।
ਧਿਰ ਕੋਈ ਇੱਕ ਵੀ ਉੱਠ ਜੇ ਲਿਖਣ ਜਾਂਦੀ,
ਦੂਜੀ ਉੱਠ ਤੁਰਦੀ ਹੈ ਲਿਖਿਆ ਧੋਣ ਭਾਈ।
ਪੁਆੜਾ ਚੋਣਾਂ ਦਾ ਸਿਰਫ ਹੈ ਗੱਦੀਆਂ ਲਈ,
ਮੁਲਕ ਦਾ ਦਰਦ ਤਾਂ ਸਿਰਫ ਜੁਗਾੜ ਭਾਈ।
ਸਿਆਸਤ ਸਕੇ ਭਰਾਵਾਂ ਵਿੱਚ ਪਾਏ ਪਾਟਕ,
ਵੱਸਦੀ ਪਬਲਿਕ ਇਹ ਦੇਂਵਦੀ ਪਾੜ ਭਾਈ।

-ਤੀਸ ਮਾਰ ਖਾਂ

## ਐੱਸ ਐੱਚ ਓ ਦੀ ਗ੍ਰਿਫ਼ਤਾਰੀ ਨਾ ਹੋਈ ਤਾਂ ਚੰਡੀਗੜ੍ਹ ਧਰਨਾ ਲਾਵਾਂਗਾ : ਜਤਿੰਦਰ ਪਾਲ ਸਿੰਘ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**

ਥਾਣਾ ਤਲਵੰਡੀ ਚੌਧਰੀਆਂ ਅਧੀਨ ਬਣੇ ਬਿਆਸ ਦਰਿਆ ਦੇ ਪੁਲ 'ਤੇ ਬੀਤੇ ਦਿਨੀਂ ਜਲੰਧਰ ਦੇ ਥਾਣਾ ਨੰ. 1 'ਚ ਪੁਲਸ ਤਸ਼ੱਦਦ ਤੋਂ ਪ੍ਰੇਸ਼ਾਨ ਦੋ ਸਕੇ ਭਰਾਵਾਂ ਮਾਨਵਜੀਤ ਸਿੰਘ ਢਿੱਲੋਂ ਅਤੇ ਜਸ਼ਨਬੀਰ ਸਿੰਘ ਢਿੱਲੋਂ ਵੱਲੋਂ ਦਰਿਆ ਬਿਆਸ 'ਚ ਛਾਲ ਮਾਰਨ ਦੇ ਮਾਮਲੇ 'ਚ ਨਾਮਜ਼ਦ ਐੱਸ ਐੱਚ ਓ ਨਵਦੀਪ ਸਿੰਘ, ਮਹਿਲਾ ਕਾਂਸਟੇਬਲ ਜਗਜੀਤ ਕੌਰ ਤੇ ਮੁਨਸ਼ੀ ਬਲਵਿੰਦਰ ਸਿੰਘ ਉਪਰ ਪਰਚਾ ਹੋਏ ਨੂੰ ਕਰੀਬ ਤਿੰਨ ਦਿਨ ਹੋ ਚੁੱਕੇ ਹਨ, ਪਰ ਉਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ। ਉਸ ਨੂੰ ਲੈ ਕੇ ਢਿੱਲੋਂ ਭਰਾਵਾਂ ਦੇ ਪਿਤਾ ਜਤਿੰਦਰ ਪਾਲ ਸਿੰਘ ● ਬਾਕੀ ਸਫ਼ਾ 2 'ਤੇ

## ਧਾਰਾ 370 'ਤੇ 16 ਦਿਨ ਦੀ ਸੁਣਵਾਈ ਬਾਅਦ ਸੁਪਰੀਮ ਕੋਰਟ ਨੇ ਫੈਸਲਾ ਸੁਰੱਖਿਅਤ ਰੱਖਿਆ

**ਨਵੀਂ ਦਿੱਲੀ** : ਧਾਰਾ 370 ਦੇ ਮਾਮਲੇ 'ਤੇ ਸੁਪਰੀਮ ਕੋਰਟ ਨੇ ਸੁਣਵਾਈ ਪੂਰੀ ਕਰ ਲਈ ਹੈ। ਚੀਫ਼ ਜਸਟਿਸ ਦੀ ਪ੍ਰਧਾਨਗੀ ਵਾਲੀ 5 ਜੱਜਾਂ ਦੀ ਬੈਂਚ ਨੇ 16 ਦਿਨ ਤੱਕ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣੀਆਂ ਤੇ ਮੰਗਲਵਾਰ 5 ਸਤੰਬਰ ਨੂੰ ਫੈਸਲਾ ਸੁਰੱਖਿਅਤ ਰੱਖ ਲਿਆ। ਇਸ ਦੌਰਾਨ ਦੋਵਾਂ ਧਿਰਾਂ ਨੇ ਸੰਵਿਧਾਨਕ ਪਹਿਲੂਆਂ ਨੂੰ ਲੈ ਕੇ ਇਤਿਹਾਸਕ ਘਟਨਾਕ੍ਰਮ 'ਤੇ ਚਰਚਾ ਕੀਤੀ। 5 ਅਗਸਤ 2019 ਨੂੰ ਸੰਸਦ ਨੇ ਜੰਮੂ-ਕਸ਼ਮੀਰ ਨੂੰ ਧਾਰਾ 370 ਦੇ ਤਹਿਤ ਮਿਲਿਆ ਵਿਸ਼ੇਸ਼ ਦਰਜਾ ਖ਼ਤਮ ਕਰਨ ਦਾ ਪ੍ਰਸਤਾਵ ਪਾਸ ਕੀਤਾ ਸੀ। ਨਾਲ ਹੀ ਸੂਬੇ ਨੂੰ 2 ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਅਤੇ ਲੱਦਾਖ 'ਚ ਵੰਡਣ ਦਾ ਵੀ ਫੈਸਲਾ ਲਿਆ ਸੀ। ਇਸ ਫੈਸਲੇ ਨੂੰ ਸੁਪਰੀਮ ਕੋਰਟ 'ਚ 20 ਪਟੀਸ਼ਨਾਂ ਰਾਹੀਂ ਚੁਣੌਤੀ ਦਿੱਤੀ ਗਈ ਸੀ।

## ਇਕ ਦਿਨਾ ਕ੍ਰਿਕਟ ਵਰਲਡ ਕੱਪ ਲਈ 15 ਮੈਂਬਰੀ ਟੀਮ ਦਾ ਐਲਾਨ

**ਨਵੀਂ ਦਿੱਲੀ** : ਇੱਕ ਦਿਨਾ ਕ੍ਰਿਕਟ ਵਰਲਡ ਕੱਪ 2023 ਦਾ ਆਗਾਜ਼ ਭਾਰਤ ਦੀ ਮੇਜ਼ਬਾਨੀ 'ਚ 5 ਅਕਤੂਬਰ ਤੋਂ ਹੋਣ ਜਾ ਰਿਹਾ ਹੈ। ਇਸ ਟੂਰਨਾਮੈਂਟ ਦਾ ਆਖਰੀ ਮੁਕਾਬਲਾ 19 ਨਵੰਬਰ ਨੂੰ ਖੇਡਿਆ ਜਾਵੇਗਾ। ਇਸ ਦੌਰਾਨ ਬੀ ਸੀ ਸੀ ਆਈ ਨੇ ਵਰਲਡ ਕੱਪ ਲਈ ਭਾਰਤੀ ਟੀਮ ਦਾ ਐਲਾਨ ਕੀਤਾ। ਸ੍ਰੀਲੰਕਾ ਦੇ ਕੈਂਡੀ 'ਚ ਇੱਕ ਮੀਟਿੰਗ ਦੌਰਾਨ ਬੀ ਸੀ ਸੀ ਆਈ ਨੇ ਇਹ ਫੈਸਲਾ ਕੀਤਾ। ● ਬਾਕੀ ਸਫ਼ਾ 2 'ਤੇ



## 'ਕਾਮਰਸ ਫੈੱਸਟ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਦਿੱਲੀ ਪਬਲਿਕ ਸਕੂਲ ਵਿਖੇ ਕਰਵਾਏ ਗਏ 'ਕਾਮਰਸ ਫੈਸਟ ਮੁਕਾਬਲੇ' 'ਚ ਸ਼ਾਨਦਾਰ ਪੇਸ਼ਕਾਰੀ ਦਿੰਦਿਆਂ ਪਹਿਲਾ ਸਥਾਨ ਹਾਸਲ ਕਰ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਪ੍ਰਿੰ. ਨਿਰਮਲਜੀਤ ਕੌਰ ਗਿੱਲ ਨੇ ਜੇਤੂ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਕੂਲ ਵਿਦਿਆਰਥੀਆਂ ਨੇ ਉਕਤ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕਰ ਕੇ ਸਕੂਲ ਦਾ ਮਾਣ ਵਧਾਇਆ ਹੈ। ਪ੍ਰਿੰ: ਗਿੱਲ ਨੇ ਕਿਹਾ ਕਿ ਉਪਰੋਕਤ ਮੁਕਾਬਲੇ 'ਚ ਨਾਮਵਰ ਸੰਸਥਾਵਾਂ ਦੀਆਂ ਟੀਮਾਂ ਨੇ ਭਾਗ ਲਿਆ। ਜਿਸ 'ਚ ਸਕੂਲ ਵਿਦਿਆਰਥੀਆਂ ਨੇ ਆਪਣੀ ਕਾਰਜ-ਕੁਸ਼ਲਤਾ ਦੀ ਪੇਸ਼ਕਾਰੀ ਕਰਦਿਆਂ ਜੇਤੂ ਇਨਾਮ ਹਾਸਲ ਕੀਤਾ। ਉਨ੍ਹਾਂ ਕਿਹਾ ਕਿ 'ਐਂਟਰਪ੍ਰੀਨਿਓਰ ਟੌਕ ਮੁਕਾਬਲੇ' 'ਚ ਭਾਗ ਲੈਂਦਿਆਂ ਸਿਮਰਪ੍ਰੀਤ ਕੌਰ, ਰੌਸ਼ਨੀ ਵਾਲੀਆ, ਕਸ਼ਿਸ਼ ਸ਼ਰਮਾ, ਮਾਨਸਜੋਤ ਸਿੰਘ ਅਤੇ ਈਸ਼ਿਤਾ ਮਿਨਹਾਸ ਨੇ ਆਤਮ ਵਿਸ਼ਵਾਸ ਅਤੇ ਤੀਖਣ ਬੁੱਧੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਦਾ ਮਾਣ ਵਧਾਇਆ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੇ ਸਹਿਯੋਗ ਅਤੇ ਵਿਸ਼ੇਸ਼ ਉਪਰਾਲਿਆਂ ਸਦਕਾ ਵਿਦਿਆਰਥੀਆਂ ਨੇ ਉਕਤ ਜੇਤੂ ਇਨਾਮ ਹਾਸਲ ਕੀਤੇ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਤੀਰ ਅੰਦਾਜ਼ੀ ਮੁਕਾਬਲਿਆਂ 'ਚ ਪੀ ਪੀ ਐੱਸ ਦੇ ਬੱਚੇ ਅੱਵਲ



**ਭੀਖੀ (ਧਰਮਵੀਰ ਸ਼ਰਮਾ)**-67ਵੀਆਂ ਪੰਜਾਬ ਸਕੂਲ ਜ਼ਿਲ੍ਹਾ ਪੱਧਰੀ ਖੇਡਾਂ ਲੜਕੇ/ਲੜਕੀਆਂ ਤੀਰਅੰਦਾਜ਼ੀ ਮੁਕਾਬਲੇ ਜੋ ਜੀ.ਸੀ. ਐਮ. ਦਿੜਬਾ ਵਿਖੇ ਕਰਾਏ ਗਏ, ਜਿਸ ਵਿੱਚ ਵੱਖ-ਵੱਖ ਜ਼ੋਨ ਦੇ ਸਕੂਲ ਦੀਆਂ ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਪੈਰਾਮਾਊਂਟ ਪਬਲਿਕ ਸਕੂਲ ਚੀਮਾਂ ਦੇ ਬੱਚੇ ਅੰਡਰ-19 ਸਾਲ ਲੜਕੇ/ਲੜਕੀਆਂ ਗੁਰਜਿੰਦਰ ਸਿੰਘ, ਅਮਰਿੰਦਰ ਸਿੰਘ, ਹਰਮੀਤ ਕੌਰ, ਜਸਪ੍ਰੀਤ ਕੌਰ ਤੇ ਜਸ਼ਨਪ੍ਰੀਤ ਕੌਰ ਅਤੇ ਅੰਡਰ-17 ਅਵਨੀਤ ਸਿੰਘ, ਗੁਰਸ਼ਰਨਪ੍ਰੀਤ ਸਿੰਘ, ਹਰਸ਼ਦੀਪ ਸਿੰਘ ਤੇ ਭਵਨਪ੍ਰੀਤ ਸਿੰਘ ਅਤੇ ਅੰਡਰ-14 ਸਾਹਿਬਜੋਤ ਸਿੰਘ, ਜਸਪ੍ਰੀਤ ਸਿੰਘ ਤੇ ਕਮਲਪ੍ਰੀਤ ਕੌਰ ਨੇ ਚੀਮਾਂ ਜ਼ੋਨ ਵੱਲੋਂ ਖੇਡਦੇ ਹੋਏ ਫਾਈਨਲ ਮੁਕਾਬਲੇ ਵਿੱਚ ਗੋਲਡ ਤੇ ਸਿਲਵਰ ਮੈਡਲ ਹਾਸਲ ਕਰਕੇ ਆਪਣੀ ਚੋਣ ਰਾਜ ਪੱਧਰੀ ਖੇਡਾਂ ਵਿੱਚ ਕਰਾਈ। ਇਸ ਮੌਕੇ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਸੰਸਥਾ ਦੇ ਐਮ.ਡੀ. ਜਸਵੀਰ ਸਿੰਘ ਚੀਮਾ ਤੇ ਮੈਡਮ ਕਿਰਨਪਾਲ ਕੌਰ ਵੱਲੋਂ ਵਿਸ਼ੇਸ਼ ਤੌਰ 'ਤੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੋਚ ਗੁਰਪ੍ਰੀਤ ਸਿੰਘ, ਯਾਦਵਿੰਦਰ ਸਿੰਘ, ਡੀ.ਪੀ.ਈ. ਮਨਪ੍ਰੀਤ ਸਿੰਘ, ਗੋਬਿੰਦ ਸ਼ਰਮਾ ਤੇ ਅਮਨਦੀਪ ਕੌਰ ਹਾਜ਼ਰ ਸਨ।

## ਸਰਕਾਰ ਹੜ੍ਹ ਪੀੜਤਾਂ ਨਾਲ ਨੁਕਸਾਨੇ ਘਰਾਂ ਨੂੰ ਬਣਾ ਕੇ ਦੇਵੇ : ਪ੍ਰਧਾਨ ਢੋਲਣ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਨੰਬਰਦਾਰਾ ਯੂਨੀਅਨ ਤਹਿਸੀਲ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਰਵਿੰਦਰ ਸਿੰਘ ਢੋਲਣ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਬੁਹਗਿਣਤੀ ਵਿੱਚ ਨੰਬਰਦਾਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਲੇਖਾ-ਜੋਖਾ ਕਰਨ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਮੀਟਿੰਗ ਦੌਰਾਨ ਪ੍ਰਧਾਨ ਢੋਲਣ ਵੱਲੋਂ ਨੰਬਰਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰਾਂ ਕੀਤੀਆਂ ਅਤੇ ਕਿਹਾ ਕਿ ਨੰਬਰਦਾਰਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਲਾਗੂ ਕੀਤੀਆਂ ਜਾਣ। ਮੀਟਿੰਗ 'ਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਚਿੱਟਾ ਵੇਚਣ ਵਾਲੇ ਅਤੇ ਲੁੱਟਾਂ-ਖੋਹਾਂ ਕਰਨ ਵਾਲਿਆਂ ਦੀ ਜ਼ਮਾਨਤ ਨੰਬਰਦਾਰਾਂ ਵੱਲੋਂ ਨਹੀਂ ਕਰਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਹੜ੍ਹ ਪੀੜਤਾਂ ਦੇ ਜਿੰਨੇ ਦੇ ਘਰ ਨੁਕਸਾਨੇ ਗਏ ਹਨ, ਉਨ੍ਹਾਂ ਦੇ ਮਕਾਨ ਸਰਕਾਰ ਬਣਾ ਕੇ ਦੇਵੇ ਤੇ ਇਸ ਤੋਂ ਇਲਾਵਾ ਸਰਕਾਰ ਹੜ੍ਹ ਪੀੜਤ ਕਿਸਾਨਾਂ ਨੂੰ ਬਣਦਾ ਮਆਵਜ਼ਾ ਜਲਦੀ ਤੋਂ ਜਲਦੀ ਦੇਵੇ। ਇਸ ਮੌਕੇ ਕੈਪਟਨ ਦਰਸ਼ਨ ਸਿੰਘ ਅਲੀਗੜ੍ਹ, ਬਲਵੀਰ ਸਿੰਘ ਸਵੱਦੀ ਕਲਾਂ, ਹਰਭਜਨ ਸਿੰਘ ਤਲਵੰਡੀ ਕਲਾਂ, ਜੋਗਿੰਦਰ ਸਿੰਘ ਮਾਜਰੀ, ਸਮਸ਼ੇਰ ਸਿੰਘ ਅਗਵਾੜ ਲੋਪੋ, ਇਕਬਾਲ ਸਿੰਘ ਲੰਮਾ, ਬਲਵੰਤ ਸਿੰਘ ਸਵੱਦੀ ਕਲਾਂ, ਗੁਰਪਾਲ ਸਿੰਘ ਮੀਰਪੁਰ, ਮਨਜਿੰਦਰ ਸਿੰਘ ਗਾਲਿਬ ਕਲਾਂ, ਸੁਰਜੀਤ ਸਿੰਘ ਕਮਾਲਪੁਰਾ, ਪੂਰਨ ਸਿੰਘ ਅਖਾੜਾ, ਕੁਲਵੰਤ ਸਿੰਘ ਰੂੰਮੀ, ਕਰਨੈਲ ਸਿੰਘ ਅਗਵਾੜ ਖਆਜਾ ਬਾਜੂ, ਨਛੱਤਰ ਸਿੰਘ ਜਗਰਾਉਂ, ਸੁਖਦਰਸ਼ਨ ਸਿੰਘ ਅਲੀਗੜ੍ਹ, ਜਗਰਾਜ ਸਿੰਘ ਚੀਮਨਾ ਤੇ ਜਗਤਾਰ ਸਿੰਘ ਚੌਕੀਮਾਨ ਆਦਿ ਹਾਜ਼ਰ ਸਨ।

## ਸ਼ਿਵਾ ਇਨਕਲੇਵ ਕਲੋਨੀ 'ਚ ਕੀਰਤਨ ਕੀਤਾ



**ਬਾਘਾਪੁਰਾਣਾ (ਮਨੀ ਸਿੰਗਲਾ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਤਿਉਹਾਰ ਨੂੰ ਲੈ ਕੇ ਪ੍ਰਾਚੀਨ ਸ੍ਰੀ ਸ਼ਿਵ ਸਨੀ ਮੰਦਰ ਪ੍ਰਬੰਧਕ ਕਮੇਟੀ (ਮਾਲ ਸਾਹਿਬ) ਵੱਲੋਂ ਘਰ-ਘਰ ਰਾਧੇ ਨਾਂਅ ਦੇ ਪ੍ਰਚਾਰ ਦੀ ਸੋਚ ਨਾਲ ਰੋਜ਼ਾਨਾ ਸਵੇਰੇ ਘਰ 'ਚ ਕੀਰਤਨ ਕੀਤਾ ਜਾ ਰਿਹਾ ਹੈ। ਜੋ ਸ਼ਿਵਾ ਇਨਕਲੇਵ ਕਲੋਨੀ ਵਿੱਚ ਦੂਜਾ ਕੀਰਤਨ ਸੁਖਨੰਦਨ ਅਗਰਵਾਲ, ਮੁਨੀਸ਼ ਗਰਗ ਟੀਨੀ, ਸੋਨੂੰ ਗਰਗ ਦੇ ਗ੍ਰਹਿ ਵਿਖੇ ਕੀਤਾ ਗਿਆ। ਇਸ ਮੌਕੇ ਸੁਮਿਤ ਸਾਹਿਲ ਚੰਚਲ, ਕਮਲ ਕਿਸ਼ੋਰ, ਸੋਨੂੰ ਸਾਜਨ ਤੇ ਪੰਡਤ ਕਾਕੂ ਸ਼ਰਮਾ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਭਜਨਾਂ ਨਾਲ ਖੂਬ ਰੰਗ ਬੰਨਿਆ ਗਿਆ ਅਤੇ 7 ਸਤੰਬਰ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਮੁੱਦਕੀ ਰੋਡ ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਰ ਵਿਖੇ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸੁੰਦਰ ਸੁੰਦਰ ਝਾਕੀਆਂ, ਫੁੱਲਾਂ ਅਤੇ ਰੰਗ ਬਰੰਗੀਆਂ ਲਾਈਟਾਂ ਨਾਲ ਸਜਾਵਟ ਦੇਖਣ ਯੋਗ ਹੋਵੇਗੀ। ਬਿਹਾਰੀ ਜੀ ਦੇ ਨਾਂਅ ਦਾ ਸੰਕੀਰਤਨ ਹੋਵੇਗਾ। ਰਾਤ ਨੂੰ 12 ਵਜੇ ਆਰਤੀ, ਕੇਕ ਤੇ ਛੱਪਣ ਭੋਗ ਲਾਇਆ ਜਾਵੇਗਾ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਕੇਵਲ ਕ੍ਰਿਸ਼ਨ ਗਰਗ, ਵਿਜੇ ਸ਼ਰਮਾ, ਸੁਖਦਰਸ਼ਨ ਸਿੰਗਲਾ, ਲਖਵਿੰਦਰ ਗਰਗ, ਵਿਮਲ ਗਰਗ ਵਿੱਕੀ ਤੇ ਹੋਰ ਸ਼ਾਮਲ ਸਨ।

## ਮਾਛੀਵਾੜਾ ਦੰਗਲ ਮੇਲੇ 'ਚ ਪੰਡਤ ਮਾਛੀਵਾੜਾ ਨੇ ਬਾਬਾ ਦੋਰਾਹਾ ਨੂੰ ਚਿੱਤ ਕੀਤਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕਮਿਊਨਿਟੀ ਸੈਂਟਰ (ਨੇੜੇ ਬੱਸ ਸਟੈਂਡ) ਵਿਖੇ ਸਥਿਤ ਗੁੱਗਾ ਮੈੜੀ ਦੀ ਪ੍ਰਬੰਧਕ ਕਮੇਟੀ ਵੱਲੋਂ ਦੁਸਹਿਰਾ ਮੈਦਾਨ ਵਿਚ ਸਲਾਨਾ ਦੰਗਲ ਮੇਲਾ ਕਰਾਇਆ ਗਿਆ, ਜਿਸ ਵਿਚ ਸਵੇਰ ਸਮੇਂ ਸਾਬਕਾ ਕੌਂਸਲਰ ਮਨਜੀਤ ਸਿੰਘ ਮੱਕੜ ਨੇ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਮਜ਼ਾਰ 'ਤੇ ਚਾਦਰ ਚੜ੍ਹਾਈ ਅਤੇ ਲੰਗਰ ਦੀ ਸ਼ੁਰੂਆਤ ਕਰਾਈ।

ਸ਼ਾਮ ਸਮੇਂ ਦੁਸਹਿਰਾ ਮੈਦਾਨ ਵਿਚ ਦੰਗਲ ਮੇਲਾ ਕਰਾਇਆ ਗਿਆ, ਜਿਸ ਵਿਚ 40 ਤੋਂ ਵੱਧ ਪਹਿਲਵਾਨਾਂ ਨੇ ਕੁਸ਼ਤੀ ਦੇ ਜੌਹਰ ਦਿਖਾਏ। ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਪੰਡਤ ਮਾਛੀਵਾੜਾ ਨੇ ਬਾਬਾ ਦੋਰਾਹਾ ਨੂੰ ਹਰਾ ਕੇ ਜਿੱਤੀ, ਜਦਕਿ ਦੂਜੇ ਨੰਬਰ ਦੀ ਕੁਸ਼ਤੀ ਵਿਚ ਕਰਨ ਦੋਰਾਹਾ ਨੇ ਜੱਸਾ ਧੂਰੀ ਨੂੰ ਹਰਾਇਆ। ਜੇਤੂ ਪਹਿਲਵਾਨਾਂ ਨੂੰ ਮੱਕੜ ਪਰਿਵਾਰ ਵਲੋਂ ਇਲਾਕੇ ਦੇ ਪ੍ਰਸਿੱਧ ਪੱਤਰਕਾਰ ਸਵ. ਜਗਮੋਹਨ ਸਿੰਘ ਮੱਕੜ ਦੀ ਯਾਦ ਵਿਚ ਮਨਜੀਤ ਸਿੰਘ ਮੱਕੜ, ਸੁਖਵਿੰਦਰ ਸਿੰਘ ਮੱਕੜ ਵਲੋਂ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਅੰਤ ਵਿਚ ਆਏ ਪਹਿਲਵਾਨਾਂ ਅਤੇ ਦਰਸ਼ਕਾਂ ਦਾ ਮਨਜੀਤ ਸਿੰਘ ਮੱਕੜ ਵਲੋਂ ਧੰਨਵਾਦ ਕੀਤਾ ਗਿਆ। ਦੰਗਲ ਦਾ ਅੱਖੀਂ ਡਿੱਠਾ ਹਾਲ ਡਾਇਰੈਕਟਰ ਗੁਰਮੁਖ ਦੀਪ ਨੇ ਸੁਣਾਇਆ।

# ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ 'ਚ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਦਾ ਫੈਸਲਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਅੰਦਰ ਆਪਣੀ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ। ਇਹ ਪ੍ਰੈੱਸ ਕੈਲੇਫੋਰਨੀਆ ਦੇ ਟ੍ਰੇਸੀ ਸ਼ਹਿਰ 'ਚ ਲਗਾਈ ਜਾਵੇਗੀ, ਜਿੱਥੇ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਕੇਂਦਰ ਵੀ ਕਾਰਜਸ਼ੀਲ ਹੋਵੇਗਾ। ਇਸ ਦੇ ਨਾਲ ਹੀ ਅਮਰੀਕਾ ਦੇ ਯੂਬਾਸਿਟੀ ਵਿਖੇ ਵੀ ਧਰਮ ਪ੍ਰਚਾਰ ਕੇਂਦਰ ਬਣਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਮੰਗਲਵਾਰ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਇਹ ਫੈਸਲਾ ਕੀਤਾ ਗਿਆ ਹੈ। ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਵਰਗੀ ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਯੂਬਾਸਿਟੀ ਵਿਖੇ 14.5 ਏਕੜ ਜ਼ਮੀਨ ਦਿੱਤੀ ਗਈ ਸੀ, ਜਿੱਥੇ ਧਰਮ ਪ੍ਰਚਾਰ ਕੇਂਦਰ ਬਣਾ ਕੇ ਗਤੀਵਿਧੀਆਂ ਆਰੰਭੀਆਂ ਜਾਣਗੀਆਂ। ਇਸ ਦੇ ਨਾਲ ਹੀ ਪਰਵਾਸੀ ਸਿੱਖ ਗਿਆਨ ਸਿੰਘ ਸੰਧੂ ਕੈਨੇਡਾ ਅਤੇ ਉੱਘੇ ਕਾਰੋਬਾਰੀ ਕਰਨੈਲ ਸਿੰਘ ਸੰਧੂ ਅਮਰੀਕਾ ਵੱਲੋਂ ਕੀਤੀ ਗਈ ਪੇਸ਼ਕਸ਼ ਅਨੁਸਾਰ ਕੈਲੇਫੋਰਨੀਆ ਦੇ ਟ੍ਰੇਸੀ ਵਿਖੇ ਵੀ ਸ਼੍ਰੋਮਣੀ ਕਮੇਟੀ ਦਾ ਇੱਕ ਕੇਂਦਰ ਸਥਾਪਤ ਕੀਤਾ ਜਾਵੇਗਾ। ਇਸ ਕੇਂਦਰ ਵਿਖੇ ਅਮਰੀਕਾ, ਕੈਨੇਡਾ ਦੀ ਸੰਗਤ ਵੱਲੋਂ ਪੁੱਜਦੀ ਮੰਗ ਅਨੁਸਾਰ ਪਾਵਨ ਸਰੂਪ ਮੁਹੱਈਆ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਪ੍ਰੈੱਸ ਵੀ ਲਗਾਈ ਜਾਵੇਗੀ।

ਅੰਤ੍ਰਿੰਗ ਕਮੇਟੀ ਦੇ ਹੋਰ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਸੰਬੰਧਤ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਡਿਜ਼ੀਟਾਈਜ਼ ਕੀਤਾ ਜਾਵੇਗਾ ਅਤੇ ਇਸ ਲਾਇਬ੍ਰੇਰੀ ਦੀ ਇੱਕ ਵੱਖਰੀ ਵੈੱਬਸਾਈਟ ਤਿਆਰ ਕਰਕੇ ਉਸ 'ਤੇ ਅਹਿਮ ਪੁਸਤਕਾਂ ਦੇ ਸਿਰਲੇਖ ਅਤੇ ਤਤਕਰੇ ਨੂੰ ਪਾਇਆ ਜਾਵੇਗਾ। ਉਨ੍ਹਾ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸਿੱਖ ਇਤਿਹਾਸਕਾਰ ਸਵਰਨ

### ■ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਕੀਤਾ ਜਾਵੇਗਾ ਡਿਜੀਟਾਈਜ਼



ਸਿੰਘ ਚੂਸਲੇਵੜ ਦੇ ਕੌਮੀ ਯੋਗਦਾਨ ਨੂੰ ਵੇਖਦਿਆਂ ਦੋਵਾਂ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਅਨੁਸਾਰ ਨਾਭਾ ਦਿਵਸ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ 9 ਸਤੰਬਰ ਨੂੰ ਵਿਸ਼ੇਸ਼ ਸਮਾਗਮ ਦੇ ਨਾਲ-ਨਾਲ 'ਟਰੁੱਥ ਅਬਾਊਟ ਨਾਭਾ' ਪੁਸਤਕ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਵੀ ਛਾਪਿਆ ਜਾਵੇਗਾ। ਅੰਤ੍ਰਿੰਗ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ 4 ਫੀਸਦੀ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਰਕਾਰ ਦੀ ਨਾਮਜ਼ਦ ਹਰਿਆਣਾ ਗੁਰਦੁਆਰਾ ਕਮੇਟੀ (ਐਡਹਾਕ) ਦੇ ਅਹੁਦੇਦਾਰਾਂ ਵੱਲੋਂ ਬੀਤੇ ਦਿਨੀਂ ਗਾਲੀ-ਗਲੋਚ ਕਰਕੇ ਸਿੱਖ ਕੌਮ ਦਾ ਅਕਸ ਖਰਾਬ ਕਰਨ ਵਾਲੀ ਹਰਕਤ ਦੀ ਵੀ ਕਰੜੀ ਨਿੰਦਾ ਕੀਤੀ ਹੈ। ਧਾਮੀ ਨੇ ਦੱਸਿਆ ਕਿ ਪੰਜੋਖਰਾ ਸਾਹਿਬ 'ਚ ਬੀਤੇ ਦਿਨੀਂ ਹਰਿਆਣਾ ਕਮੇਟੀ ਦੀ ਇਕੱਤਰਤਾ ਦੌਰਾਨ ਅਹੁਦੇਦਾਰਾਂ ਵੱਲੋਂ ਇੱਕ-ਦੂਜੇ ਵਿਰੁੱਧ ਵਰਤੀ ਗਈ ਭੱਦੀ ਸ਼ਬਦਾਵਲੀ ਅਤੇ ਗਾਲੀ-ਗਲੋਚ ਨੇ ਵਿਸ਼ਵ ਭਰ 'ਚ ਵਸਦੀ ਸੰਗਤ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਇਸ ਹਰਕਤ ਨਾਲ ਸਿੱਧ ਹੋਇਆ ਹੈ ਕਿ ਹਰਿਆਣਾ ਸਰਕਾਰ ਦੇ ਇਹ ਅਹੁਦੇਦਾਰ ਗੁਰੂ ਘਰਾਂ ਦੇ ਪ੍ਰਬੰਧ ਸੁਚੱਜੇ ਤਰੀਕੇ ਨਾਲ ਚਲਾਉਣ ਵਿਚ ਅਸਫਲ ਰਹੇ ਹਨ। ਉਨ੍ਹਾ ਕਿਹਾ ਕਿ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ ਦੀ ਹਰਕਤ ਮੁਆਫੀਯੋਗ ਨਹੀਂ, ਜਿਸ ਕਰਕੇ ਇਨ੍ਹਾਂ ਨੂੰ ਗੁਰੂ ਘਰਾਂ ਦੀ ਸੇਵਾ-ਸੰਭਾਲ ਕਰਨ ਦਾ ਕੋਈ ਹੱਕ ਨਹੀਂ।

# ਅਮਿੱਟ ਯਾਦਾਂ ਛੱਡਦਾ ਪਿੰਡ ਭੁੰਬਲੀ 'ਚ ਸਾਲਾਨਾ ਦੋ ਰੋਜ਼ਾ ਛਿੰਞ ਮੇਲਾ ਸਮਾਪਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਇਥੋਂ ਨਜ਼ਦੀਕ ਪਿੰਡ ਭੁੰਬਲੀ ਵਿਖੇ ਬਾਬਾ ਚੱਠਾ ਜੀ ਯਾਦ ਵਿੱਚ ਸਾਲਾਨਾ ਦੋ ਰੋਜ਼ਾ ਛਿੰਞ ਮੇਲਾ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਮੇਲੇ ਦੌਰਾਨ ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੇਲੇ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਪ੍ਰਸਿੱਧ ਗਾਇਕ ਜੋੜੀ ਸਰਬਜੀਤ ਬੁੱਗਾ ਅਤੇ ਬੀਬਾ ਮਨਪ੍ਰੀਤ ਬੁੱਗਾ ਨੇ ਆਪਣੇ ਚਰਚਿੱਤ ਗੀਤਾਂ ਦੁਆਰਾ ਦਰਸ਼ਕਾਂ ਦਾ ਲੰਮਾ ਸਮਾਂ ਮਨੋਰੰਜਨ ਕੀਤਾ। ਪਹਿਲੇ ਦਿਨ ਕਬੱਡੀ ਮੁਕਾਬਲਿਆਂ ਦੌਰਾਨ ਬਾਬਾ ਪਾਲਾ ਸਿੰਘ ਕਬੱਡੀ ਕਲੱਬ ਲੋਹਗੜ੍ਹ ਟੀਮ ਨੇ ਬਾਬਾ ਚੱਠਾ ਕਬੱਡੀ ਕਲੱਬ ਟੀਮ ਭੁੰਬਲੀ ਨੂੰ 2 ਅੰਕਾਂ ਦੇ ਫਰਕ ਨਾਲ ਹਰਾਇਆ।

### ■ ਮੁੱਖ ਮਹਿਮਾਨ ਚੇਅਰਮੈਨ ਰਮਨ ਬਹਿਲ ਨੇ ਜੇਤੂਆਂ ਨੂੰ ਇਨਾਮਾਂ ਨਾਲ ਕੀਤਾ ਸਨਮਾਨਤ



ਬਜ਼ੁਰਗਾਂ ਦੀ ਕਬੱਡੀ ਟੀਮ ਭੁੰਬਲੀ ਅਤੇ ਬਜ਼ੁਰਗਾਂ ਦੀ ਕਬੱਡੀ ਟੀਮ ਨੰਗਲ ਝੌਰ ਦਰਮਿਆਨ ਹੋਏ ਆਕਰਸ਼ਕ ਤੇ ਫਸਵੇਂ ਮੈਚ ਵਿੱਚ ਭੁੰਬਲੀ ਦੀ ਟੀਮ 26-24 ਅੰਕਾਂ ਦੇ ਫਰਕ ਨਾਲ ਜੇਤੂ ਰਹੀ। ਇਸ ਤੋਂ ਇਲਾਵਾ ਭਲਵਾਨਾਂ ਦੀਆਂ ਕੁਸ਼ਤੀਆਂ ਕਰਵਾਈ ਗਈਆਂ। ਦੂਜੇ ਦਿਨ ਕਬੱਡੀ ਟੂਰਨਾਮੈਂਟ ਦੌਰਾਨ ਭਾਗੋਵਾਲ ਦੀ ਕਬੱਡੀ ਟੀਮ ਅਤੇ ਭੁੰਬਲੀ ਦੀ ਟੀਮ ਵਿੱਚ ਹੋਏ ਮੁਕਾਬਲੇ ਵਿੱਚੋਂ ਭਾਗੋਵਾਲ ਦੀ ਕਬੱਡੀ ਟੀਮ 4 ਅੰਕਾਂ ਨਾਲ ਜਿੱਤ ਹਾਸਲ ਕੀਤੀ। ਕਬੱਡੀ ਸ਼ੋਅ ਮੈਚ ਵਿੱਚ ਸੰਤ ਬਾਬਾ ਹਜਾਰਾ ਸਿੰਘ ਕਬੱਡੀ ਕਲੱਬ ਨੜ੍ਹਾਂਵਾਲੀ ਦੀ ਟੀਮ ਨੇ ਬਾਬਾ ਬੁੱਢਾ ਜੀ ਕਬੱਡੀ ਕਲੱਬ ਰਮਦਾਸ ਦੀ ਟੀਮ ਨੂੰ 37-25 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਕਬੱਡੀ ਟੂਰਨਾਮੈਂਟ ਦੌਰਾਨ ਕਮੈਂਟੇਟਰ ਪ੍ਰਕਾਸ਼ ਸਿੰਘ ਠੱਕਰਸੰਧੂ ਨੇ ਹੱਲਾਸ਼ੇਰੀ ਦੇ ਬੋਲਾਂ ਦੁਆਰਾ ਆਪਣੀ ਡਿਊਟੀ ਬਾਖੂਬੀ ਨਿਭਾਈ। ਮਿੰਨੀ ਮਾਲੀ ਦੀ ਕੁਸ਼ਤੀ ਬੀਏ ਭਾਗ ਪਹਿਲਾ ਵਿੱਚ ਪੜ੍ਹਦੇ ਵਿਦਿਆਰਥੀ ਪਹਿਲਵਾਨ ਸੁਰਿੰਦਰ ਸਿੰਘ ਘੁੰਮਣ ਕਲਾਂ ਨੇ ਰਾਹੁਲ ਨੂੰ ਢਾਹ ਕੇ ਜਿੱਤੀ। ਮਾਲੀ ਦੀ ਕੁਸ਼ਤੀ ਗੌਰਵ ਅਜਨਾਲਾ ਨੇ ਰੋਹਿਤ ਬੱਬੇਹਾਲੀ ਨੂੰ ਢਾਹ ਕੇ ਜਿੱਤੀ। ਪਹਿਲਵਾਨ ਬਿੱਟੂ ਉਦੋਕੇ ਨੇ ਜ਼ਮੀਨ ਤੇ ਲੰਮੇ ਪੈ ਕੇ ਬਾਹਾਂ ਨਾਲ 90 ਕਿਲੋ ਵੇਟ ਦੇ ਬਾਲੇ ਕੱਢੇ। ਮੁੱਖ ਮਹਿਮਾਨ ਬਹਿਲ ਅਤੇ ਪ੍ਰਬੰਧਕਾਂ ਨੇ ਜੇਤੂਆਂ ਖਿਡਾਰੀਆਂ ਅਤੇ ਭਲਵਾਨਾਂ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਮੁੱਖ ਮਹਿਮਾਨ ਦੁਆਰਾ ਗਾਇਕ ਜੋੜੀ ਅਤੇ ਇਲਾਕੇ ਦੀਆਂ ਮੁੱਖ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਚੇਅਰਮੈਨ ਬਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਇਤਿਹਾਸਕ ਛਿੰਞ ਮੇਲੇ ਸਾਨੂੰ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਲਈ ਯਤਨਸ਼ੀਲ ਹੈ ਜਿਸ ਤਹਿਤ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਜਾ ਰਹੀਆਂ ਹਨ। ਮੇਲਾ ਪ੍ਰਬੰਧਕ ਕਮੇਟੀ ਵਲੋਂ ਬਹਿਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੇਲਾ ਕਮੇਟੀ ਦੇ ਪ੍ਰਧਾਨ ਲਖਵਿੰਦਰ ਸਿੰਘ ਪਟਵਾਰੀ, ਪ੍ਰਤਾਪ ਸਿੰਘ ਤੇ ਹਰਪਾਲ ਸਿੰਘ ਖਜਾਨਚੀ, ਕਮਲਜੀਤ ਸਿੰਘ ਮੀਤ ਪ੍ਰਧਾਨ, ਸਲਵਿੰਦਰ ਸਿੰਘ, ਬਲਵਿੰਦਰ ਸਿੰਘ ਬਾਊ, ਮਨਜੀਤ ਸਿੰਘ ਸਲਾਹਕਾਰ, ਨੰਬਰਦਾਰ ਦੀਦਾਰ ਸਿੰਘ,ਪਰਮਜੀਤ ਸਿੰਘ ਪੰਮਾ, ਸੁਖਵੰਤ ਸਿੰਘ ਪ੍ਰੈਸ ਸਕੱਤਰ, ਯੋਧਬੀਰ ਸਿੰਘ, ਜੈਪਾਲ ਸਿੰਘ ਐੱਸਡੀਓ, ਅਮਨਿੰਦਰ ਸਿੰਘ, ਨਵਦੀਪ ਸਿੰਘ, ਜ਼ੋਰਾਵਰ ਸਿੰਘ, ਹਰਜੀਤ ਸਿੰਘ, ਗੁਰਪ੍ਰੀਤ ਸਿੰਘ, ਪਾਲ ਸਿੰਘ, ਸਾਬ ਸਿੰਘ, ਜੈਪਾਲ ਸਿੰਘ, ਲਖਵਿੰਦਰ ਸਿੰਘ, ਗੁਰਜਿੰਦਰ ਸਿੰਘ, ਰਜਿੰਦਰ ਸਿੰਘ, ਸਾਜਨ ਸਿੰਘ, ਹਰਮਨਿੰਦਰ ਸਿੰਘ ਆਦਿ ਪ੍ਰਬੰਧਕਾਂ ਸਮੇਤ ਸੁਰਜੀਤ ਸਿੰਘ ਪੱਡਾ, ਐਡਵੋਕੇਟ ਬਲਜੀਤ ਸਿੰਘ ਬੋਪਾਰਾਏ, ਐਡਵੋਕੇਟ ਸਿਮਰਪਾਲ ਸਿੰਘ, ਕੁਲਦੀਪ ਸਿੰਘ ਬੋਪਾਰਾਏ ਐਸਡੀਓ, ਰੇਂਜ ਅਫਸਰ ਲਖਵਿੰਦਰ ਸਿੰਘ, ਥਾਣਾ ਤਿੱਬੜ ਦੇ ਐੱਸਐੱਚਓ ਦਵਿੰਦਰ ਸਿੰਘ ਅਤੇ ਇਲਾਕੇ ਦੇ ਹੋਰ ਵੀ ਮੋਹਤਬਰ ਅਤੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਏ ਆਈ ਐੱਸ ਐੱਫ ਪੰਜਾਬ ...

ਵਿਰਾਸਤ ਨੂੰ ਅੱਗੇ ਵਧਾ ਰਹੀ ਹੈ। ਉਹਨਾ ਜਥੇਬੰਦੀ ਦੇ ਅਜਲਾਸ ਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਮੌਜੂਦਾ ਹਾਕਮ ਧਿਰ ਖਿਲਾਫ ਲੜਾਈ ਮਜ਼ਬੂਤ ਕਰਨ ਲਈ ਗਤੀਵਿਧੀਆਂ ਹੋਰ ਤੇਜ਼ ਕਰਨ ਲਈ ਕਿਹਾ। ਉਹਨਾ ਤੋਂ ਬਾਅਦ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਟਰੱਸਟੀ ਅਤੇ ਸੀਨੀਅਰ ਐਡਵੋਕੇਟ ਰਜਿੰਦਰ ਮੰਡ ਨੇ ਆਪਣੀਆਂ ਸ਼ੁਭਕਾਮਨਾਵਾਂ ਜਥੇਬੰਦੀ ਦੇ ਸਫਲ ਅਜਲਾਸ ਲਈ ਭੇਟ ਕੀਤੀਆਂ ਤੇ ਜਥੇਬੰਦੀ ਨੂੰ ਵਿੱਦਿਆ ਦੇ ਨਿੱਜੀਕਰਨ ਅਤੇ ਬੇਰੁਜ਼ਗਾਰੀ ਖਿਲਾਫ ਪਹਿਲਾਂ ਨਾਲੋਂ ਵੀ ਵਧੇਰੇ ਡਟਣ ਲਈ ਵੰਗਾਰਿਆ। ਅਜਲਾਸ ਨੂੰ ਵਿੱਕੀ ਮਹੇਸਰੀ ਕੌਮੀ ਜਨਰਲ ਸਕੱਤਰ ਏ ਆਈ ਐੱਸ ਐੱਫ ਨੇ ਸੰਬੋਧਨ ਕੀਤਾ। ਉਹਨਾ ਕਿਹਾ ਕਿ ਪੰਜਾਬ ਸੂਬਾ ਏ ਆਈ ਐੱਸ ਐੱਫ ਕੌਮੀ ਪੱਧਰ ਉੱਤੇ ਜੱਥੇਬੰਦੀ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਸਿਧਾਂਤਕ ਗਤੀਵਿਧੀਆਂ ਕਰਨ ਵਿੱਚ ਅਤੇ ਸੇਧ ਦੇਣ ਵਿੱਚ ਇਹ ਦੇਸ਼ ਭਰ ਵਿੱਚ ਆਗੂ ਭੂਮਿਕਾ ਨਿਭਾਉਂਦੀ ਹੈ, ਜੋ ਕਿ ਫਾਸ਼ੀਵਾਦ ਦੇ ਅਜੋਕੇ ਸਮੇਂ ਵਿੱਚ ਸਭ ਤੋਂ ਵੱਧ ਲੋੜੀਂਦੀ ਅਤੇ ਮਹੱਤਵਪੂਰਨ ਹੈ। ਸਾਬਕਾ ਪੰਜਾਬ ਪ੍ਰਧਾਨ ਡਾ. ਸੁਮੀਤ ਸ਼ੰਮੀ ਨੇ ਵੀ ਅਜਲਾਸ ਨੂੰ ਸੰਬੋਧਨ ਕੀਤਾ। ਉਹਨਾ ਵਿਦਿਆਰਥੀ ਲਹਿਰ ਵਿੱਚ ਏ ਆਈ ਐੱਸ ਐੱਫ ਦੀ ਮੌਜੂਦਾ ਭੂਮਿਕਾ ਨੂੰ ਸ਼ਾਨਦਾਰ ਦੱਸਿਆ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਜਥੇਬੰਦੀ ਦੇ ਸਾਬਕਾ ਕੌਮੀ ਆਗੂ ਕਸ਼ਮੀਰ ਸਿੰਘ ਗਦਾਈਆ ਨੇ ਅਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਨੂੰ ਆਪਣੀ ਆਗੂ ਭੂਮਿਕਾ ਨਿਭਾਉਂਦਿਆਂ ਸਮਾਜ ਵਿਚਲੀ ਹਰੇਕ ਕੁਰੀਤੀ ਦੂਰ ਕਰਨ ਲਈ ਲੜਾਈ ਲਈ ਮੈਦਾਨ ਵਿੱਚ ਨਿਰਣਾਇਕ ਭੂਮਿਕਾ ਨਿਭਾਉਣ ਲਈ ਨਿਤਰਨਾ ਚਾਹੀਦਾ ਹੈ। ਸੀਨੀਅਰ ਵਕੀਲ ਅਤੇ ਵਰਲਡ ਫੈਡਰੇਸ਼ਨ ਆਫ ਡੈਮੋਕਰੇਟਿਕ ਯੂਥ ਦੇ ਸਾਬਕਾ ਜਨਰਲ ਸਕੱਤਰ ਅਤੇ ਆਲ ਇੰਡੀਆ ਪੀਸ ਐਂਡ ਸੌਲੀਡੈਰਿਟੀ ਆਰਗੇਨਾਈਜ਼ੇਸ਼ਨ ਦੇ ਮੌਜੂਦਾ ਕੌਮੀ ਜਨਰਲ ਸਕੱਤਰ ਹਰਚੰਦ ਬਾਠ ਨੇ ਹਾਊਸ ਨੂੰ ਸੰਬੋਧਨ ਕੀਤਾ ਅਤੇ ਆਪਣੀਆਂ ਸ਼ੁਭਕਾਮਨਾਵਾਂ ਭੇਟ ਕਰਦਿਆਂ ਕਿਹਾ ਕਿ ਫਾਸ਼ੀਵਾਦ ਖਿਲਾਫ ਜਮਹੂਰੀ ਧਿਰਾਂ ਦੀ ਮਜ਼ਬੂਤੀ ਲਈ ਵਿਦਿਆਰਥੀਆਂ ਦਾ ਲਾਮਬੰਧ ਹੋਣਾ ਬਹੁਤ ਜ਼ਰੂਰੀ ਹੈ। ਸੀਨੀਅਰ ਪੱਤਰਕਾਰ ਅਤੇ ਜੱਥੇਬੰਦੀ ਦੇ ਸਾਬਕਾ ਆਗੂ ਬਲਵਿੰਦਰ ਜੰਮੂ ਨੇ ਕਿਹਾ ਕਿ ਕੌਮੀ ਸਿੱਖਿਆ ਨੀਤੀ ਵੱਲੋਂ ਜੋ ਤਬਾਹੀ ਮਚਾਈ ਜਾਣੀ ਹੈ, ਉਹਦਾ ਮੁਕਾਬਲਾ ਸਿਰਫ ਤੇ ਸਿਰਫ ਸਿਧਾਂਤਕ ਤੌਰ 'ਤੇ ਮਜ਼ਬੂਤ ਧਿਰਾਂ ਹੀ ਕਰ ਸਕਦੀਆਂ ਹਨ ਅਤੇ ਵਿਦਿਆਰਥੀ ਦੀ ਜਥੇਬੰਦੀ ਏ ਆਈ ਐੱਸ ਐੱਫ ਤੋਂ ਇੱਕ ਮਜ਼ਬੂਤ ਸਿਧਾਂਤਕ ਆਧਾਰ ਰੱਖਣ ਕਰਕੇ ਉਮੀਦਾਂ ਵਧ ਜਾਂਦੀਆਂ ਹਨ। ਸਾਬਕਾ ਆਗੂ ਅਤੇ ਸੇਵਾ-ਮੁਕਤ ਪ੍ਰੋਫੈਸਰ ਹਰਚਰਨ ਸਿੰਘ ਅਤੇ ਪ੍ਰੋਫੈਸਰ ਬਲਵੀਰ ਨੇ ਵੀ ਸੰਬੋਧਨ ਕੀਤਾ ਅਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਨੂੰਨ' (ਬਨੇਗਾ) ਅਤੇ 'ਲੋਕ ਵਿੱਦਿਆ ਨੀਤੀ' ਨੂੰ ਲੈ ਕੇ ਬਹੁਤ ਮਹੱਤਵਪੂਰਨ ਚਰਚਾ ਹੋਈ। ਸਾਰੇ ਆਗੂਆਂ ਨੇ ਇਹ ਗੱਲ ਪੂਰਾ ਜ਼ੋਰ ਦੇ ਕੇ ਆਖੀ ਕਿ ਸਮਾਜ ਦੀ ਬਿਹਤਰੀ ਲਈ 'ਬਨੇਗਾ' ਅਤੇ 'ਲੋਕ ਵਿੱਦਿਆ ਨੀਤੀ' ਹੁਣ ਅਣਸਰਦੀ ਲੋੜ ਹੈ। ਇਸ ਮੌਕੇ ਭਰਾਤਰੀ ਸੰਦੇਸ਼ ਦੇਣ ਲਈ ਐੱਸ ਐੱਫ ਆਈ ਤੋਂ ਅੰਮ੍ਰਿਤਪਾਲ, ਏ ਆਈ ਡੀ ਐੱਸ ਓ ਤੋਂ ਸ਼ੌਪਤਿਕ ਪਾਲ ਅਤੇ ਪੀ ਐੱਸ ਐੱਫ ਤੋਂ ਰਵਿੰਦਰ ਰਵੀ ਨੇ ਸ਼ਿਰਕਤ ਕੀਤੀ।

ਇਸ ਮੌਕੇ ਸਟੇਜ ਉੱਤੇ ਇਸਤਰੀ ਆਗੂ ਰੁਪਿੰਦਰ ਕੌਰ ਮਾੜੀਮੇਘਾ, ਸਾਬਕਾ ਆਗੂ ਕੁਲਦੀਪ ਭੋਲਾ, ਸਕੱਤਰ ਚਰਨਜੀਤ ਛਾਂਗਾਰਾਏ, ਏ. ਆਈ ਵਾਈ ਐੱਫ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਅਤੇ ਸੁਖਵਿੰਦਰ ਬਾਜਵਾ ਵੀ ਹਾਜ਼ਰ ਸਨ। ਅਖੀਰ ਵਿੱਚ ਜਥੇਬੰਦੀ ਦੇ ਸਾਬਕਾ ਆਗੂ ਸਾਥੀ ਜਗਰੂਪ ਨੇ ਵੀ ਅਜਲਾਸ ਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਦਾਰਸ਼ਨਿਕ ਸੇਧ ਵਿੱਚ ਗਤੀਵਿਧੀਆਂ ਕਰਨ ਅਤੇ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਨੂੰਨ ਬਨੇਗਾ ਦੀ ਲਹਿਰ ਨੂੰ ਮਜ਼ਬੂਤ ਕਰਨ ਲਈ ਕਿਹਾ। ਸੂਬਾ ਸਕੱਤਰ ਵੱਲੋਂ ਰਿਪੋਰਟ ਪੇਸ਼ ਕੀਤੀ ਗਈ। ਰਿਪੋਰਟ ਉੱਤੇ ਸਾਰੇ ਡੈਲੀਗੇਟਾਂ ਨੇ ਬਹਿਸ ਕੀਤੀ। ਇਸ ਰਿਪੋਰਟ ਵਿੱਚ ਸ਼ਾਮਲ ਤੱਥਾਂ ਉੱਤੇ ਬਹੁਤ ਬਾਰੀਕੀ ਨਾਲ ਵਿਚਾਰ ਕੀਤਾ ਗਿਆ ਅਤੇ ਦੂਜੇ ਦਿਨ ਸਕੱਤਰ ਦੇ ਜਵਾਬਾਂ ਤੋਂ ਬਾਅਦ ਇਹ ਰਿਪੋਰਟ ਵਾਧਿਆਂ ਸਮੇਤ ਅਜਲਾਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤੀ।

ਕਾਨਫਰੰਸ ਦੇ ਦੂਜੇ ਦਿਨ 'ਲੋਕ ਵਿੱਦਿਆ ਨੀਤੀ', ਲੜਕੀਆਂ ਦੀ ਵਿੱਦਿਆ, ਹੋਸਟਲਾਂ ਦੇ ਸੁਚੱਜੇ ਪ੍ਰਬੰਧ, ਫੀਸਾਂ ਦੇ ਵਾਧੇ ਖਿਲਾਫ, ਖੇਡ ਨੀਤੀ, ਵਿਦਿਆਰਥੀ ਚੋਣਾਂ ਆਦਿ ਬਾਰੇ ਮਤੇ ਕੀਤੇ ਗਏ। ਇਸ ਮੌਕੇ 45 ਮੈਂਬਰੀ ਨਵੀਂ ਸੂਬਾ ਕੌਂਸਲ ਅਤੇ 7 ਮੈਂਬਰੀ ਸਕੱਤਰੇਤ ਦੀ ਚੋਣ ਕੀਤੀ ਗਈ। ਸਕੱਤਰੇਤ ਵਿੱਚ ਪ੍ਰਿਤਪਾਲ, ਰਮਨ ਧਰਮੂਵਾਲਾ, ਨੀਤੂ, ਸੁਖਵਿੰਦਰ ਮਲੋਟ, ਸੰਜਨਾ ਢਾਬਾਂ, ਰਾਹੁਲ ਗਰਗ ਅਤੇ ਨਵਜੋਤ ਬਿਲਾਸਪੁਰ ਨੂੰ ਚੁਣਿਆ ਗਿਆ। ਏ ਆਈ ਐੱਸ ਐੱਫ ਦੇ ਸੂਬਾ ਸਕੱਤਰ (ਜਨਰਲ) ਦੀ ਜ਼ਿੰਮੇਵਾਰੀ ਲਈ ਪ੍ਰਿਤਪਾਲ ਅਤੇ ਸੂਬਾ ਪ੍ਰਧਾਨ ਲਈ ਰਮਨ ਧਰਮੂਵਾਲਾ ਨੂੰ ਚੁਣਿਆ ਗਿਆ। ਰਾਹੁਲ ਨੂੰ ਮੀਤ ਸਕੱਤਰ (ਮੀਡੀਆ ਅਤੇ ਪ੍ਰੈੱਸ), ਨੀਤੂ ਨੂੰ ਜਾਇੰਟ ਸਕੱਤਰ, ਨਵਜੋਤ ਬਿਲਾਸਪੁਰ ਅਤੇ ਸੁਖਵਿੰਦਰ ਮਲੋਟ ਨੂੰ ਮੀਤ ਪ੍ਰਧਾਨ ਅਤੇ ਸੰਜਨਾ ਢਾਬਾਂ ਨੂੰ ਖਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ।

ਅਖੀਰ ਵਿੱਚ ਸਾਬਕਾ ਕੌਮੀ ਪ੍ਰਧਾਨ ਪਰਮਜੀਤ ਢਾਬਾਂ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੇ ਮਸਲਿਆਂ ਲਈ ਕੰਮ ਕਰਨਾ ਇੱਕ ਮਾਣ ਵਾਲੀ ਗੱਲ ਹੁੰਦੀ ਹੈ। ਵਿਦਿਆਰਥੀ ਲਹਿਰ ਨਵੇਂ ਆਗੂ ਪੈਦਾ ਕਰਦੀ ਹੈ, ਜੋ ਅੱਗੇ ਜਾ ਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੰਦੇ ਹਨ। ਅੱਜ ਦੇ ਸਮੇਂ ਵਿੱਚ ਪੰਜਾਬ ਬੇਰੁਜ਼ਗਾਰੀ, ਨਸ਼ੇ ਅਤੇ ਸਿੱਖਿਆ ਦੇ ਦਿਨੋ-ਦਿਨ ਨਿੱਜੀਕਰਨ ਨਾਲ ਜੂਝ ਰਿਹਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਇੱਕ ਨਵੇਂ ਰਾਹ ਦੀ ਜ਼ਰੂਰਤ ਹੈ। ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ ਅਤੇ ਸਾਬਕਾ ਸੂਬਾ ਸਕੱਤਰ ਵਰਿੰਦਰ ਖੁਰਾਣਾ ਨੇ ਵਿਦਾਇਗੀ ਸ਼ਬਦ ਆਖਦਿਆਂ ਜਥੇਬੰਦੀ ਨੂੰ ਭਵਿੱਖ ਲਈ ਸ਼ਾਨਦਾਰ ਗਤੀਵਿਧੀਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਚੁਣੀ ਗਈ ਟੀਮ ਨੂੰ ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿੱਚ ਲਾਮਬੰਦ ਕਰਨਾ ਚਾਹੀਦਾ ਹੈ ਅਤੇ ਵਿਦਿਆਰਥੀ ਲਹਿਰ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਲਈ ਹਰ ਕਦਮ 'ਤੇ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ। ਅਜਲਾਸ ਦੌਰਾਨ ਸਾਰੇ ਸਾਬਕਾ ਆਗੂਆਂ ਦਾ ਸਨਮਾਨ ਜਥੇਬੰਦੀ ਦੇ ਝੰਡੇ, ਬੈਗ ਅਤੇ ਸਨਮਾਨ ਚਿੰਨ੍ਹ ਨਾਲ ਕੀਤਾ ਗਿਆ। ਅਜਲਾਸ ਦੀ ਸਮਾਪਤੀ ਝੰਡੇ ਨੂੰ ਉਤਾਰਨ ਦੀ ਰਸਮ ਨਾਲ ਹੋਈ, ਜਿਹਨੂੰ ਸਾਬਕਾ ਸੂਬਾ ਸਕੱਤਰ ਨੇ ਨਵੀਂ ਆਗੂ ਟੀਮ ਨੂੰ ਭੇਟ ਕੀਤਾ। ਇਹ ਕਾਨਫਰੰਸ ਵਿਦਿਆਰਥੀ ਲਹਿਰ ਨੂੰ ਮਜ਼ਬੂਤ ਕਰਨ ਦੀ ਰਣਨੀਤਕ ਵਿਚਾਰ-ਚਰਚਾ ਨਾਲ ਸਫਲਤਾਪੂਰਵਕ ਸੰਪੰਨ ਹੋਈ।



ਨਵੀਂ ਚੁਣੀ ਟੀਮ।

### ਸਿੱਖਿਆ ਵਿਭਾਗ 'ਚ...

ਜਾਵੇਗਾ। ਉਹਨਾ ਕਿਹਾ ਕਿ ਸੂਬੇ 'ਚ ਸਕੂਲਾਂ ਦੀ ਕਾਇਆ-ਕਲਪ ਕਰਨ ਲਈ ਪੰਜਾਬ ਭਰ ਦੇ ਸਕੂਲਾਂ ਦੇ 10 ਹਜ਼ਾਰ ਕਲਾਸਰੂਮਾਂ ਨੂੰ ਨਵੀਂ ਦਿੱਖ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ 'ਚ ਸਿੱਖਿਆ ਪ੍ਰਣਾਲੀ ਨੂੰ ਵਿਆਪਕ ਪੱਧਰ 'ਤੇ ਸੁਧਾਰਨ ਉਤੇ ਸਭ ਤੋਂ ਵੱਧ ਧਿਆਨ ਦੇ ਰਹੀ ਹੈ। ਪੰਜਾਬ ਦੇ ਇਤਿਹਾਸ 'ਚ ਪਹਿਲੀ ਦਫ਼ਾ ਸੂਬੇ ਭਰ ਦੇ ਸਰਕਾਰੀ ਸਕੂਲਾਂ 'ਚ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ। ਇਸ ਵਿਆਪਕ ਮਾਪੇ-ਅਧਿਆਪਕ ਮਿਲਣੀ 'ਚ 19 ਲੱਖ ਤੋਂ ਵੱਧ ਮਾਪਿਆਂ ਨੇ ਭਾਗ ਲਿਆ। ਅਧਿਆਪਕਾਂ ਨਾਲ ਭਾਵੁਕ ਸਾਂਝ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਅਧਿਆਪਕ ਦੀ ਸਮੱਸਿਆ ਹੱਲ ਕੀਤੀ ਜਾਵੇਗੀ, ਜਿਸ ਲਈ ਸੂਬਾ ਸਰਕਾਰ ਪਹਿਲਾਂ ਹੀ ਹਰ ਸੰਭਵ ਉਪਰਾਲੇ ਕਰ ਰਹੀ ਹੈ। ਅਧਿਆਪਕਾਂ ਨੂੰ ਦਰਪੇਸ਼ ਸਾਰੇ ਮਸਲੇ ਹੱਲ ਕਰਨ ਦਾ ਵਾਅਦਾ ਕਰਦਿਆਂ ਉਹਨਾ ਕਿਹਾ ਕਿ ਅਧਿਆਪਕ ਦਾ ਪੁੱਤ ਹੋਣ ਦੇ ਨਾਤੇ ਉਹ ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾ ਕਿਹਾ ਕਿ ਸੂਬੇ ਦਾ ਖਜ਼ਾਨਾ ਲੋਕਾਂ ਲਈ ਹੈ ਅਤੇ ਇਕ-ਇਕ ਪੈਸਾ ਲੋਕਾਂ ਦੀ ਭਲਾਈ ਲਈ ਖਰਚਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਵਾਸਤੇ ਆਹਲਾ ਦਰਜੇ ਦੇ ਅੱਠ ਸਿਖਲਾਈ ਕੇਂਦਰ ਖੋਲ੍ਹ ਰਹੀ ਹੈ। ਇਹ ਕੇਂਦਰ ਨੌਜਵਾਨਾਂ ਨੂੰ ਯੂ ਪੀ ਐੱਸ ਸੀ ਦੀ ਪ੍ਰੀਖਿਆ ਪਾਸ ਕਰਨ ਲਈ ਸਿਖਲਾਈ ਦੇਣਗੇ ਅਤੇ ਉਹ ਸੂਬੇ ਅਤੇ ਦੇਸ਼ ਵਿਚ ਵੱਕਾਰੀ ਅਹੁਦਿਆਂ ਉਤੇ ਸੇਵਾ ਨਿਭਾਉਣਗੇ। ਪਟਵਾਰੀਆਂ ਵੱਲੋਂ ਆਪਣੇ ਕੰਮ ਲਈ ਅੱਗੇ ਬੰਦੇ ਰੱਖਣ ਦੇ ਮੰਦਭਾਗੇ ਰੁਝਾਨ ਨੂੰ ਖਤਮ ਕਰਨ ਲਈ ਮੁੱਖ ਮੰਤਰੀ ਨੇ ਕਿਹਾ ਕਿ ਪਟਵਾਰੀਆਂ ਲਈ ਬਾਇਓਮੈਟ੍ਰਿਕ ਹਾਜ਼ਰੀ ਲਾਜ਼ਮੀ ਹੋਵੇਗੀ। ਇਸ ਕਦਮ ਨਾਲ ਪਟਵਾਰੀਆਂ ਵੱਲੋਂ ਆਪਣੇ ਡਿਊਟੀ ਪ੍ਰਭਾਵੀ ਢੰਗ ਨਾਲ ਨਿਭਾਏ ਜਾਣ ਨੂੰ ਯਕੀਨੀ ਬਣਾਇਆ ਜਾ ਸਕੇਗਾ, ਜਿਸ ਨਾਲ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਅਧਿਆਪਕ ਦਿਵਸ ਮੌਕੇ 80 ਅਧਿਆਪਕਾਂ ਨੂੰ ਸੂਬਾ ਪੱਧਰੀ ਐਵਾਰਡ ਨਾਲ ਸਨਮਾਨਤ ਕੀਤਾ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਅਤੇ ਹੋਰ ਸ਼ਖਸੀਅਤਾਂ ਦਾ ਸਵਾਗਤ ਕੀਤਾ।

### ਇੱਕ ਦਿਨਾ ਕ੍ਰਿਕਟ ..

ਰੋਹਿਤ ਸ਼ਰਮਾ (ਕਪਤਾ), ਸ਼ੁਭਮਨ ਗਿੱਲ, ਵਿਰਾਟ ਕੋਹਲੀ, ਸ਼੍ਰੇਅਸ ਅਈਅਰ, ਈਸ਼ਾਨ ਕਿਸ਼ਨ, ਕੇ ਐੱਲ ਰਾਹੁਲ, ਹਰਦਿਕ ਪੰਡਯਾ (ਉਪ ਕਪਤਾਨ), ਸੂਰਿਆ ਕੁਮਾਰ ਯਾਦਵ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਸ਼ਾਰਦੂਲ ਠਾਕੁਰ, ਜਸਪ੍ਰੀਤ ਬੁਮਰਾਹ, ਮੁਹੰਮਦ ਸ਼ਾਮੀ, ਮੁਹੰਮਦ ਸਿਰਾਜ, ਕੁਲਦੀਪ ਯਾਦਵ। ਸ੍ਰੀਲੰਕਾ 'ਚ ਇਸ ਸਮੇਂ ਚੱਲ ਰਹੇ ਏਸ਼ੀਆ ਕੱਪ ਲਈ ਭਾਰਤ ਦੀ ਜੋ 18 ਮੈਂਬਰਾਂ ਵਾਲੀ ਟੀਮ ਚੁਣੀ ਗਈ ਸੀ, ਉਸ 'ਚੋਂ 15 ਖਿਡਾਰੀ ਵਰਲਡ ਕੱਪ ਦੀ ਟੀਮ ਲਈ ਆਏ ਹਨ।

### ਐੱਸ ਐੱਚ ਓ ਦੀ...

ਢਿੱਲੋਂ ਵੱਲੋਂ ਮੰਗਲਵਾਰ ਇੱਕ ਵੀਡੀਓ ਜਾਰੀ ਕਰਕੇ ਵੱਡਾ ਐਲਾਨ ਕੀਤਾ ਹੈ। ਉਹਨਾ ਕਿਹਾ ਕਿ ਅੱਜ 18 ਦਿਨ ਬੀਤ ਜਾਣ ਦੇ ਬਾਵਜੂਦ ਦੋਸ਼ੀ ਫੜੇ ਨਹੀਂ ਗਏ, ਜੋ ਬਹੁਤ ਹੀ ਦੁੱਖ ਦੀ ਗੱਲ ਹੈ। ਉਹਨਾ ਕਿਹਾ ਕਿ ਅਸੀਂ 6 ਸਤੰਬਰ ਨੂੰ ਜਸ਼ਨਬੀਰ ਸਿੰਘ ਢਿੱਲੋਂ ਦੀ ਲਾਸ਼ ਜਲੰਧਰ ਲੈ ਕੇ ਆਵਾਂਗੇ। ਜੇਕਰ ਪੁਲਸ ਦੋਸ਼ੀਆਂ ਨੂੰ ਫਿਰ ਵੀ ਗ੍ਰਿਫਤਾਰ ਨਹੀਂ ਕਰਦੀ ਤਾਂ ਅਸੀ ਲਾਸ਼ ਚੰਡੀਗੜ੍ਹ ਲੈ ਕੇ ਜਾਵੇਂਗੇ ਅਤੇ ਵੱਡਾ ਐਕਸ਼ਨ ਕਰਾਂਗੇ। ਉਹਨਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਜਲਦ ਤੋਂ ਜਲਦ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ।

### 'ਇੰਡੀਆ' ਤੇ ...

ਅਨੁਸਾਰ ਬਦਲ ਸਕੇ। ਭਾਜਪਾ ਦੇ ਰਾਜ ਸਭਾ ਸਾਂਸਦ ਹਰਨਾਥ ਸਿੰਘ ਯਾਦਵ ਨੇ ਮੰਗ ਕੀਤੀ ਕਿ ਦੇਸ਼ ਦਾ ਨਾਂਅ ਇੰਡੀਆ ਤੋਂ ਬਦਲ ਕੇ ਭਾਰਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ 'ਇੰਡੀਆ' ਦੀ ਜਗ੍ਹਾ 'ਭਾਰਤ' ਸ਼ਬਦ ਦਾ ਇਸਤੇਮਾਲ ਕਰਨਾ ਚਾਹੀਦਾ ਹੈ। 'ਇੰਡੀਆ' ਸ਼ਬਦ ਅੰਗਰੇਜ਼ਾਂ ਵੱਲੋਂ ਦਿੱਤੀ ਗਈ ਇੱਕ ਗਾਲੀ ਹੈ, ਜਦਕਿ 'ਭਾਰਤ' ਸ਼ਬਦ ਸਾਡੀ ਸੰਸਕ੍ਰਿਤੀ ਦਾ ਪ੍ਰਤੀਕ। ਮੈਂ ਚਾਹੁੰਦਾ ਹਾਂ ਕਿ ਸਾਡੇ ਸੰਵਿਧਾਨ 'ਚ ਬਦਲਾਅ ਹੋਵੇ ਅਤੇ ਇਸ 'ਚ 'ਭਾਰਤ' ਸ਼ਬਦ ਜੋੜਿਆ ਜਾਵੇ। ਕੇਂਦਰੀ ਇਲੈਕਟ੍ਰਾਨਿਕਸ ਅਤੇ ਆਈ ਟੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਕਿਹਾ—ਉਨ੍ਹਾਂ ਨੂੰ ਹਰ ਚੀਜ਼ ਤੋਂ ਸਮੱਸਿਆ ਹੈ ਅਤੇ ਮੈਨੂੰ ਨਹੀਂ। ਮੈਂ 'ਭਾਰਤੀ' ਹਾਂ, ਮੇਰੇ ਦੇਸ਼ ਦਾ ਨਾਂਅ 'ਭਾਰਤ' ਸੀ ਅਤੇ ਹਮੇਸ਼ਾ 'ਭਾਰਤ' ਹੀ ਰਹੇਗਾ। ਜੇਕਰ ਕਾਂਗਰਸ ਨੂੰ ਇਸ ਤੋਂ ਕੋਈ ਪ੍ਰੇਸ਼ਾਨੀ ਹੈ ਤਾਂ ਉਨ੍ਹਾਂ ਨੂੰ ਇਸ ਦਾ ਇਲਾਜ ਖੁਦ ਹੀ ਲੱਭਣਾ ਚਾਹੀਦਾ ਹੈ।

# 300 ਬਿਸਤਰਿਆਂ ਵਾਲਾ ਕ੍ਰਿਟੀਕਲ ਕੇਅਰ ਯੂਨਿਟ ਬਣਾ ਰਹੇ ਹਾਂ : ਅੰਮ੍ਰਿਤਪਾਲ ਸਿੰਘ



**ਜਲੰਧਰ (ਸੁਰਿੰਦਰ ਕੁਮਾਰ)**-ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਹਦਾਇਤ ਕੀਤੀ ਹੈ ਕਿ ਸਿਵਲ ਸਰਜਨ ਦਫ਼ਤਰ ਨੂੰ ਜਲਦੀ ਤੋਂ ਜਲਦੀ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਹੋਸਟਲ ਵਿੱਚ ਤਬਦੀਲ ਕੀਤਾ ਜਾਵੇ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਉੱਨਤ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਸ ਤਹਿਤ ਸਥਾਨਕ ਸਿਵਲ ਹਸਪਤਾਲ ਵਿਖੇ ਕ੍ਰਿਟੀਕਲ ਕੇਅਰ ਯੂਨਿਟ ਸਥਾਪਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੂਨਿਟ ਵਿੱਚ ਮਰੀਜ਼ਾਂ ਲਈ 300 ਬੈੱਡਾਂ ਦਾ ਪ੍ਰਬੰਧ ਹੋਵੇਗਾ ਜਿੱਥੇ ਉਨ੍ਹਾਂ ਨੂੰ ਅਤਿ-ਆਧੁਨਿਕ ਸਿਹਤ ਸਹੂਲਤਾਂ ਮਿਲਣਗੀਆਂ। ਇਸ ਦੇ ਨਿਰਮਾਣ ਨਾਲ ਦੋਆਬੇ ਦੇ ਲੋਕਾਂ ਨੂੰ ਵੱਡਾ ਤੋਹਫਾ ਮਿਲੇਗਾ। ਇਸ ਯੂਨਿਟ ਦੇ ਨਿਰਮਾਣ ਲਈ ਸਿਵਲ ਸਰਜਨ ਦਫਤਰ ਨੂੰ ਇੱਥੋਂ ਕਿਸੇ ਹੋਰ ਥਾਂ ਤਬਦੀਲ ਕਰਨ ਦੀ ਲੋੜ ਹੈ। ਇਹ ਯਕੀਨੀ ਬਣਾਉਣ ਲਈ ਕਿ ਸਿਵਲ ਸਰਜਨ ਦਫਤਰ ਦਾ ਕੰਮਕਾਜ ਨਿਰੰਤਰ ਚੱਲਦਾ ਰਹੇ ਅਤੇ ਕ੍ਰਿਟੀਕਲ ਕੇਅਰ ਬਲਾਕ ਦੇ ਨਿਰਮਾਣ ਵਿੱਚ ਕੋਈ ਦਿੱਕਤ ਨਾ ਆਵੇ, ਯੋਜਨਾ ਬੋਰਡ ਦੇ ਚੇਅਰਮੈਨ ਵੱਲੋਂ ਇਸ ਬਲਾਕ ਨੂੰ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਹੋਸਟਲ ਵਿੱਚ ਤਬਦੀਲ ਕਰਨ ਲਈ ਕਿਹਾ ਗਿਆ ਹੈ, ਜਿਸ 'ਤੇ ਸਿਵਲ ਸਰਜਨ ਡਾ. ਸਰਜਨ ਨੇ ਵੀ ਸਹਿਮਤੀ ਪ੍ਰਗਟਾਈ ਹੈ। ਡੀ ਸੀ ਜਲੰਧਰ ਨੂੰ ਲਿਖੇ ਪੱਤਰ ਵਿੱਚ ਚੇਅਰਮੈਨ ਨੇ ਕਿਹਾ ਕਿ ਜਿਸ ਥਾਂ 'ਤੇ ਸਿਵਲ ਸਰਜਨ ਦਫਤਰ ਸਥਿਤ ਹੈ, ਉਥੇ ਸਰਕਾਰ ਵੱਲੋਂ ਕ੍ਰਿਟੀਕਲ ਕੇਅਰ ਬਲਾਕ ਬਣਾਇਆ ਜਾ ਰਿਹਾ ਹੈ, ਇਸ ਲਈ ਇਸ ਦਫਤਰ ਨੂੰ ਕਿਸੇ ਹੋਰ ਥਾਂ 'ਤੇ ਤਬਦੀਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਲੰਧਰ ਸਿਵਲ ਸਰਜਨ ਨੇ ਵੀ ਇਸ ਦਫਤਰ ਨੂੰ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਹੋਸਟਲ ਵਿੱਚ ਤਬਦੀਲ ਕਰਨ ਦੀ ਹਾਮੀ ਭਰੀ ਹੈ, ਇਸ ਲਈ ਇਸ ਦਫਤਰ ਨੂੰ ਜਲਦੀ ਹੀ ਉਕਤ ਸਥਾਨ 'ਤੇ ਤਬਦੀਲ ਕੀਤਾ ਜਾਵੇ ਤਾਂ ਜੋ ਕ੍ਰਿਟੀਕਲ ਕੇਅਰ ਬਲਾਕ ਦੇ ਨਿਰਮਾਣ ਵਿੱਚ ਕੋਈ ਦਿੱਕਤ ਨਾ ਆਵੇ

## ਐਂਬੂਲੈਂਸ ਨੇ ਸਾਈਕਲ ਸਵਾਰ ਨੂੰ ਦਰੜਿਆ, ਮੌਤ

**ਗੁਰਦਾਸਪੁਰ (ਜਨਕ ਮਹਾਜਨ/ਦਿਨੇਸ਼ ਕੁਮਾਰ)**

ਗੁਰਦਾਸਪੁਰ ਸ਼ਹਿਰ ਦੇ ਬਾਹਰਲੇ ਪਾਸੇ ਅੰਮ੍ਰਿਤਸਰ ਰੋਡ 'ਤੇ ਬੱਬਰੀ ਨਜ਼ਦੀਕ ਇਕ ਤੇਜ਼ ਰਫਤਾਰ ਐਂਬੂਲੈਂਸ ਵੱਲੋਂ ਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ ਗਈ, ਜਿਸ ਨਾਲ ਸਾਈਕਲ ਸਵਾਰ ਦੀ ਮੌਕੇ 'ਤੇ ਮੌਤ ਹੋ ਗਈ। ਏ ਐੱਸ ਆਈ ਸਤਵਿੰਦਰ ਮਸੀਹ ਨੇ ਦੱਸਿਆ ਕਿ ਹਾਦਸੇ ਸੰਬੰਧੀ ਜਾਣਕਾਰੀ ਮਿਲਣ 'ਤੇ ਉਹ ਮੌਕੇ 'ਤੇ ਪਹੁੰਚੇ ਤਾਂ ਦੇਖਿਆ ਕਿ ਇਕ ਐਂਬੂਲੈਂਸ ਅਤੇ ਸਾਈਕਲ ਸਵਾਰ ਵਿਚਕਾਰ ਇਹ ਹਾਦਸਾ ਵਾਪਰਿਆ, ਜਿਸ ਨਾਲ ਸਾਈਕਲ ਸਵਾਰ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਇਕੱਠੇ ਹੋਏ ਵਿਅਕਤੀਆਂ ਨੇ ਮ੍ਰਿਤਕ ਦੀ ਪਹਿਚਾਣ ਕੀਤੀ ਅਤੇ ਦੱਸਿਆ ਕਿ ਇਹ ਵਿਅਕਤੀ ਰਵੀਦਾਸ ਹੈ ਅਤੇ ਇਹ ਪਿੰਡ ਗੁਰਦਾਸ ਨੰਗਲ ਦਾ ਰਹਿਣ ਵਾਲਾ ਹੈ। ਉਨ੍ਹਾਂ ਦੱਸਿਆ ਕਿ ਉਹ ਸਬਜ਼ੀ ਵੇਚ ਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ ਤੇ ਗ਼ਰੀਬ ਪਰਵਾਰ ਨਾਲ ਸੰਬੰਧਤ ਹੈ। ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਜਦੋਂ 5.30 ਵਜੇ ਦੇ ਕਰੀਬ ਸ਼ਹਿਰ ਨੂੰ ਆ ਰਿਹਾ ਸੀ ਤਾਂ ਜਦੋਂ ਬੱਬਰੀ ਬਾਈਪਾਸ ਨਜ਼ਦੀਕ ਪਹੁੰਚਿਆ ਤਾਂ ਇਕ ਤੇਜ਼ ਰਫ਼ਤਾਰ ਐਂਬੂਲੈਂਸ ਨੇ ਉਸ ਨੂੰ ਆਪਣੀ ਲਪੇਟ ਵਿਚ ਲੈ ਲਿਆ। ਐਂਬੂਲੈਂਸ 50 ਫੁੱਟ ਦੇ ਕਰੀਬ ਸਾਈਕਲ ਸਵਾਰ ਨੂੰ ਘਸੀਟ ਕੇ ਅਗਾਂਹ ਲੈ ਗਈ। ਪੁਲਸ ਵੱਲੋਂ ਐਂਬੂਲੈਂਸ ਅਤੇ ਉਸ ਦੇ ਡਰਾਈਵਰ ਨੂੰ ਕਾਬੂ ਕਰ ਲਿਆ ਗਿਆ ਹੈ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਅਧਿਆਪਕ ਦਿਵਸ ਮਨਾਇਆ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਵਿਖੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਅਧਿਆਪਕ ਦਿਵਸ ਮਨਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਵੀ.ਕੇ. ਰਾਏ ਨੇ ਕਿਹਾ ਕਿ ਭਾਰਤ ਵਿੱਚ ਹਰ ਸਾਲ 5 ਸਤੰਬਰ ਨੂੰ ਰਾਸ਼ਟਰਹਿਤ ਵਿੱਚ ਬੇਹਤਰ ਯੋਗਦਾਨ ਦੇਣ ਤੇ ਅਧਿਆਪਕਾਂ ਦਾ ਧੰਨਵਾਦ ਕਰਨ ਲਈ ਇਹ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਭਾਰਤ ਦੇ ਮਹਾਨ ਅਧਿਆਪਕ ਡਾ. ਰਾਧਾਕ੍ਰਿਸ਼ਣਨ ਜੀ ਦੀ ਜਯੰਤੀ ਵੀ ਹੁੰਦੀ ਹੈ। ਇਸ ਮੌਕੇ ਬੀ.ਐਡ. ਅਤੇ ਡੀ.ਐਲ.ਐਡ. ਕੋਰਸ ਕਰ ਰਹੇ ਵਿਦਿਆਰਥੀ, ਜੋ ਅੱਗੇ ਜਾ ਕੇ ਖੁਦ ਅਧਿਆਪਕ ਬਣਨ ਜਾ ਰਹੇ ਹਨ, ਉਨ੍ਹਾਂ ਵਲੋਂ ਵੀ ਅਧਿਆਪਕ ਦਿਵਸ ਮੌਕੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਸਮੇਂ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।

## ਲਵਿੰਗ ਲਿਟਲ ਪਲੇਵੇ ਸਕੂਲ 'ਚ ਅਧਿਆਪਕ ਦਿਵਸ ਮਨਾਇਆ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨ ਦਾ ਜਨਮ ਦਿਨ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਵਿਖੇ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਇਸ ਮੌਕੇ ਪ੍ਰਭਾਵਸ਼ਾਲੀ ਸਮਾਗਮ ਕਰਾਇਆ ਗਿਆ। ਸਮਾਗਮ ਵਿੱਚ ਬੱਚਿਆਂ ਨੂੰ ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਬਾਰੇ ਜਾਣੂ ਕਰਾਇਆ ਗਿਆ। ਇਸ ਮੌਕੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਅਧਿਆਪਕਾਂ ਨਾਲ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਕੀਤਾ। ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਨੇ ਬੱਚਿਆਂ ਨੂੰ ਅਧਿਆਪਕ ਦਿਵਸ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕ ਬੱਚਿਆਂ ਵਿੱਚ ਨੈਤਿਕ ਗੁਣ ਭਰਨ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ ਤੇ ਬੱਚਿਆਂ ਦਾ ਭਵਿੱਖ ਬਣਾਉਂਦਾ ਹੈ, ਇਸ ਲਈ ਬੱਚਿਆਂ ਨੂੰ ਵੀ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਬੜਾ ਅਹਿਮ ਹੁੰਦਾ ਹੈ, ਪ੍ਰੰਤੂ ਸਮੇਂ ਦੇ ਨਾਲ ਨਾਲ ਸਾਡੇ ਰਿਸ਼ਤਿਆਂ ਵਿਚ ਤਬਦੀਲੀ ਆ ਰਹੀ ਹੈ। ਇਸ ਮੌਕੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਗੀਤ ਕਵਿਤਾਵਾਂ ਪੇਸ਼ ਕਰਕੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਮੌਕੇ 'ਤੇ ਮੈਡਮ ਅੰਨੂ, ਆਰਤੀ, ਪ੍ਰਿਅੰਕਾ ਆਦਿ ਨੇ ਬੱਚਿਆਂ ਨੂੰ ਟਾਫ਼ੀਆਂ ਅਤੇ ਚਾਕਲੇਟ ਵੰਡੇ।

### ਪਬਲਿਕ ਨੋਟਿਸ

ਬਾ ਅਦਾਲਤ-ਸ੍ਰੀ ਜੋਗਿੰਦਰ ਸਿੰਘ ਸਬ-ਰਜਿਸਟਰਾਰ, ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ।
ਵਿਸ਼ਾ-ਗੈਰ ਮੁਸਦਕਾ ਵਸੀਅਤ ਰਜਿਸਟਰਡ ਕਰਨ ਬਾਰੇ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਸਬੀਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਬੂੜੇਵਾਲ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨੇ ਇੱਕ ਦਰਖਾਸਤ ਮਿਤੀ 4.9.2023 ਨੂੰ ਗੈਰ ਮੁਸੱਦਕਾ ਵਸੀਅਤ ਰਜਿਸਟਰਡ ਕਰਵਾਉਣ ਬਾਬਤ ਦਿੱਤੀ ਹੈ ਕਿ ਉਸ ਦੇ ਪਿਤਾ ਸ: ਦਲਜੀਤ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਬੂੜੇਵਾਲ, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਨੇ ਆਪਣੀ ਜਾਇਦਾਦ ਮਨਕੂਲਾ ਵਾ ਗੈਰ ਮਨਕੂਲਾ ਦੀ ਵਸੀਅਤ ਗੈਰ ਮੁਸਦਕਾ ਮਿਤੀ 26.12.2022 ਨੂੰ ਆਪਣੇ ਪੁੱਤਰ ਜਸਬੀਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਬੂੜੇਵਾਲ, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਦੇ ਹੱਕ ਵਿੱਚ ਕੀਤੀ ਸੀ, ਪੇਸ਼ ਕੀਤੀ ਹੈ ਕਿ ਦਲਜੀਤ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਬੂੜੇਵਾਲ, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਦੀ ਮੌਤ ਮਿਤੀ 17.4.2023 ਨੂੰ ਹੋ ਚੁੱਕੀ ਹੈ। ਇਹ ਵਸੀਅਤ ਜ਼ੇਰ ਧਾਰਾ 40/41 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਮੇਰੀ ਅਦਾਲਤ ਵਿੱਚ ਇਸ਼ਤਿਹਾਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਹਸਬ ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 4.9.2023 ਨੂੰ ਮੇਰੇ ਦਸਤਖ਼ਤਾਂ ਅਤੇ ਮੋਹਰ ਅਦਾਲਤ ਅਧੀਨ ਜਾਰੀ ਕੀਤਾ ਗਿਆ ਹੈ।

ਸਬ-ਰਜਿਸਟਰਾਰ, ਸੁਲਤਾਨਪੁਰ ਲੋਧੀ।

ਨੰਬਰ : 96/ਆਰ ਸੀ/ਮਿਤੀ : 4.9.2023

### ਦਫਤਰ ਨਗਰ ਕੌਂਸਲ, ਕਰਤਾਰਪੁਰ, ਜ਼ਿਲ੍ਹਾ ਜਲੰਧਰ

**ਪਬਲਿਕ ਨੋਟਿਸ**

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਦਿਨੇਸ਼ ਕੁਮਾਰ ਗੁਪਤਾ ਵਾ ਸੀਮੀ ਗੁਪਤਾ ਵਾ ਰਿੰਪਲ ਗੁਪਤਾ ਪੁੱਤਰ/ਪੁੱਤਰੀਆਂ ਗਿਆਨ ਚੰਦ ਵਾਸੀਆਨ ਕਰਤਾਰਪੁਰ ਜ਼ਿਲ੍ਹਾ ਜਲੰਧਰ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ ਆਈ ਡੀ ਨੰਬਰ ਬੀ-05-0175 ਰਕਬਾ ਲੱਗਭੱਗ 5-1/2 ਮਰਲੇ (25×60) ਵਾਕਿਆ ਮੁਹੱਲਾ ਚੋਙੀਆਂ ਕਰਤਾਰਪੁਰ ਜਿਸ ਦੇ ਚੜ੍ਹਦੇ ਚਮਨ ਲਾਲ ਲਹਿੰਦੇ ਰਸਤਾ ਪਹਾੜ ਚਮਨ ਲਾਲ ਦੱਖਣ ਲਹਿੰਦੀ ਰਾਮ, ਉਹਨਾ ਦੀ ਮਾਤਾ ਸੁਦਰਸ਼ਨ ਗੁਪਤਾ ਪਤਨੀ ਗਿਆਨ ਚੰਦ ਗੁਪਤਾ ਵਾਸੀ ਮੁਹੱਲਾ ਚੋਙੀਆਂ ਕਰਤਾਰਪੁਰ ਦੀ ਮਾਲਕੀ ਹੈ। ਇਹ ਪ੍ਰਾਪਰਟੀ ਉਸ ਦੀ ਮਾਤਾ ਨੇ ਬੈਨਾਮਾ ਨੰਬਰ 1078 ਮਿਤੀ 30.12.1987 ਰਾਹੀਂ ਖਰੀਦ ਕੀਤੀ ਹੈ। ਬਿਨੈਕਾਰ ਨੇ ਆਪਣੀ ਮਾਤਾ ਸੁਦਰਸ਼ਨ ਗੁਪਤਾ ਅਤੇ ਪਿਤਾ ਗਿਆਨ ਚੰਦ ਗੁਪਤਾ ਦੀ ਮੌਤ ਦੇ ਸਰਟੀਫਿਕੇਟ ਨੱਥੀ ਕਰਕੇ ਉਕਤ ਪ੍ਰਾਪਰਟੀ ਘਰੇਲੂ ਵੰਡ ਕਾਰਨ ਉਹਨਾਂ ਦੇ ਭਰਾ ਦਿਨੇਸ਼ ਕੁਮਾਰ ਗੁਪਤਾ ਪੁੱਤਰ ਗਿਆਨ ਚੰਦ ਗੁਪਤਾ ਵਾਸੀ ਮੁਹੱਲਾ ਚੋਙੀਆਂ ਕਰਤਾਰਪੁਰ ਦੇ ਹਿੱਸੇ ਆ ਗਿਆ ਹੈ।

ਸ੍ਰੀ ਦਿਨੇਸ਼ ਕੁਮਾਰ ਗੁਪਤਾ ਪੁੱਤਰ ਗਿਆਨ ਚੰਦ ਗੁਪਤਾ ਵਾਸੀ ਮਕਾਨ ਨੰਬਰ 3562 ਵਾਸੀ ਮੁਹੱਲਾ ਚੋਙੀਆਂ ਕਰਤਾਰਪੁਰ ਨੇ ਹਲਫੀਆ ਬਿਆਨ ਦਿੱਤਾ ਹੈ ਕਿ ਦਿਨੇਸ਼ ਕੁਮਾਰ ਗੁਪਤਾ, ਸੀਮਾ ਗੁਪਤਾ ਅਤੇ ਰਿੰਪਲ ਗੁਪਤਾ ਤੋਂ ਇਲਾਵਾ ਇਸ ਪ੍ਰਾਪਰਟੀ ਦਾ ਹੋਰ ਕੋਈ ਵਾਰਸ ਨਹੀਂ ਹੈ। ਸੀਮਾ ਗੁਪਤਾ ਅਤੇ ਰਿੰਪਲ ਗੁਪਤਾ ਨੇ ਆਪਣੇ-ਆਪਣੇ ਹਲਫੀਆ ਬਿਆਨ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਉਹਨਾ ਦੇ ਭਰਾ ਦਿਨੇਸ਼ ਕੁਮਾਰ ਗੁਪਤਾ ਦੇ ਨਾਂਅ 'ਤੇ ਕਰ ਦਿੱਤੀ ਜਾਵੇ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਮੰਤਵ ਲਈ ਦਿਨੇਸ਼ ਕੁਮਾਰ ਗੁਪਤਾ ਪੁੱਤਰ ਗਿਆਨ ਚੰਦ ਗੁਪਤਾ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਕਾਰਜ ਸਾਧਕ ਅਫਸਰ, ਨਗਰ ਕੌਂਸਲ ਕਰਤਾਰਪੁਰ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਦੀ ਇਕੱਤਰਤਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)—ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਦਿੱਤੇ ਗਏ ਸੱਦੇ ਤਹਿਤ ਅੰਮ੍ਰਿਤਸਰ ਜ਼ਿਲੇ ਦੀਆਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਧਨਵੰਤ ਸਿੰਘ ਕਤਰਾਏ ਕਲਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ ਮੁਆਵਜ਼ਾ ਨਾ ਦੇਣ ਖਿਲਾਫ ਪੰਜਾਬ ਅਤੇ ਕੇਂਦਰ ਸਰਕਾਰ ਦੇ ਮੰਤਰੀਆਂ ਖਿਲਾਫ ਉਨ੍ਹਾਂ ਦੇ ਘਰਾਂ ਦੇ ਬਾਹਰ ਤਿੰਨ ਦਿਨਾਂ 11, 12, ਅਤੇ 13 ਸਤੰਬਰ ਨੂੰ ਜੋ ਧਰਨੇ ਲਾਉਣ ਦਾ ਫੈਸਲਾ ਕੀਤਾ ਹੈ ਉਸ ਸਬੰਧੀ ਅੰਮ੍ਰਿਤਸਰ ਜ਼ਿਲੇ ਅੰਦਰ 12 ਸਤੰਬਰ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਘਰ ਜਗਦੇਵ ਕਲਾਂ ਵਿਖੇ ਧਰਨਾ ਦੇਣ ਦਾ ਫੈਸਲਾ ਕੀਤਾ ਹੈ! ਉਥੇ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਨਾ ਦੇਣ ਦੀ ਜ਼ੋਰਦਾਰ ਨਿਖੇਧੀ ਕੀਤੀ। ਕੇਂਦਰ ਸਰਕਾਰ ਵੱਲੋਂ ਪੰਜਾਬ ਅੰਦਰ ਆਏ ਹੜ੍ਹਾਂ ਨੂੰ ਕੁਦਰਤੀ ਆਫਤ ਨਾ ਐਲਾਨ ਕੇ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਪੈਕੇਜ ਦਾ ਐਲਾਨ ਨਾ ਕਰਨ ਦੀ ਜ਼ੋਰਦਾਰ ਅਲੋਚਨਾ ਕੀਤੀ! ਮੀਟਿੰਗ ਅੰਦਰ ਜਮਹੂਰੀ ਕਿਸਾਨ ਸਭਾ ਵੱਲੋਂ ਰਤਨ ਸਿੰਘ ਰੰਧਾਵਾ, ਮੁਖਤਿਆਰ ਸਿੰਘ ਮੁਹਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਲਖਬੀਰ ਸਿੰਘ ਨਿਜ਼ਾਮਪੁਰ, ਬਲਦੇਵ ਸਿੰਘ ਵੇਰਕਾ, ਗੁਰਲਾਲ ਸਿੰਘ ਲਾਲੀ, ਪੰਜਾਬ ਕਿਸਾਨ ਯੂਨੀਅਨ ਦੇ ਬਲਬੀਰ ਸਿੰਘ ਝਾਮਕਾ, ਕੁੱਲ ਹਿੰਦ ਕਿਸਾਨ ਸਭਾ ਦੇ ਸਵਿੰਦਰ ਸਿੰਘ ਮੀਰਾਂ ਕੋਟ, ਕਿਸਾਨ ਸੰਘਰਸ਼ ਕਮੇਟੀ (ਅਜ਼ਾਦ) ਦੇ ਨਿਸ਼ਾਨ ਸਿੰਘ ਸਾਂਘਣਾ, ਸੁਖਵਿੰਦਰ ਸਿੰਘ, ਮੰਨੂ ਕਿਆਮਪੁਰ ਹਾਜ਼ਰ ਸਨ!

## ਸਾਡਾ ਹੱਕ ਫੈਡਰੇਸ਼ਨ ਪੰਜਾਬ ਵੱਲੋਂ ਖ਼ੂਨਦਾਨ ਕੈਂਪ ਅੱਜ

ਗੁਰਦਾਸਪੁਰ, (ਜਨਕ ਮਹਾਜਨ)— ਸਾਡਾ ਹੱਕ ਫੈਡਰੇਸ਼ਨ ਪੰਜਾਬ ਵਲੋਂ ਨਵਤੇਜ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ 6 ਸਤੰਬਰ ਨੂੰ ਡਿਲਾਈਟ ਹੋਟਲ ਬਰਿਆਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਖ਼ੂਨਦਾਨ ਕੈਂਪ ਵਿਚ ਮੁੱਖ ਮਹਿਮਾਨ ਵਜੋਂ ਇੰਦਰਪਾਲ ਸਿੰਘ ਬੈਂਸ ਯੂਥ ਪ੍ਰਧਾਨ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਗੁਰਦਾਸਪੁਰ ਪਹੁੰਚ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਮਾਜ ਸੇਵੀ ਨਵਜੋਤ ਸਿੰਘ ਸਿੱਧੂ ਵਾਸੀ ਚੰਦਰਭਾਨ ਨੇ ਦਿੱਤੀ।

ਇਸ ਮੌਕੇ ਉਨ੍ਹਾਂ ਨਾਲ ਤਰਸੇਮ ਸਿੰਘ ਚੰਦਰਭਾਨ ਸਰਪ੍ਰਸਤ ਸਾਡਾ ਹੱਕ ਫੈਡਰੇਸ਼ਨ ਪੰਜਾਬ ਸਟੇਟ ਐਵਾਰਡੀ, ਵਿਕਰਮਜੀਤ ਸਿੰਘ, ਜਰਨੈਲ ਸਿੰਘ, ਜੋਤ ਚੱਠਾ, ਰਵੀ ਗੁਰਦਾਸਪੁਰ, ਸ਼ੇਰਾ, ਜੱਗੂ ਦੁਬਈ, ਮਨਦੀਪ ਸਿੰਘ, ਡਾ. ਰਾਣਾ ਸਿੱਧੂ ਤੇ ਹੋਰ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਨੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ

## * ਲੋਕ ਪੱਖੀ ਸਮਾਜਿਕ ਤਬਦੀਲੀ ਲਈ ਤਰਕਸ਼ੀਲ ਸੋਚ ਜ਼ਰੂਰੀ

ਅੰਮ੍ਰਿਤਸਰ (ਜਸਬੀਰ ਪੱਟੀ)—ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਅਤੇ ਉਨ੍ਹਾਂ ਨੂੰ ਵਹਿਮਾਂ ਭਰਮਾਂ-ਅੰਧ ਵਿਸ਼ਵਾਸਾਂ ਤੋਂ ਮੁਕਤ ਕਰਨ ਦੇ ਮਕਸਦ ਵਜੋਂ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਦੁਨੀਆਂ ਦੇ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2 ਅਤੇ 3 ਸਤੰਬਰ ਨੂੰ ਸਮੁੱਚੇ ਪੰਜਾਬ ਦੇ ਸੈਂਕੜੇ ਸਕੂਲਾਂ ਵਿੱਚ ਕਰਵਾਈ ਗਈ ਜਿਸ ਵਿੱਚ ਉਨੱਤੀ ਹਜ਼ਾਰ ਦੇ ਲਗਭਗ ਵਿਦਿਆਰਥੀਆਂ ਨੇ ਭਾਗ ਲਿਆ। ਇਸਦੇ ਨਾਲ ਹੀ ਤਰਕਸ਼ੀਲ ਸੁਸਾਇਟੀ ਨੇ ਸੰਬੰਧਿਤ ਸਕੂਲਾਂ ਦੇ ਮੁਖੀਆਂ, ਅਧਿਆਪਕਾਂ, ਪ੍ਰਬੰਧਕਾਂ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਵਲੋਂ ਦਿੱਤੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਭਾਗ ਦੇ ਮੁਖੀ ਰਾਮ ਸਵਰਨ ਲੱਖੇਵਾਲੀ, ਮੀਡੀਆ ਵਿਭਾਗ ਦੇ ਮੁਖੀ ਸੁਮੀਤ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਮਿਡਲ ਅਤੇ ਸੈਕੰਡਰੀ ਗਰੁੱਪਾਂ ਲਈ ਸਮੁੱਚੇ ਪੰਜਾਬ ਵਿੱਚ ਕੁੱਲ 29002 ਵਿਦਿਆਰਥੀਆਂ ਨੇ ਭਾਗ ਲਿਆ ਜਿਸ ਲਈ ਵੱਖ-ਵੱਖ ਸਰਕਾਰੀ ਅਤੇ ਨਿੱਜੀ ਸਕੂਲਾਂ ਵਿਚ 444 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਸਨ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਲਈ ਤਰਕਸ਼ੀਲ ਸੁਸਾਇਟੀ ਵਲੋਂ ਮਿਡਲ ਅਤੇ ਸੈਕੰਡਰੀ ਗਰੁੱਪਾਂ ਲਈ ਦੋ ਵੱਖ-ਵੱਖ ਪੁਸਤਕਾਂ ਤਿਆਰ ਕੀਤੀਆਂ ਗਈਆਂ ਸਨ ਜੋ ਵਿਦਿਆਰਥੀਆਂ ਨੂੰ ਦੋ ਮਹੀਨੇ ਪਹਿਲਾਂ ਮੁਹੱਈਆ ਕਰਵਾ ਦਿੱਤੀਆਂ



ਗਈਆਂ ਸਨ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਅਗਲੇ ਮਹੀਨੇ ਐਲਾਨਿਆ ਜਾਵੇਗਾ ਅਤੇ ਸੂਬੇ, ਜ਼ੋਨ ਅਤੇ ਇਕਾਈ ਪੱਧਰ ਤੇ ਮੈਰਿਟ ਵਿਚ ਆਉਣ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ ਵੱਖ-ਵੱਖ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ, ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ।

ਇਸ ਮੌਕੇ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਬਰਨਾਲਾ ਜੋਨ ਦੇ ਮੁਖੀ ਮਾਸਟਰ ਪਰਮਵੇਦ ਸੰਗਰੂਰ ਅਤੇ ਪਟਿਆਲਾ ਜੋਨ ਦੇ ਮੁਖੀ ਅਕਸ਼ੇ ਕੁਮਾਰ ਦੀ ਅਗਵਾਈ ਹੇਠ ਪੰਜਾਬ ਵਿੱਚੋਂ ਇਨ੍ਹਾਂ ਦੋਵਾਂ ਜ਼ੋਨਾਂ ਵਿਚ ਸਭ ਤੋਂ ਵੱਧ ਕਰਮਵਾਰ 5479 ਅਤੇ 5050 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਇਸ ਪ੍ਰੀਖਿਆ ਨੂੰ ਸਮੁੱਚੇ ਪੰਜਾਬ ਵਿੱਚ ਪੂਰੇ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ 10 ਜੋਨਾਂ ਅਤੇ 60 ਇਕਾਈਆਂ ਦੇ ਆਗੂਆਂ, ਮੈਂਬਰਾਂ ਅਤੇ ਸਹਿਯੋਗੀ ਸਾਥੀਆਂ ਵਲੋਂ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਗਈ। ਇਸ ਪ੍ਰੀਖਿਆ ਸੰਬੰਧੀ ਵੱਖ-ਵੱਖ ਸਕੂਲਾਂ ਦੇ ਮੁਖੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ, ਜਨਮ ਟੇਵਿਆਂ, ਨਸ਼ਿਆਂ, ਫਿਰਕਾਪ੍ਰਸਤੀ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀਲ ਸੁਸਾਇਟੀ ਵਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਬੇਹੱਦ ਸ਼ਲਾਘਾਯੋਗ ਹੈ ਅਤੇ ਮੌਜੂਦਾ ਸਮਿਆਂ ਦੀ ਲੋੜ ਵੀ ਹੈ।

## ਅਧਿਆਪਕ ਦਿਵਸ ਮਨਾਇਆ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਵਿਖੇ ਅਧਿਆਪਕ ਦਿਵਸ ਪੂਰੇ ਜੋਸ਼ੋ- ਖਰੋਸ਼ ਨਾਲ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਅਤੇ ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਵਲੋਂ ਕੇਕ ਕੱਟ ਕੇ ਕੀਤੀ ਗਈ। ਹਰਜਿੰਦਰਪਾਲ ਕੌਰ ਕੰਗ ਨੇ ਅਧਿਆਪਕ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਧਿਆਪਕਾਂ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਨੂੰ ਸਿੱਖਿਆ ਦੇ ਕੇ ਸਮਾਜ ਵਿਚ ਚੰਗੇ ਇਨਸਾਨ ਬਣਾਉਣ ਵੱਲ ਜ਼ੋਰ ਦੇਣਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀਆਂ ਵਲੋਂ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਮੀਨੂ ਚੌਧਰੀ, ਅਨਮੋਲਦੀਪ ਕੌਰ, ਮੀਨਾਕਸ਼ੀ, ਸੁਖਮਨੀ ਗਿੱਲ, ਸੁਖਬੀਰ ਸਿੰਘ, ਪਰਬਲ ਕੌਰ, ਅਰਸ਼ਦੀਪ ਕੌਰ, ਸ਼ਿਵਾਨੀ, ਵਿਪਨ, ਮਨਦੀਪ ਕੌਰ, ਸਰਬਜੀਤ ਕੌਰ, ਰੁਪਿੰਦਰ ਕੌਰ, ਨਵਦੀਪ ਕੌਰ, ਸੰਦੀਪ ਕੌਰ, ਰਾਜਬੀਰ ਕੌਰ, ਨਵਦੀਪ ਕੌਰ, ਸੰਦੀਪ ਕੌਰ ਆਦਿ ਹਾਜ਼ਰ ਸਨ।

## ਨਾਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ ਕਰਾਉਣ ਲਈ ਧਰਨਾ ਸ਼ੁਰੂ



ਪਠਾਨਕੋਟ (ਦਵਿੰਦਰ ਸਿੰਘ)- ਗਰੀਬ ਪਰਿਵਾਰਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ, ਡਿਪੂ ਹੋਲਡਰਾਂ ਵਲੋਂ ਕਣਕ ਘੱਟ ਦੇਣ, ਬਿਨਾਂ ਕਿਸੇ ਕਾਰਨ ਕੁਝ ਮੈਂਬਰਾਂ ਦੇ ਨਾਮ ਰਾਸ਼ਨ ਕਾਰਡ 'ਚੋਂ ਕੱਟਣ ਅਤੇ ਲੋੜਵੰਦ ਗਰੀਬ ਲੋਕਾਂ ਦੇ ਨਵੇਂ ਰਾਸ਼ਨ ਕਾਰਡ ਬਣਵਾਉਣ ਵਿੱਚ ਪੰਜਾਬ ਸਰਕਾਰ ਅਤੇ ਫੂਡ ਤੇ ਸਿਵਲ ਸਪਲਾਈ ਦੇ ਅਧਿਕਾਰੀਆਂ ਵਲੋਂ ਡੰਗ ਟਪਾਊ ਦੀ ਢਿੱਲ-ਮੱਠ ਨੀਤੀ ਅਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦੇ ਖਿਲਾਫ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਹੇਠ 4 ਸਤੰਬਰ ਤੋਂ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਲਗਾਤਾਰ ਧਰਨਾ ਸ਼ੁਰੂ ਕਰ ਦਿੱਤਾ ਗਿਆ। ਉਪਰੋਕਤ ਮੰਗਾਂ/ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਗਰੀਬ ਲੋਕਾਂ ਨੂੰ ਪਰਿਵਾਰਾਂ ਸਮੇਤ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬਲਕਾਰ ਚੰਦ ਭਰਿਆਲ ਲਾਹੜੀ, ਦੇਵ ਰਾਜ ਸੁਜਾਨਪੁਰ, ਨਰੇਸ਼ ਕੁਮਾਰ, ਯਸ਼ਪਾਲ, ਸੋਹਨ ਲਾਲ, ਤਿਲਕ ਰਾਜ ਜਿਆਣੀ, ਅਸ਼ਵਨੀ ਕੁਮਾਰ, ਬੀਬੀ ਨਿਰਮਲਾ ਦੇਵੀ, ਗੁਲਜ਼ਾਰ ਮਸੀਹ, ਦਿਲਬਾਗ ਸਿੰਘ, ਜਗੀਰ ਸਿੰਘ, ਰਣਜੀਤ ਕੁਮਾਰ, ਮੋਹਨ ਲਾਲ, ਰੂਪ ਲਾਲ, ਸੋਮ ਨਾਥ ਖੋਜਕੀਚੱਕ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਨੈਸ਼ਨਲ ਸਟਾਇਲ ਕਬੱਡੀ 'ਚ ਸਰਕਾਰੀ ਮਿਡਲ ਸਕੂਲ ਸੁਨੱਈਆ ਅੱਵਲ



ਬਟਾਲਾ (ਡਾ. ਮਲਵਿੰਦਰ ਸਿੰਘ)-ਖੇਡਾਂ ਵਤਨ ਪੰਜਾਬ ਦੀਆਂ, ਸ਼ੀਜਨ-2 ਦੇ ਸਥਾਨਕ ਆਈਟੀਆਈ ਬਟਾਲਾ ਵਿਖੇ ਬਲਾਕ ਪੱਧਰੀ ਮੁਕਾਬਲੇ ਸਫਲਤਾਪੂਰਵਕ ਸੰਪੰਨ ਹੋਏ। ਜ਼ਿਲਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ 0 ਤੋਂ 14 ਸਾਲ ਲੜਕੇ (ਨੈਸ਼ਨਲ ਸਟਾਇਲ ਕਬੱਡੀ) ਵਿੱਚ ਪਹਿਲੇ ਸਥਾਨ 'ਤੇ ਸਰਕਾਰੀ ਮਿਡਲ ਸਕੂਲ ਸੁਨੱਈਆ ਅਤੇ ਦੂਜਾ ਸਥਾਨ ਮਾਤਾ ਸੁਲੱਖਣੀ ਕਲੱਬ ਬਟਾਲਾ ਨੇ ਹਾਸਿਲ ਕੀਤਾ। ਇਸੇ ਤਰ੍ਹਾਂ 0 ਤੋਂ 17 ਸਾਲ ਲੜਕੇ ਵਿੱਚ ਪਹਿਲੇ ਸਥਾਨ ਤੇ ਡਿਵਾਈਨ ਵਿੱਲ ਪਬਲਿਕ ਸਕੂਲ ਬਟਾਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਮਾਤਾ ਸੁਲੱਖਣੀ ਕਲੱਬ ਬਟਾਲਾ ਰਹੀ।

## ਸਕੂਲ 'ਚ ਪੇਰੈਂਟਸ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਨਿਗਰਾਨੀ ਹੇਠ ਪੇਰੈਂਟਸ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਸਕੂਲ ਦੇ ਅਧਿਆਪਕਾਂ ਦੁਆਰਾ ਬੱਚਿਆਂ ਦੇ ਮਾਤਾ ਪਿਤਾ ਨੂੰ ਸਕੂਲ ਵਿੱਚ ਹੋਣ ਜਾ ਰਹੀਆਂ ਪ੍ਰੀਖਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਦੁਆਰਾ ਮਾਪਿਆਂ ਨੂੰ ਦੱਸਿਆ ਗਿਆ ਕਿ ਵਿਦਿਆਰਥੀ ਪ੍ਰੀਖਿਆ ਦੀ ਤਿਆਰੀ ਪੂਰੇ ਧਿਆਨ ਨਾਲ ਕਰਨ ਅਤੇ ਤਿਆਰੀ ਲਈ ਵਿਦਿਆਰਥੀਆਂ ਦੁਆਰਾ ਟਾਈਮ ਟੇਬਲ ਬਣਾਇਆ ਜਾਵੇ ਜਿਸ ਅਨੁਸਾਰ ਵਿਦਿਆਰਥੀ ਸੈਲਫ ਸਟੱਡੀ ਕਰਨ। ਅਧਿਆਪਕਾਂ ਦੁਆਰਾ ਬੱਚਿਆਂ ਨੂੰ ਮੋਬਾਇਲ ਫੋਨ ਦੀ ਵਰਤੋਂ ਕਰਕੇ ਅਤੇ ਟੀ. ਵੀ. ਦੇਖਣ ਵਿੱਚ ਜ਼ਿਆਦਾ ਸਮਾਂ ਬਰਬਾਦ ਨਾ ਕਰਨ ਦੀ ਅਪੀਲ ਕੀਤੀ ਗਈ ਅਤੇ ਸਮੇਂ ਦਾ ਸਹੀ ਉਪਯੋਗ ਕਰਕੇ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਅਧਿਆਪਕ ਅਤੇ ਮਾਪਿਆਂ ਦੀ ਗੱਲਬਾਤ ਵਿੱਚ ਵਿਦਿਆਰਥੀਆਂ ਨੂੰ ਤਿਆਰੀ ਲਈ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਗਿਆ। ਅਧਿਆਪਕਾਂ ਵੱਲੋਂ ਮਾਪਿਆ ਨੂੰ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਦੀ ਤਿਆਰੀ ਲਈ ਲਗਾਈਆਂ ਜਾਣ ਵਾਲੀਆਂ ਸਪੈਸ਼ਲ ਕਲਾਸਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਪ੍ਰਿੰ. ਕਿਰਨ ਕੇਸਰ ਵੱਲੋਂ ਮਾਪਿਆ ਦਾ ਸਮੇਂ ਸਿਰ ਆਉਣ ਤੇ ਪੇਰੈਂਟਸ ਟੀਚਰ ਮੀਟਿੰਗ ਨੂੰ ਸਫਲ ਬਣਾਉਣ ਤੇ ਧੰਨਵਾਦ ਕੀਤਾ ਗਿਆ।

## ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ ਵੱਲੋਂ ਬਾਬਾ ਗੁਰਭੇਜ ਸਿੰਘ ਸਨਮਾਨਿਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਉੱਘੇ ਸਮਾਜ ਸੇਵਕ ਪ੍ਰਿੰ. ਬਚਿਤਰ ਸਿੰਘ ਤਰਸਕਾ



ਵੱਲੋਂ ਗੁਰਦੁਆਰਾ ਸ੍ਰੀ ਹੋਲਗੜ੍ਹ ਸਾਹਿਬ ਖਜਾਲਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਭੇਜ ਸਿੰਘ ਵੱਲੋਂ ਸਮਾਜਿਕ ਕੁਰੀਤੀਆਂ ਵਿਰੁੱਧ ਪਾਏ ਜਾ ਰਹੇ ਯੋਗਦਾਨ ਲਈ ਉਨ੍ਹਾਂ ਦਾ ਇੱਕ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਿੰ. ਬਚਿਤਰ ਸਿੰਘ ਨੇ ਕਿਹਾ ਕਿ ਭਾਰਤੀ ਸਮਾਜ ਵਿੱਚ ਇੰਨੀਆਂ ਜ਼ਿਆਦਾ ਕੁਰੀਤੀਆਂ ਸਨ, ਜਿਨ੍ਹਾਂ ਵਿੱਚ ਮਨੁੱਖੀ ਜੀਵਨ ਨਰਕਾਂ ਤੋਂ ਵੀ ਮਾੜਾ ਸੀ, ਲੋਕ ਜਾਤਾਂ-ਪਾਤਾਂ, ਅਮੀਰ ਗਰੀਬ, ਵਿੱਚ ਵੰਡੇ ਹੋਏ ਸਨ, ਹਰ ਪਾਸੇ ਲੁੱਟ-ਖਸੁੱਟ ਸੀ, ਔਰਤਾਂ ਨੂੰ ਕੋਈ ਅਧਿਕਾਰ ਨਹੀਂ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਹਰ ਪਾਸੇ ਫੈਲੀਆਂ ਤਾਂ ਸਮਾਜ ਵਿੱਚ ਕਦਰਾਂ-ਕੀਮਤ ਵਿੱਚ ਵਾਧਾ ਹੋਇਆ। ਉਨ੍ਹਾਂ ਬਾਬਾ ਗੁਰਭੇਜ ਸਿੰਘ ਦੀ ਪ੍ਰਸੰਸਾ ਕੀਤੀ ਕਿ ਉਨ੍ਹਾਂ ਵੱਲੋਂ ਸਮਾਜਿਕ ਬੁਰਾਈਆਂ ਦੇ ਵਿਰੁੱਧ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਬਾਬਾ ਗੁਰਭੇਜ ਸਿੰਘ ਨੂੰ ਦਸਤਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਸ਼ਮਸ਼ੇਰ ਸਿੰਘ, ਗਿਆਨੀ ਕੇਵਲ ਸਿੰਘ, ਬਾਬਾ ਬਲਜੀਤ ਸਿੰਘ, ਅਨਮੋਲਜੀਤ ਸਿੰਘ ਤਰਸਿੱਕਾ ਆਦਿ ਹਾਜ਼ਰ ਸਨ।

## ਜੀ ਐੱਨ ਡੀ ਯੂ ਦੀ ਮਨਪ੍ਰੀਤ ਕੌਰ ਨੇ ਜਿੱਤਿਆ ਸਰਬੋਤਮ ਪੇਪਰ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਅਕਾਦਮਿਕ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ, ਗੁਰੂ ਨਾਨਕ ਦੇਵ ਯੂਨੀਵਰਸਿ ਟੀ ਦੇ ਪੰਜਾਬ ਸਕੂਲ ਆਫ ਇਕਨਾਮਿਕਸ ਦੀ ਖੋਜ ਵਿਦਿਆਰਥੀ ਮਨਪ੍ਰੀਤ ਨੂੰ ਮਦਰਾਸ ਇੰਸਟੀਚਿਊਟ ਆਫ਼ ਡਿਵੈਲਪਮੈਂਟ ਸਟੱਡੀਜ਼, ਚੇਨਈ ਵੱਲੋਂ ਸਰਵੋਤਮ ਪੇਪਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਡਾ. ਸਵਾਤੀ ਮਹਿਤਾ ਦੀ ਅਗਵਾਈ ਹੇਠ ਪੀਐੱਚਡੀ ਕਰ ਰਹੀ ਇਸ ਖੋਜ ਵਿਦਿਆਰਥੀ ਮਨਪ੍ਰੀਤ ਕੌਰ ਨੂੰ ਇਹ ਐਵਾਰਡ ਉਸ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਮਦਰਾਸ ਇੰਸਟੀਚਿਊਟ ਆਫ਼ ਡਿਵੈਲਪਮੈਂਟ ਸਟੱਡੀਜ਼, ਚੇਨਈ ਦੁਆਰਾ ਆਯੋਜਿਤ ਤਿੰਨ ਦਿਨਾ ਡਾਕਟੋਰਲ ਕੋਲੋਕਿਅਮ ਵਿੱਚ ਪ੍ਰਦਾਨ ਕੀਤਾ ਗਿਆ। ਦੇਸ਼ ਭਰ ਦੀਆਂ ਉੱਘੀਆਂ ਸੰਸਥਾਵਾਂ ਜਿਵੇਂ ਕਿ ਆਈਆਈਟੀ, ਆਈਆਈਐੱਮ, ਐੱਮਐੱਸਈ ਚੇਨਈ, ਆਈਆਈਐੱਸਈਆਰ ਭੋਪਾਲ, ਆਈਐੱਸਈਸੀ ਬੰਗਲੌਰ, ਸੀਡੀਐੱਸ ਤ੍ਰਿਵੇਂਦਰਮ, ਦਿੱਲੀ ਯੂਨੀਵਰਸਿਟੀ, ਬੀਆਈਟੀਐੱਸ ਪਿਲਾਨੀ, ਐੱਨਆਈਐੱਸ ਬੈਂਗਲੁਰੂ, ਟੀਆਈਐੱਸਐੱਸ ਤੁਲਜਾਪੁਰ ਅਤੇ ਹੋਰ ਕੇਂਦਰੀ ਅਤੇ ਰਾਜ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਭਾਗ ਲਿਆ।

## 36ਵਾਂ ਸਾਲਾਨਾ ਜਾਗਰਨ, ਕਬੱਡੀ ਟੂਰਨਾਮੈਂਟ ਤੇ ਦੋ ਦਿਨਾ ਖ਼ੂਨਦਾਨ ਕੈਂਪ ਆਯੋਜਿਤ

ਕਲਾਨੌਰ, (ਮਨਦੀਪ ਕੁਮਾਰ)- ਮੰਦਰ ਮਾਤਾ ਰਾਣੀ ਕਿਲਾ ਨੱਥੂ ਸਿੰਘ ਵਿਖੇ ਮੇਲਾ ਕਮੇਟੀ ਵਲੋਂ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਸਮਾਗਮ ਆਯੋਜਿਤ ਕੀਤਾ ਗਿਆ।

ਮਾਤਾ ਰਾਣੀ ਮੰਦਰ 'ਚ 36ਵਾਂ ਸਾਲਾਨਾ ਜਾਗਰਨ, ਕਬੱਡੀ ਟੂਰਨਾਮੈਂਟ ਅਤੇ ਦੋ ਦਿਨਾ ਖ਼ੂਨਦਾਨ ਕੈਂਪ ਲਗਾਇਆ ਗਿਆ। ਕੋਰ ਕਮੇਟੀ ਮੈਂਬਰ ਪ੍ਰਧਾਨ ਸੁਖਵਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਥੈਲਾਸੀਮੀਆ ਨਾਲ ਪੀੜ੍ਹਤ ਬੱਚਿਆਂ ਅਤੇ ਬਲੱਡ ਬੈਂਕਾਂ 'ਚ ਖ਼ੂਨ ਦੀ ਘਾਟ ਦੇ ਮੱਦੇਨਜ਼ਰ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਅਤੇ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਵਲੋਂ ਲਗਾਏ ਗਏ ਖ਼ੂਨਦਾਨ ਕੈਂਪ 'ਚ 82 ਡੋਨਰਾਂ ਵਲੋਂ ਖ਼ੂਨਦਾਨ ਕੀਤਾ ਗਿਆ। ਜਾਗਰਨ ਦੌਰਾਨ ਵੱਖ-ਵੱਖ ਭਜਨ ਮੰਡਲੀਆਂ ਵਲੋਂ ਮਾਤਾ ਰਾਣੀ ਦੇ ਭਜਨਾਂ ਦਾ ਗੁਣਗਾਨ ਕੀਤਾ ਗਿਆ। ਇਲਾਕਾ ਨਿਵਾਸੀ ਸੰਗਤਾਂ ਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਆਯੋਜਿਤ ਮੇਲੇ 'ਚ ਦੂਰ ਦੁਰਾਡੇ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ

। ਸ਼ਾਮ ਨੂੰ ਗੁਰੂ ਨਾਨਕ ਕਬੱਡੀ ਕਲੱਬ ਬੋਹਲੀਆਂ ਅਤੇ ਸੰਤ ਬਾਬਾ ਹਜਾਰਾ ਸਿੰਘ ਅਕੈਡਮੀ ਨੜਾਂਵਾਲੀ ਦੀਆਂ ਟੀਮਾਂ ਦਰਮਿਆਨ ਫਸਵਾਂ ਮੁਕਾਬਲਾ ਹੋਇਆ। ਬੋਹਲੀਆਂ ਦੀ ਟੀਮ ਨੇ 38-34 ਅੰਕਾਂ ਨਾਲ ਨੜਾਂਵਾਲੀ ਦੀ ਕਬੱਡੀ ਟੀਮ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਲੰਗਰ ਵੀ ਲਗਾਏ ਗਏ।

ਇਸ ਮੌਕੇ ਠਾਕੁਰ ਜਗਦੀਸ਼ ਸਿੰਘ, ਬਿਕਰਮਜੀਤ ਸਿੰਘ, ਸੋਨੂੰ ਮੱਲ੍ਹੀ, ਰਾਕੇਸ਼ ਕੁਮਾਰ, ਕੁਲਵਿੰਦਰ ਡੋਲ, ਧਰਮਪਾਲ, ਦੀਪਕ ਅੱਤਰੀ, ਮਨੋਹਰਜੀਤ, ਰਣਧੀਰ ਸਿੰਘ, ਦਰਸ਼ਨ ਸਿੰਘ, ਗਗਨਦੀਪ ਸਿੰਘ, ਜੋਤੀ ਯੂ.ਕੇ., ਗੁਰਪ੍ਰੀਤ ਸਰਪੰਚ, ਦਿਲਬਾਗ ਸਿੰਘ, ਕ੍ਰਿਪਾਲ ਸਿੰਘ, ਅਜਮੇਰ ਸਿੰਘ, ਇੰਦਰਜੀਤ ਸਿੰਘ, ਪਲਵਿੰਦਰ ਸਿੰਘ ਮਾਹਲ, ਗੁਰਸਰਨਜੀਤ ਸਿੰਘ ਪੁਰੇਵਾਲ, ਸਤਨਾਮ ਸਿੰਘ ਬਖਸ਼ੀਵਾਲ, ਅਵਤਾਰ ਸਿੰਘ ਘੁੰਮਣ, ਹਰਦੀਪ ਸਿੰਘ ਕਾਹਲੋਂ, ਕੇ.ਪੀ. ਸਿੰਘ ਬਾਜਵਾ, ਸਤਨਾਮ ਸਿੰਘ ਵੀ ਹਾਜ਼ਰ ਰਹੇ।

## ਪੀ ਏ ਯੂ ਲੁਧਿਆਣਾ ਦੇ ਆਰ ਜੀ ਆਰ ਸੈੱਲ ਵੱਲੋਂ ਵਿਸ਼ੇਸ਼ ਉਪਰਾਲਾ



ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਪਿੰਡ ਕੋਟ ਮੁਹੰਮਦ ਖਾਂ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਆਰਜੀਆਰ ਸੈੱਲ ਵੱਲੋਂ ਬਲਜਿੰਦਰ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਿੰਡ ਵਿੱਚ ਕਿਸਾਨਾਂ ਦਾ ਵੱਡਾ ਇਕੱਠ ਕਰਕੇ ਫੀਲਡ-ਡੇ ਲਗਾਇਆ ਗਿਆ ਜਿਸ ਵਿੱਚ ਤਰਨਤਾਰਨ ਦੇ ਜ਼ਿਲ੍ਹਾ ਇੰਚਾਰਜ ਜੋਧਬੀਰ ਸਿੰਘ, ਬਲਾਕ ਅਫਸਰ ਸੁਖਵਿੰਦਰ ਸਿੰਘ ਅਤੇ ਫੀਲਡ ਅਫਸਰ ਗਗਨਦੀਪ ਸਿੰਘ ਅਤੇ ਉਨ੍ਹਾਂ ਦੇ ਨਾਲ ਕੁਲਬੀਰ ਸਿੰਘ ਕੋਟ, ਹਰਪ੍ਰੀਤ ਸਿੰਘ ਫੈਲੋਕੇ, ਦਲਜਿੰਦਰ ਸਿੰਘ ਚੋਹਲਾ ਸਾਹਿਬ ਆਦਿ ਮੌਜੂਦਾ ਸਨ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਫਸਰਾਂ ਨੇ ਇਕੱਤਰ ਕਿਸਾਨ ਭਰਾਵਾਂ ਨੂੰ ਖੇਤੀਬਾੜੀ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਖੇਤੀ ਸੰਬੰਧੀ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਬਾਰੇ ਜਾਗਰੂਕ ਕੀਤਾ ਅਤੇ ਉਨ੍ਹਾਂ ਕਿਸਾਨਾਂ ਦਾ ਸਾਥ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਖੇਤੀਬਾੜੀ ਅਫਸਰ ਨੇ ਝੋਨੇ ਦੀ ਸਿੱਧੀ ਬਿਜਾਈ ਵਾਲੇ ਡੈਮੋ ਪਲਾਟ ਦਾ ਜਾਇਜ਼ਾ ਲਿਆ ਅਤੇ ਕਿਸਾਨ ਭਰਾਵਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਤੇ ਪਰਾਲੀ ਨੂੰ ਅੱਗ ਲਗਾਉਣ ਤੋਂ ਬਿਨਾਂ ਕਣਕ ਦੀ ਬਿਜਾਈ ਕਰਨ ਲਈ ਜਾਗਰੂਕ ਕੀਤਾ ਤਾਂ ਜੋ ਆਪਣੇ ਪੰਜਾਬ ਦੇ ਪਾਣੀ ਦੀ ਦੁਰਵਰਤੋਂ ਨੂੰ ਬਚਾਇਆ ਜਾ ਸਕੇ ਅਤੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖ ਸਕੀਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਪਲਵਿੰਦਰ ਸਿੰਘ, ਸਰਪੰਚ ਗੁਰਨਾਮ ਸਿੰਘ, ਸਾਬ ਸਿੰਘ, ਦਲਜੀਤ ਸਿੰਘ ਆਦਿ ਪਿੰਡ ਦੇ ਮੋਹਤਬਰ ਸੱਜਣ ਹਾਜ਼ਰ ਸਨ।

## ਵਿਲੇਜ ਡਿਫੈਂਸ ਕਮੇਟੀਆਂ ਤੇ ਪੰਜਾਬ ਪੁਲਸ ਦੀਆਂ ਟੀਮਾਂ ਵਿਚਕਾਰ ਦੋਸਤਾਨਾ ਵਾਲੀਬਾਲ ਮੈਚ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੁਲਸ ਜ਼ਿਲਾ ਬਟਾਲਾ ਦੇ ਐੱਸਐੱਸਪੀ ਮੈਡਮ ਅਸ਼ਵਨੀ ਗੋਟਿਆਲ ਦੇ ਆਦੇਸ਼ਾਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਅਤੇ ਪੰਜਾਬ ਪੁਲਸ ਤੇ ਪਬਲਿਕ ਵਿਚਕਾਰ ਦੋਸਤੀ ਵਧਾਉਣ ਦੇ ਮੰਤਵ ਨਾਲ ਡੇਰਾ ਬਾਬਾ ਨਾਨਕ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਪਿੰਡਾਂ 'ਚ ਬਣਾਈਆਂ ਵਿਲੇਜ ਡਿਫੈਂਸ ਕਮੇਟੀਆਂ ਦੇ ਨੌਜਵਾਨਾਂ ਤੇ ਪੰਜਾਬ ਪੁਲਸ ਦੀਆਂ ਟੀਮਾਂ ਵਿੱਚਕਾਰ ਵਾਲੀਬਾਲ ਦਾ ਦੋਸਤਾਨਾ ਮੈਚ ਖੇਡਿਆ ਗਿਆ। ਇਸ ਮੌਕੇ ਪੰਜਾਬ ਪੁਲਸ ਵੱਲੋਂ ਡੀਐੱਸਪੀ ਮਨਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਅਤੇ ਪਬਲਿਕ ਵੱਲੋਂ ਜਗਪ੍ਰੀਤ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਵੱਲੋਂ ਬੜਾ ਹੀ ਦਿਲਚਸਪ ਤੇ ਫਸਵਾਂ ਮੈਚ ਖੇਡਿਆ ਗਿਆ। ਇਸ ਮੌਕੇ ਡੀਐੱਸਪੀ ਮਨਿੰਦਰ ਪਾਲ ਸਿੰਘ ਨੇ ਕਿਹਾ ਕਿ ਸਾਡੇ ਵੱਲੋਂ ਅਜਿਹੀਆਂ ਖੇਡਾਂ ਲਗਾਤਾਰ ਇੱਕ ਮਹੀਨੇ ਤੱਕ ਚੱਲਦੀਆ ਰਹਿਣਗੀਆਂ ਜਿਸ ਦਾ ਮੁੱਖ ਮੰਤਵ ਨੌਜਵਾਨਾਂ ਵਿੱਚ ਖੇਡਾਂ ਦੀ ਰੁਚੀ ਪੈਦਾ ਕਰਨਾ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ। ਇਸ ਮੌਕੇ ਚੇਅਰਮੈਨ ਬਾਬਾ ਸੁਖਦੀਪ ਸਿੰਘ ਬੇਦੀ, ਐੱਸਐੱਚਓ ਬਿਕਰਮ ਸਿੰਘ, ਰੀਡਰ ਕਮਲਜੀਤ ਸਿੰਘ, ਲਵਪ੍ਰੀਤ ਸਿੰਘ, ਰਾਜਨ ਕੁਮਾਰ, ਅਰਸ਼ਦੀਪ, ਰੀਡਰ ਗੁਰਪਾਲ ਸਿੰਘ, ਰੀਡਰ ਹਰਪਾਲ ਸਿੰਘ, ਰੀਡਰ ਪਲਵਿੰਦਰ ਸਿੰਘ, ਏਐੱਸਆਈ ਗੁਰਮੀਤ ਸਿੰਘ, ਹੌਲਦਾਰ ਸਰਬਜੀਤ ਸਿੰਘ, ਏਐੱਸਆਈ, ਗੁਰਮੀਤ ਸਿੰਘ, ਏਐੱਸਆਈ ਕਾਬਲ ਸਿੰਘ, ਏਐੱਸਆਈ ਲਖਬੀਰ ਸਿੰਘ, ਜਰਮਨਪ੍ਰੀਤ ਸਿੰਘ, ਮਨਪ੍ਰੀਤ ਸੁੰਘ, ਹਰਮਨਜੀਤ ਸਿੰਘ, ਗੁਰਨੂਰ ਸਿੰਘ, ਗਗਨਦੀਪ ਸਿੰਘ, ਨਵਪ੍ਰੀਤ ਸਿੰਘ, ਗੁਪੀਤ ਸਿੰਘ ਮੋਤੀ ਡੇਰਾ, ਬਿਕਰਮਜੀਤ ਸਿੰਘ, ਸੈਲੀ ਢਿੱਲੋਂ, ਕੋਮਲ ਸਿੰਘ, ਰਤਿੰਦਰ ਸਿੰਘ, ਚਰਨਜੀਤ ਸਿੰਘ, ਰਾਜੇਸ ਹਾਂਡਾ, ਮਾਸਟਰ ਪਲਵਿੰਦਰ ਸਿੰਘ, ਪ੍ਰਸ਼ੋਤਮ ਲਾਲ ਕਾਨੂੰਗੋ, ਡਾ: ਮਨਮੋਹਨ ਸਿੰਘ ਭੱਟੀ, ਡਾ: ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।

## ਪਹਿਲਾ ਰੰਗਲਾ ਪੰਜਾਬ ਟੂਰਿਜ਼ਮ ਸੰਮੇਲਨ 11 ਤੋਂ 13 ਤੱਕ : ਅਨਮੋਲ ਗਗਨ ਮਾਨ




ਅੰਮ੍ਰਿਤਸਰ,: (ਨਰਿੰਦਰਜੀਤ ਸਿੰਘ)—ਪੰਜਾਬ ਦੀ ਸੈਰ ਸਪਾਟਾ ਸਨਅਤ ਨੂੰ ਵੱਡਾ ਹੁਲਾਰਾ ਦੇਣ ਲਈ 11 ਤੋਂ 13 ਸਤੰਬਰ ਤੱਕ ਐਮਿਟੀ ਯੂਨੀਵਰਸਿਟੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਰੰਗਲਾ ਪੰਜਾਬ ਟੂਰਿਜ਼ਮ ਸੰਮੇਲਨ ਕਰਵਾਇਆ ਜਾਵੇਗਾ। ਇਹ ਐਲਾਨ ਅੰਮ੍ਰਿਤਸਰ ਦੇ ਸੈਰ ਸਪਾਟਾ ਸਨਅਤ ਨਾਲ ਸਬੰਧਤ ਕਾਰੋਬਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ ਪੰਜਾਬ ਮੈਡਮ ਅਨਮੋਲ ਗਗਨ ਮਾਨ ਨੇ ਕੀਤਾ। ਉਨ੍ਹਾਂ ਦੱਸਿਆ ਕਿ ਅੱਜ ਮੈਂ ਉਕਤ ਸੰਮੇਲਨ ਲਈ ਮਾਝੇ ਦੇ ਕਾਰੋਬਾਰੀਆਂ ਨੂੰ ਸੱਦਾ ਦੇਣ ਲਈ ਅੰਮ੍ਰਿਤਸਰ ਵਿਖੇ ਆਈ ਹਾਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਲੱਖਾਂ ਯਾਤਰੀ ਰੋਜ਼ਾਨਾ ਆਉਂਦੇ ਹਨ ਜੋ ਕਿ ਚੰਗੀ ਗੱਲ ਹੈ ਪਰ ਪੰਜਾਬ ਵਿੱਚ ਸਾਡੇ ਕੋਲ ਸੈਰ ਸਪਾਟਾ ਸਨਅਤ ਦੀਆਂ ਹੋਰ ਵੀ ਅਥਾਹ ਸੰਭਾਵਨਾਵਾਂ ਹਨ ਜਿਨ੍ਹਾਂ ਬਾਰੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਾਣਕਾਰੀ ਨਾਮਾਤਰ ਹੈ। ਉਨ੍ਹਾਂ ਕਿਹਾ ਕਿ ਮੇਰੇ ਵਿਭਾਗ ਦੀ ਕੋਸ਼ਿਸ਼ ਹੈ ਕਿ ਇਨ੍ਹਾਂ ਸਾਰੇ ਕੁਦਰਤੀ, ਇਤਿਹਾਸਕ ਅਤੇ ਸਭਿਆਚਾਰਕ ਸਥਾਨਾਂ ਨੂੰ ਜਨਤਾ ਦੇ ਸਾਹਮਣੇ ਲਿਆ ਕੇ ਪੰਜਾਬ ਵਿੱਚ ਸੈਰ ਸਪਾਟਾ ਸਨਅਤ ਨੂੰ ਉਤਸ਼ਾਹਤ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਲਈ ਵਿਭਾਗ ਉਕਤ ਸਾਰੀਆਂ ਥਾਂਵਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਵਿਕਸਤ ਕਰਨ ਲਈ ਕੰਮ ਕਰ ਰਿਹਾ ਹੈ ਜਿਸ ਵਿੱਚ ਤੁਹਾਡੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਅਮਿਤ ਤਲਵਾੜ, ਐਸਈ ਪੰਜਾਬ ਟੂਰਿਜ਼ਮ ਬੀ. ਐੱਸ. ਚਾਨਾ, ਜੀ. ਐਮ. ਇੰਡਸਟਰੀ ਇੰਦਰਜੀਤ ਸਿੰਘ ਟਾਂਡੀ ਅਤੇ ਹੋਰ ਵੀ ਹਾਜ਼ਰ ਸਨ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਇਕ ਵਿਅਕਤੀ ਨੂੰ ਚੋਰੀਸ਼ੁਦਾ ਬੁਲਟ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਏਐਸਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ ਤੇ ਜੀ.ਟੀ.ਰੋਡ ਨੇੜੇ ਅਬਰੋਲ ਹਸਪਤਾਲ ਬਟਾਲਾ ਰੋਡ ਗੁਰਦਾਸਪੁਰ ਵਿਖੇ ਨਾਕਾਬੰਦੀ ਕੀਤੀ ਹੋਈ ਸੀ ਕਿ ਇਕ ਵਿਅਕਤੀ ਅਜੇ ਕੁਮਾਰ ਪੁੱਤਰ ਕਿਸ਼ੋਰੀ ਲਾਲ ਵਾਸੀ ਬਾਬੋਵਾਲ ਥਾਣਾ ਸਦਰ ਗੁਰਦਾਸਪੁਰ ਨੂੰ ਰੋਕ ਕੇ ਜਾਂਚ ਪੜਤਾਲ ਕੀਤੀ ਤਾਂ ਉਸ ਕੋਲ ਮੌਜੂਦ ਬੁੱਲਟ ਮੋਟਰ ਸਾਇਕਲ ਚੋਰੀ ਦਾ ਨਿਕਲਿਆ।

ਉਨ੍ਹਾਂ ਦੱਸਿਆ ਕਿ ਅਜੇ ਕੁਮਾਰ ਨੂੰ ਕਾਬੂ ਕਰਕੇ ਉਸ ਖ਼ਿਲਾਫ਼ 379 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

## ਖੇਡਾਂ 'ਚ ਆਰ ਡੀ ਖੋਸਲਾ ਡੀ ਏ ਵੀ ਸਕੂਲ ਦਾ ਨਾਂਅ ਚਮਕਿਆ



ਬਟਾਲਾ (ਤਰਲੋਕ ਬੱਗਾ)—ਬਲਾਕ ਪੱਧਰੀ ਅਥਲੈਟਿਕਸ ਮੀਟ ਸ਼ਹਿਰ ਬਟਾਲਾ ਵਿੱਚ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਅੰਡਰ 14 ਅਤੇ ਅੰਡਰ 17 ਲੜਕੇ ਅਤੇ ਲੜਕੀਆਂ ਨੇ ਭਾਗ ਲਿਆ। ਇਹ ਮੁਕਾਬਲਾ 2 ਸਤੰਬਰ ਨੂੰ ਰਾਜੀਵ ਗਾਂਧੀ ਸਟੇਡੀਅਮ ਬਟਾਲਾ ਵਿਖੇ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਦੇ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਆਪਣੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ। ਅੰਡਰ 14 ਵਿੱਚ ਦਿਸ਼ਾਂਤ ਸਿੰਘ ਨੇ 60 ਮੀਟਰ ਦੌੜ ਵਿੱਚ ਦੂਜਾ, 600 ਮੀਟਰ ਦੌੜ ਵਿੱਚ ਪਹਿਲਾ , ਲੰਬੀ ਛਾਲ ਵਿੱਚ ਪਹਿਲਾ, ਗੁਰਕੀਰਤ ਸਿੰਘ ਨੇ ਸ਼ਾਟਪੁਟ ਵਿੱਚ ਤੀਜਾ, ਸਹਿਜਦੀਪ ਸਿੰਘ ਨੇ ਸ਼ਾਟਪੁਟ ਵਿੱਚ ਪਹਿਲਾ, ਮਨਰਾਜ ਸਿੰਘ ਨੇ 600 ਮੀਟਰ ਵਿੱਚ ਦੂਸਰਾ, ਲੰਬੀ ਛਾਲ ਵਿੱਚ ਹਿੰਮਤਬੀਰ ਸਿੰਘ ਨੇ ਤੀਸਰਾ, ਲੰਬੀ ਛਾਲ ਵਿੱਚ ਹਰਕੀਰਤ ਕੌਰ ਨੇ ਪਹਿਲਾ, ਅਵਨੀਤ ਕੌਰ ਲੰਬੀ ਛਾਲ ਵਿੱਚ ਦੂਸਰਾ, ਹਰਕੀਰਤ ਕੌਰ 60 ਮੀਟਰ ਵਿੱਚ ਦੂਸਰਾ, ਅਵਨੀਤ ਕੌਰ 60 ਮੀਟਰ ਵਿੱਚ ਤੀਸਰਾ, ਸੁਖਮਨਪ੍ਰੀਤ ਕੌਰ ਨੇ ਸ਼ਾਟਪੁਟ ਵਿੱਚ ਪਹਿਲਾ, ਹਰਮਨਪ੍ਰੀਤ ਕੌਰ ਨੇ ਸ਼ਾਟਪੁਟ ਵਿੱਚ ਤੀਸਰਾ ਅਤੇ ਅੰਡਰ 17 ਵਿੱਚ ਤਨਵੀਰ ਕੌਰ ਨੇ 100 ਮੀਟਰ ਵਿੱਚ ਤੀਸਰਾ, ਹਰਪ੍ਰੀਤ ਕੌਰ ਨੇ 400 ਮੀਟਰ ਵਿੱਚ ਦੂਜਾ, ਹਰਪ੍ਰੀਤ ਕੌਰ ਨੇ 200 ਮੀਟਰ ਵਿੱਚ ਤੀਸਰਾ, ਗੁਰਨੀਤ ਕੌਰ ਨੇ ਸ਼ਾਟਪੁਟ ਵਿੱਚ ਦੂਜਾ, ਗੁਰਰੂਪ ਕੌਰ ਨੇ 400 ਮੀਟਰ ਵਿੱਚ ਤੀਸਰਾ, ਦਾਨਿਸ਼ ਬਾਵਾ 1500 ਮੀਟਰ ਵਿੱਚ ਤੀਸਰਾ, ਮਨਰੀਤ ਕੌਰ ਨੇ 1500 ਮੀਟਰ ਵਿੱਚ ਤੀਸਰਾ, ਮਨਰੀਤ ਕੌਰ ਨੇ 3000 ਮੀਟਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰ. ਡਾ: ਬਿੰਦੂ ਭੱਲਾ ਨੇ ਆਪਣੇ ਕੋਚ ਤ੍ਰਿਲੋਕ, ਸ੍ਰੇਸ਼ਠਾ ਮੈਡਮ, ਮਨਜਿੰਦਰ, ਰਾਜਬੀਰ ਅਤੇ ਸ਼ੁਭਮ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਸ਼ਲਾਘਾਯੋਗ ਪ੍ਰਾਪਤੀ ਲਈ ਤਹਿ ਦਿਲੋਂ ਵਧਾਈ ਦਿੱਤੀ।

## ਜੰਡਿਆਲਾ ਹਲਕੇ ਦੇ ਲੋਕ ਸੁੱਖ-ਸਹੂਲਤਾਂ ਨੂੰ ਤਰਸੇ : ਡਾ. ਵੇਰਕਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਦੇ ਮੰਤਰੀ ਤੇ ਵਿਧਾਇਕ ਅਕਸਰ ਇਹ ਬਿਆਨ ਦਿੰਦੇ ਨਹੀਂ ਥੱਕਦੇ ਕਿ ਪੰਜਾਬ ਦੀਆਂ ਸੜਕਾਂ ਦੀ ਹਾਲਤ ਸੁਧਾਰਨ ਲਈ ਸਰਕਾਰ ਯਤਨਸ਼ੀਲ ਹੈ ਪਰ ਅਸਲ ਵਿਚ ਸੱਚਾਈ ਇਹ ਹੈ ਕਿ ਪੰਜਾਬ ਦੀਆਂ ਸੜਕਾਂ ਵਿਕਾਸ ਨੂੰ ਤਰਸ ਰਹੀਆਂ ਹਨ।

ਲੋਕ ਵਿਚਾਰੇ ਮੁਸ਼ਕਲਾਂ ਨਾਲ ਜੂਝ ਰਹੇ ਹਨ ਪਰ ਸਰਕਾਰੀ ਨੁਮਾਇੰਦੇ ਝੂਠੇ ਬਿਆਨ ਦੇ ਕੇ ਡੰਗ ਟਪਾ ਰਹੇ ਹਨ। ਇਹ ਪ੍ਰਗਟਾਵਾ ਜੰਡਿਆਲਾ ਹਲਕੇ ਦੇ ਸਾਬਕਾ ਵਿਧਾਇਕ ਅਤੇ ਹਲਕਾ ਇਚਾਰਜ ਜੰਡਿਆਲਾ ਗੁਰੂ ਭਾਜਪਾ ਡਾ. ਦਲਬੀਰ ਸਿੰਘ ਵੇਰਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਡਾ. ਵੇਰਕਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਘਟੀਆ ਕਾਰਗੁਜ਼ਾਰੀ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਲੋਕ ਆਪ ਨੂੰ ਮੂੰਹਤੋੜਵਾਂ ਜਵਾਬ ਦਿੰਦਿਆਂ 2024 ਵਿੱਚ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਸਰਕਾਰ ਬਣਾ ਕੇ ਦੋਬਾਰਾ ਸੁੱਖ ਸਹੂਲਤਾਂ ਦਾ ਆਨੰਦ ਮਾਣਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਪਾਲ ਸਿੰਘ ਮਹਿਤਾ ਚੌਕ, ਗੁਲਜਿੰਦਰ ਸਿੰਘ ਲਾਡੀ, ਸਾਬੀ ਸੋਹਲ, ਰਾਜਬੀਰ ਸਿੰਘ ਤੇ ਹੋਰ ਆਗੂ ਵੀ ਹਾਜ਼ਰ ਸਨ।

## ਤੇਜਬੀਰ ਸਿੰਘ ਖਾਲਸਾ ਦੇ ਉੱਦਮ ਸਦਕਾ ਅਕਾਲੀ ਦਲ (ਬ) ਦੀ ਇਕੱਤਰਤਾ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਦੀ ਵਾਰਡ ਨੰਬਰ 5 ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਭਾਈ ਤੇਜਬੀਰ ਸਿੰਘ ਖਾਲਸਾ ਦੇ ਉੱਦਮ ਸਦਕਾ ਆਗਾਮੀ ਹਰ ਤਰ੍ਹਾਂ ਦੀਆਂ ਚੋਣ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕਰਨ ਲਈ ਅਕਾਲੀ ਆਗੂ ਨਵਦੀਪ ਸਿੰਘ ਬੱਬੂ ਅਤੇ ਬੀਬੀ ਕੰਵਲਪ੍ਰੀਤ ਕੌਰ ਦੇ ਨਿਵਾਸ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਜੋਧ ਸਿੰਘ ਸਮਰਾ ਨੇ ਨੌਜਵਾਨ ਅਕਾਲੀ ਆਗੂ ਨਵਦੀਪ ਸਿੰਘ ਬੱਬੂ ਵੱਲੋਂ ਸਨਮਾਨਿਤ ਕੀਤੇ ਜਾਣ ਉਪਰੰਤ ਉਨ੍ਹਾਂ ਨੇ ਅਕਾਲੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲੀਆਂ ਇਲੈਕਸ਼ਨਾਂ 'ਚ ਪਾਰਟੀ ਦੇ ਕੀਤੇ ਕੰਮਾਂ ਦੇ ਆਧਾਰ 'ਤੇ ਲੋਕਾਂ ਨੂੰ ਘਰ ਘਰ ਜਾ ਕੇ ਲਾਮਬੰਦ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕ ਪੰਜਾਬ ਸਰਕਾਰ ਤੋਂ ਬਹੁਤ ਦੁਖੀ ਹੋ ਚੁੱਕੇ ਹਨ ਅਤੇ ਰੋਜ਼ ਹੀ ਪੰਜਾਬ ਦੇ ਨੌਜਵਾਨ ਨਸ਼ਿਆਂ ਨਾਲ ਮਰ ਰਹੇ ਹਨ। ਸਰਕਾਰ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੋ ਰਿਹਾ। ਇਸ ਮੌਕੇ ਅਜਨਾਲਾ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਭਾਈ ਜੋਰਾਵਰ ਸਿੰਘ, ਗੁਰਬੇਜ ਸਿੰਘ ਭੱਟੀ, ਸਵਰਨ ਸਿੰਘ, ਦਲਬੀਰ ਸਿੰਘ ਚੱਕ ਡੋਗਰਾਂ, ਹਰਜੀਤ ਸਿੰਘ, ਜਰਨੈਲ ਸਿੰਘ, ਸੁਖਦੇਵ ਸਿੰਘ ਅਤੇ ਬਲਕਾਰ ਸਿੰਘ ਹਾਜ਼ਰ ਸਨ।

## ਅਧਿਆਪਕਾ ਨੇ ਰੋਸ ਵਜੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਭੇਜੇ ਮੰਗ ਪੱਤਰ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਸੱਦੇ 'ਤੇ ਅਧਿਆਪਕ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਕਨਵੀਨਰਾਂ ਕੁਲਦੀਪ ਪੁਰੋਵਾਲ, ਸੋਮ ਸਿੰਘ, ਬਲਵਿੰਦਰ ਰਾਜ, ਅਨਿਲ ਕੁਮਾਰ, ਰਛਪਾਲ ਭੁੰਬਲੀ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ: ਹਿਮਾਂਸੂ ਅਗਰਵਾਲ ਰਾਹੀਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਨਾਮ ਮੰਗ ਪੱਤਰ ਭੇਜਿਆ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਐਸਮਾ ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੇ ਅੰਦੋਲਨ ਨੂੰ ਦਬਾਇਆ ਨਹੀਂ ਜਾ ਸਕਦਾ। ਆਗੂਆਂ ਨੇ ਕਿਹਾ ਕਿ ਸਰਕਾਰ ਵਲੋਂ ਅਧਿਆਪਕਾਂ ਦੀਆਂ ਮੰਗਾਂ ਮੰਨਣ ਤੋਂ ਲਗਾਤਾਰ ਟਾਲ਼ਾ ਵੱਟਿਆ ਜਾ ਰਿਹਾ ਹੈ। ਇਸ ਸਮੇਂ ਸਰਕਾਰ ਨੂੰ ਭੇਜੇ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਤੇ ਲਗਾਇਆ ਐਸਮਾ ਕਾਨੂੰਨ ਰੱਦ ਕੀਤਾ ਜਾਵੇ, ਕੌਮੀ ਸਿੱਖਿਆ ਨੀਤੀ 2020 ਤੇ ਅਮਲਬੰਦ ਕੀਤਾ ਜਾਵੇ ਅਤੇ ਪੰਜਾਬ ਦੀ ਸਿੱਖਿਆ ਨੀਤੀ ਦਾ ਖਰੜਾ ਜਾਰੀ ਕੀਤਾ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤਾ ਜਾਵੇ, ਕੱਚੇ ਅਧਿਆਪਕਾਂ ਨੂੰ ਪੂਰੇ ਗਰੇਡ ਤੇ ਰੈਗੂਲਰ ਕੀਤਾ ਜਾਵੇ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਖਾਲੀ ਅਸਾਮੀਆਂ ਰੈਗੂਲਰ ਗਰੇਡ ਤੇ ਭਰੀਆਂ ਜਾਣ, ਪ੍ਰਾਇਮਰੀ ਦੀਆਂ ਰੋਕੀਆਂ ਪਰਮੋਸ਼ਨਾਂ ਤੁਰੰਤ ਕੀਤੀਆਂ ਜਾਣ, ਸਾਲ ਵਿੱਚ ਦੋ ਵਾਰ ਸਾਰੇ ਵਰਗਾਂ ਦੀਆਂ ਪਰਮੋਸ਼ਨਾਂ ਕਰਨੀਆਂ ਯਕੀਨੀ ਬਣਾਈਆਂ ਜਾਣ, ਮਾਨਯੋਗ ਹਾਈ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ 15.01.2015 ਤੋਂ ਪਰਖ ਸਮੇਂ ਦੀ ਪੂਰੀ ਤਨਖਾਹ ਦਿੱਤੀ ਜਾਵੇ, ਸੋਧਣ ਦੇ ਨਾਂ ਤੇ ਬੰਦ ਕੀਤੇ ਸਾਰੇ ਭੱਤੇ ਬਹਾਲ ਕੀਤੇ ਜਾਣ, ਦਸੰਬਰ 2011 ਵਿੱਚ ਲਾਗੂ ਕੀਤੀ ਉਚੇਰੀ ਗਰੇਡ ਪੇਅ ਬਹਾਲ ਕੀਤੀ ਜਾਵੇ, 01 ਜਨਵਰੀ 2016 ਤੋਂ ਬਣਦੇ 125% ਮਹਿਂਗਾਈ ਭੱਤੇ ਤੇ ਛੇਵੇਂ ਤਨਖਾਹ ਕਮਿਸ਼ਨ ਵਲੋਂ ਸਿਫਾਰਸ ਕੀਤਾ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ, ਤਨਖਾਹ ਦੁਹਰਾਈ ਅਤੇ ਮਹਿਂਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਬਕਾਇਆ ਯਕਮੁਸਤ ਜਾਰੀ ਕੀਤਾ ਜਾਵੇ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕੀਤੇ ਜਾਣ, ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ ਦਾ ਪੱਤਰ ਜਾਰੀ ਕੀਤਾ ਜਾਵੇ, ਨਵੇਂ ਭਰਤੀ 4161 ਅਧਿਆਪਕਾਂ ਨੂੰ ਤਨਖਾਹ 9 ਮਈ ਤੋਂ ਦਿੱਤੀ ਜਾਵੇ, ਮਿਊਜ਼ਿਕ ਅਧਿਆਪਕਾਂ ਤੇ ਡੀ ਪੀ ਈ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ ਤੇ ਪੈਂਡਿੰਗ ਅਧਿਆਪਕਾਂ ਦੀਆਂ ਭਰਤੀਆਂ ਨੂੰ ਮੁਕੰਮਲ ਕੀਤਾ ਜਾਵੇ। ਇਸ ਸਮੇਂ ਮਨਜੀਤ ਸਿੰਘ, ਕੰਸ ਰਾਜ, ਮੰਗਲਦੀਪ, ਬਲਵਿੰਦਰ ਸਿੰਘ, ਸਤਨਾਮ ਸਿੰਘ ਹਾਜ਼ਰ ਸਨ।

## ਕਿਸਾਨ ਆਗੂ ਪ੍ਰੀਤਮ ਸਿੰਘ ਦੀ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਲਈ ਕਾਫਲਾ ਰਵਾਨਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨ ਆਗੂ ਪ੍ਰੀਤਮ ਸਿੰਘ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਤੇ ਸੂਬਾ ਆਗੂ ਸਤਨਾਮ ਸਿੰਘ ਮਾਣੋਚਾਹਲ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ ਹਰੀਕੇ ਪੱਤਣ ਤੋਂ ਸੈਂਕੜੇ ਬੀਬੀਆਂ, ਨੌਜਵਾਨ, ਕਿਸਾਨ, ਮਜ਼ਦੂਰ ਰਵਾਨਾ ਹੋਏ। ਕਾਫਲੇ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਬਲਜੀਤ ਸਿੰਘ ਝਬਾਲ, ਦਿਲਬਾਗ ਸਿੰਘ ਪਹੁਵਿੰਡ, ਹਰਦੀਪ ਸਿੰਘ ਜੌਹਲ, ਇਕਬਾਲ ਸਿੰਘ ਵੜਿੰਗ, ਪਾਖਰ ਸਿੰਘ ਲਾਲਪੁਰਾ, ਕੁਲਵੰਤ ਸਿੰਘ ਢੋਟੀਆਂ, ਮੁਖਤਾਰ ਸਿੰਘ ਬਿਹਾਰੀਪੁਰ, ਸੁਖਵਿੰਦਰ ਸਿੰਘ ਦੁੱਗਲਵਾਲਾ, ਸਲਵਿੰਦਰ ਸਿੰਘ ਡਾਲੇਕੇ, ਨਰਵੈਲ ਸਿੰਘ ਧੁੰਨ, ਕੁਲਵੰਤ ਸਿੰਘ ਭੈਲ, ਅਮਰੀਕ ਸਿੰਘ ਉਸਮਾ, ਸਵਰਨ ਸਿੰਘ ਹਰੀਕੇ, ਮੇਹਰ ਸਿੰਘ ਤਲਵੰਡੀ ਅਤੇ ਨਿਰੰਜਣ ਸਿੰਘ ਬਰਗਾੜੀ ਆਦਿ ਆਗੂ ਹਾਜ਼ਰ ਸਨ।

## ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਹਾਲਤ ਖਸਤਾ, ਰਾਹਗੀਰ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਮੁਕੇਰੀਆਂ ਸੜਕ ਦੀ ਹਾਲਤ ਭਾਰੀ ਬਰਸਾਤ ਨੇ ਖਸਤਾ ਕਰ ਦਿੱਤੀ ਹੈ ਅਤੇ ਡੂੰਘੇ-ਡੂੰਘੇ ਟੋਏ ਹੋਣ ਕਰਕੇ ਜਨਜੀਵਨ ਲੋਕਾਂ ਦਾ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਗੁਰਦਾਸਪੁਰ ਦੇ ਅੰਦਰ ਬ੍ਰਿਜ ਪੁਲ ਹੇਠਾਂ ਲਾਈਟਾਂ ਨਾ ਹੋਣ ਕਰਕੇ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਇਸ ਸਬੰਧੀ ਸਰਪੰਚ ਹਰਭਜਨ ਸਿੰਘ ਨਵਾਂ ਪਿੰਡ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੇ ਦੋ ਤਿੰਨ ਮਹੀਨੇ ਪਹਿਲਾਂ 18 ਲੱਖ ਰੁਪਏ ਦੀ ਲਾਗਤ ਨਾਲ ਸੜਕ ਦਾ ਪੈਚਵਰਕ ਕਰਵਾਇਆ ਸੀ ਅਤੇ ਭਾਰੀ ਬਰਸਾਤ ਕਾਰਨ ਇਹ ਸਾਰਾ ਪੈਚਵਰਕ ਉਖੜ ਗਿਆ ਹੈ ਅਤੇ ਸੜਕ ਦੀ ਹਾਲਤ ਫ਼ਿਰ ਮਾੜੀ ਹੋ ਚੁੱਕੀ ਹੈ।

ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਮਹਿਕਮੇ ਨੂੰ ਹਦਾਇਤਾਂ ਜਾਰੀ ਕਰਕੇ ਸੜਕ 'ਤੇ ਪੈਚ ਵਰਕ ਤੋਂ ਇਲਾਵਾ ਅੰਬਰਬ੍ਰਿਜ ਹੇਠਾਂ ਲਾਈਟਾਂ ਲਗਾਈਆਂ ਜਾਣ ਤਾਂ ਜੋ ਲੋਕਾਂ ਨੂੰ ਆ ਰਹੀ ਮੁਸ਼ਕਿਲ ਦੂਰ ਹੋ ਸਕੇ।

ਨਵਾਂ ਜ਼ਮਾਨਾ
ਬੁੱਧਵਾਰ, 6 ਸਤੰਬਰ 2023

# ਸੱਚ ਤੋਂ ਡਰਦੀ ਮਨੀਪੁਰ ਸਰਕਾਰ

*ਮਨੀਪੁਰ ਵਿੱਚ ਦੋ ਫਿਰਕਿਆਂ ਵਿੱਚ ਜਾਰੀ ਹਿੰਸਾ ਨੂੰ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ। ਸਾਰਾ ਦੇਸ਼ ਜਾਣਦਾ ਹੈ ਕਿ ਇਸ ਹਿੰਸਾ ਪਿੱਛੇ ਭਾਜਪਾ ਦੀ ਬੀਰੇਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਦਾ ਹੱਥ ਸੀ। ਇਸ ਸੱਚ ਨੂੰ ਜੋ ਵੀ ਉਜਾਗਰ ਕਰਦਾ ਹੈ, ਮਨੀਪੁਰ ਦਾ ਪ੍ਰਸ਼ਾਸਨ ਉਸ ਦੇ ਪਿੱਛੇ ਹੱਥ ਧੋ ਕੇ ਪੈ ਜਾਂਦਾ ਹੈ। ਹੁਣ ਮਨੀਪੁਰ ਸਰਕਾਰ ਨੇ ਚਾਰ ਨਾਮੀ ਪੱਤਰਕਾਰਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਇਹ ਪੱਤਰਕਾਰ ਹਨ ਐਡੀਟਰਜ਼ ਗਿਲਡ ਆਫ਼ ਇੰਡੀਆ ਦੀ ਪ੍ਰਧਾਨ ਸੀਮਾ ਮੁਸਤਫ਼ਾ, ਸੀਮਾ ਗੂਹਾ, ਭਾਰਤ ਭੂਸ਼ਣ ਤੇ ਸੰਜੇ ਕਪੂਰ। ਮੁੱਖ ਮੰਤਰੀ ਬੀਰੇਨ ਸਿੰਘ ਨੇ ਸੋਮਵਾਰ ਨੂੰ ਪ੍ਰੈੱਸ ਕਾਨਫ਼ਰੰਸ ਲਾ ਕੇ ਦੋਸ਼ ਲਾਇਆ ਸੀ ਕਿ ਇਨ੍ਹਾਂ ਪੱਤਰਕਾਰਾਂ ਨੇ ਮਨੀਪੁਰ ਵਿੱਚ ਜਾਤੀ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ।*

*ਅਸਲ ਗੱਲ ਇਹ ਹੈ ਕਿ ਇਹ ਪੱਤਰਕਾਰ ਐਡੀਟਰਜ਼ ਗਿਲਡ ਦੀ ਉਸ ਟੀਮ ਦਾ ਹਿੱਸਾ ਸਨ, ਜਿਸ ਨੇ 7 ਤੋਂ 10 ਅਗਸਤ ਤੱਕ ਮਨੀਪੁਰ ਦਾ ਦੌਰਾ ਕਰਕੇ ਬੀਤੇ ਸ਼ਨੀਵਾਰ ਨੂੰ ਉਥੋਂ ਦਾ ਸੱਚ ਉਜਾਗਰ ਕੀਤਾ ਸੀ। ਇਸ ਟੀਮ ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਰਾਜ ਸਰਕਾਰ ਨੂੰ ਜਾਤੀ ਹਿੰਸਾ ਦੌਰਾਨ ਨਿਰਪੱਖ ਹੋ ਕੇ ਹਿੰਸਾ ਰੋਕਣ ਦਾ ਕੰਮ ਕਰਨਾ ਚਾਹੀਦਾ ਸੀ, ਪ੍ਰੰਤੂ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਸਰਕਾਰ ਨੇ ਇੱਕ ਜਾਤੀ ਦਾ ਸਮਰਥਨ ਕਰਕੇ ਹਿੰਸਾ ਨੂੰ ਵਧਾਉਣ ਦਾ ਕੰਮ ਕੀਤਾ ਸੀ। ਰਾਜ ਸਰਕਾਰ ਨੇ ਬਿਨਾਂ ਕਿਸੇ ਸਬੂਤ ਦੇ ਆਦਿਵਾਸੀਆਂ ਦੇ ਕੁਝ ਵਰਗਾਂ ਨੂੰ ਨਜਾਇਜ਼ ਪ੍ਰਵਾਸੀ ਤੇ ਬਦੇਸ਼ੀ ਕਿਹਾ, ਜਦੋਂ ਕਿ 1901 ਤੋਂ 2011 ਤੱਕ ਦੀਆਂ ਜਨਸੰਖਿਆ ਜਨਗਣਨਾ ਦੱਸਦੀਆਂ ਹਨ ਕਿ ਇਨ੍ਹਾਂ ਜਨਜਾਤੀਆਂ ਦੀ ਅਬਾਦੀ ਵਿੱਚ ਕੋਈ ਵੀ ਆਮ ਨਾਲੋਂ ਵੱਖਰਾ ਵਾਧਾ ਨਹੀਂ ਹੋਇਆ।*

*ਰਿਪੋਰਟ ਵਿੱਚ ਸਥਾਨਕ ਮੀਡੀਆ ਵੱਲੋਂ ਸੁਰੱਖਿਆ ਬਲਾਂ, ਖਾਸਕਰ ਅਸਾਮ ਰਾਈਫਲਜ਼ ਵਿਰੁੱਧ ਮਨਘੜਤ ਖ਼ਬਰਾਂ ਛਾਪਣ ਦੀ ਵੀ ਅਲੋਚਨਾ ਕੀਤੀ ਗਈ ਹੈ। ਰਾਜ ਸਰਕਾਰ ਵਿਰੁੱਧ ਇਹ ਵੀ ਦੋਸ਼ ਲਾਇਆ ਹੈ ਕਿ ਉਸ ਨੇ ਮਨੀਪੁਰ ਪੁਲਸ ਨੂੰ ਅਸਾਮ ਰਾਈਫਲਜ਼ ਵਿਰੁੱਧ ਐੱਫ਼ ਆਈ ਆਰ ਦਰਜ ਕਰਨ ਦੀ ਮਨਜ਼ੂਰੀ ਦੇ ਕੇ ਸੁਰੱਖਿਆ ਬਲਾਂ ਦਾ ਅਪਮਾਨ ਕੀਤਾ ਹੈ।*

*ਰਿਪੋਰਟ ਵਿੱਚ ਇੰਟਰਨੈੱਟ ਨੂੰ ਬੰਦ ਰੱਖਣ ਬਾਰੇ ਕਿਹਾ ਹੈ ਕਿ ਇਸ ਨੇ ਪੱਤਰਕਾਰਾਂ ਲਈ ਸਹੀ-ਸਹੀ ਤੱਥਾਂ ਤੋਂ ਜਾਣੂੰ ਹੋਣ ਲਈ ਵੱਡੀ ਮੁਸ਼ਕਲ ਪੈਦਾ ਕੀਤੀ, ਜਿਸ ਨਾਲ ਅਫ਼ਵਾਹਾਂ ਫੈਲਣ ਨੂੰ ਬਲ ਮਿਲਿਆ ਸੀ।*

*ਇਸੇ ਦੌਰਾਨ ਪ੍ਰੈੱਸ ਕਲੱਬ ਆਫ਼ ਇੰਡੀਆ ਨੇ ਐਡੀਟਰਜ਼ ਗਿਲਡ ਦੀ ਪ੍ਰਧਾਨ ਸਮੇਤ 4 ਮੈਂਬਰਾਂ 'ਤੇ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਹੈ। ਕਲੱਬ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੁਲਸ ਨੇ ਕੇਸ ਦਰਜ ਕਰਨ ਲਈ ਜਿਸ ਧਾਰਾ 66-ਏ ਦੀ ਵਰਤੋਂ ਕੀਤੀ ਹੈ, ਸੁਪਰੀਮ ਕੋਰਟ ਉਸ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਸੁਪਰੀਮ ਕੋਰਟ ਨੇ ਕਈ ਮੌਕਿਆਂ ਉੱਤੇ ਨਿਰਦੇਸ਼ ਦਿੱਤੇ ਹਨ ਕਿ ਇਸ ਧਾਰਾ ਹੇਠ ਕਿਸੇ ਉਤੇ ਵੀ ਮੁਕੱਦਮਾ ਨਾ ਚਲਾਇਆ ਜਾਵੇ। ਕਲੱਬ ਨੇ ਕਿਹਾ ਕਿ ਐਡੀਟਰਜ਼ ਗਿਲਡ ਵੱਲੋਂ ਮਨੀਪੁਰ ਦੀ ਜ਼ਮੀਨੀ ਸਚਾਈ ਨੂੰ ਸਾਹਮਣੇ ਲਿਆਉਣ ਲਈ ਆਪਣੀ ਜਾਂਚ ਟੀਮ ਭੇਜ ਕੇ ਸ਼ਲਾਘਾਯੋਗ ਕੰਮ ਕੀਤਾ ਹੈ।*

*ਸੱਚ ਨੂੰ ਛੁਪਾਉਣ ਲਈ ਮਨੀਪੁਰ ਦੀ ਰਾਜ ਸਰਕਾਰ ਦੀ ਇਹ ਕਾਰਵਾਈ ਮੀਡੀਆ ਨੂੰ ਡਰਾਉਣ-ਧਮਕਾਉਣ ਦੀ ਯੋਜਨਾ ਦਾ ਹਿੱਸਾ ਹੈ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਅਜਿਹੇ ਸਮੇਂ ਜਦੋਂ ਹਿੰਸਾ ਨਾਲ ਸੜ ਰਹੇ ਮਨੀਪੁਰ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ, ਰਾਜ ਸਰਕਾਰ ਦੇ ਅਜਿਹੇ ਕਦਮ ਮਾਮਲੇ ਨੂੰ ਹੋਰ ਵਿਗਾੜਨਗੇ। ਕਲੱਬ ਸਰਕਾਰ ਦੀ ਇਸ ਕਾਰਵਾਈ ਨੂੰ ਸਚਾਈ ਨੂੰ ਦਬਾਉਣ ਲਈ ਜਾਣਬੁੱਝ ਕੇ ਕੀਤੇ ਗਏ ਜਤਨ ਵਜੋਂ ਦੇਖਦੀ ਹੈ।*

## ਪਾਠਕ-ਸੱਥ

### ਸਰਪੰਚ ਬਣਨ ਲਈ ਧਮਕੀਆਂ ਨਹੀਂ, ਨਿਮਰਤਾ ਵਰਤੋ

ਪੰਜਾਬ ਵਿੱਚ ਕੁਝ ਸਮੇਂ ਨੂੰ ਪੰਚਾਇਤੀ ਚੋਣਾਂ ਹਨ। ਇਨ੍ਹਾਂ ਚੋਣਾਂ ਵਿੱਚ ਬਹੁਤ ਉਮੀਦਵਾਰ ਨਿਮਰ ਤੇ ਸੂਝਵਾਨ ਵੀ ਖੜ੍ਹੇ ਹੋਣਗੇ। ਬਹੁਤ ਉਮੀਦਵਾਰ ਹੰਕਾਰੀ, ਰੁੱਖੇ ਸੁਭਾਅ ਦੇ ਹੋਣਗੇ। ਕੁਝ ਨੂੰ ਇਹ ਵੀ ਭਰਮ ਹੋਵੇਗਾ ਕਿ ਚੋਣ ਅਸੀਂ ਸਿਰਫ ਪੈਸੇ ਅਤੇ ਧਮਕੀਆਂ ਨਾਲ ਜਿੱਤ ਲਵਾਂਗੇ। ਹੰਕਾਰੀ ਸੁਭਾਅ ਦੇ ਉਮੀਦਵਾਰ ਅਜਿਹੇ ਲੋਕਾਂ ਨੂੰ ਧਮਕੀਆਂ ਦੇ ਜਾਂਦੇ ਹਨ ਜੋ ਚੋਣ ਬੇਸ਼ੱਕ ਨਹੀਂ ਲੜਦੇ ਪਰ ਇੱਜ਼ਤ ਉਨ੍ਹਾਂ ਦੀ ਇੱਕ ਸਰਪੰਚ ਨਾਲੋਂ ਵੀ ਵੱਧ ਹੁੰਦੀ ਹੈ , ਕਿਉਂਕਿ ਉਨ੍ਹਾਂ ਨੇ ਅਹੁਦਿਆਂ ਦੀ ਭੁੱਖ ਛੱਡ ਕੰਮ ਕਰਦੇ ਰਹਿਣਾ ਹੁੰਦਾ ਹੈ। ਪਰ ਇਸ ਸਮੇਂ ਲੋਕ ਸਿਆਣੇ ਹਨ। ਜਦੋਂ ਕੋਈ ਕਿਸੇ ਨੂੰ ਧਮਕੀ ਦੇਵੇਗਾ ਤਾਂ ਗੁੱਝੇ ਲੋਕ ਵੀ ਸਰੇਆਮ ਵਿਰੋਧੀ ਨਾਲ ਤੁਰਨਗੇ। ਜਿਸ ਨੂੰ ਜਿਹੜਾ ਉਮੀਦਵਾਰ ਚੰਗਾ ਲਗਦਾ ਉਹ ਉਸ ਨਾਲ ਖੜ੍ਹਦਾ ਹੈ। ਜਦੋਂ ਬੰਦਾ ਧਮਕੀਆਂ 'ਤੇ ਉਤਰ ਆਉਂਦਾ ਤਾਂ ਲੋਕ ਇਹ ਸਮਝ ਲੈਂਦੇ ਹਨ ਕਿ ਉਸ ਨੇ ਹਾਰ ਸਵੀਕਾਰ ਕਰ ਲਈ ਹੈ। ਜਦੋਂ ਕੋਈ ਨਿਮਰਤਾ ਸੰਗ ਕਿਸੇ ਕੋਲ ਜਾਵੇਗਾ ਤਾਂ ਮਨਮੁਟਾਵ ਵਾਲੇ ਲੋਕ ਵੀ ਨਾਲ ਤੁਰ ਪੈਂਦੇ ਹਨ। ਮਾਇਨੇ ਸਿਰਫ ਜਿੱਤ ਹਾਰ ਦੇ ਵੀ ਨਹੀਂ ਹੁੰਦੇ, ਕਈ ਵਾਰ ਯੋਗ ਹਾਰ ਜਾਂਦੇ ਹਨ ਅਯੋਗ ਜਿੱਤ ਜਾਂਦੇ ਹਨ। ਬਾਜ਼ੀਆਂ ਰਾਤੋ ਰਾਤ ਪਲਟ ਜਾਂਦੀਆਂ ਹਨ। ਪਰ ਫਿਰ ਵੀ ਬਹੁ ਗਿਣਤੀ ਨਿਮਰਤਾ ਰੱਖਣ ਵਾਲਿਆਂ ਦੀ ਜਿੱਤ ਹੁੰਦੀ ਹੈ। ਹੁਣ ਉਹ ਵਕਤ ਨਹੀਂ ਕਿ ਤੁਸੀਂ ਕਿਸੇ ਨੂੰ ਧਮਕੀਆਂ ਨਾਲ ਡਰਾ ਲਵੋਗੇ ਅਤੇ ਪੈਸੇ ਨਾਲ ਖਰੀਦ ਲਵੋਗੇ। ਜਿਸ ਨੇ ਜਿਥੇ ਖੜ੍ਹਨਾ ਉਹ ਖੜ੍ਹੇਗਾ। ਕਿਸੇ ਨੂੰ ਧਮਕੀਆਂ ਦੇ ਕੇ ਜਾ ਖਰੀਦਣ ਦੀ ਕੋਸ਼ਿਸ਼ ਕਰਨਾ ਪਿੰਡ ਦੇ ਭਾਈਚਾਰੇ ਨੂੰ ਤੋੜਨਾ ਹੈ। ਹਰ ਕੋਈ ਚੋਣ ਆਪਣੇ ਦਮ 'ਤੇ ਲੜਦਾ ਹੈ ਉਹ ਚਾਹੇ ਗਰੀਬ ਹੈ ਚਾਹੇ ਅਮੀਰ। ਚੋਣ ਲੜਨ ਦਾ ਸਭ ਨੂੰ ਅਧਿਕਾਰ ਹੈ। ਜਿੱਤ ਦਿਵਾਉਣੀ ਲੋਕਾਂ ਦੇ ਹੱਥ ਹੁੰਦੀ ਹੈ। ਹੁਣ ਲੋਕ ਪੜ੍ਹ-ਲਿਖ ਗਏ ਹਨ ਹਰ ਘਰ ਵਿੱਚ ਪੜ੍ਹਿਆ-ਲਿਖਿਆ ਨੌਜਵਾਨ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਕੌਣ ਸਾਡੇ ਫਾਇਦੇ ਵਿੱਚ ਹੈ, ਕੌਣ ਨੁਕਸਾਨ ਕਰੇਗਾ। ਸੋ ਇਸ ਵਾਰ ਲੋਕ ਧਮਕੀਆਂ ਤੇ ਪੈਸੇ ਦੇ ਲਾਲਚ ਵਿੱਚ ਤਾਂ ਨਾ ਆਉਣ, ਦੂਜਾ ਉਮੀਦਵਾਰ ਵੀ ਧਮਕੀਆਂ ਤੇ ਪੈਸਾ ਵਰਤਣ ਦੀ ਬਜਾਏ ਨਿਮਰਤਾ ਵਰਤਣ ਅਤੇ ਲੋਕਾਂ ਦੇ ਕੰਮ ਕਰਨ ਜਿੱਤ ਨਿਮਰਤਾ ਅਤੇ ਕੰਮਾਂ ਦੀ ਹੋਵੇਗੀ ।

**-ਗੁਰਦਿੱਤ ਸਿੰਘ ਸੇਖੋਂ, 97811-72781**

### ਸਕੂਲੀ ਬੱਚੇ ਤੇ ਮੋਬਾਇਲ ਫੋਨ

ਮੋਬਾਇਲ ਫੋਨ ਦੇ ਜਿੰਨੇ ਫਾਇਦੇ ਹਨ ਉਸ ਤੋਂ ਕਿਤੇ ਜ਼ਿਆਦਾ ਨੁਕਸਾਨ ਦਰਜ ਕੀਤੇ ਗਏ ਹਨ। ਕਰੋਨਾ ਕਾਲ ਵਿੱਚ ਜਦੋਂ ਤਾਲਾਬੰਦੀ ਹੋਈ ਤਾਂ ਸਕੂਲ ਕਾਲਜਾਂ ਵਿੱਚ ਪੜ੍ਹਾਈ ਆਨਲਾਈਨ ਤਰੀਕੇ ਨਾਲ ਸ਼ੁਰੂ ਕੀਤੀ ਗਈ। ਇਹ ਉਸ ਸਮੇਂ ਜ਼ਰੂਰੀ ਵੀ ਸੀ ਤਾਂ ਜੋ ਵਿਦਿਆਰਥੀਆਂ ਦਾ ਪੜ੍ਹਾਈ ਨਾਲ ਸੰਪਰਕ ਬਣਿਆ ਰਹੇ ਅਤੇ ਉਨ੍ਹਾਂ ਦੇ ਸਲਾਨਾ ਨਤੀਜੇ ਪ੍ਰਭਾਵਿਤ ਨਾ ਹੋਣ। ਉਸ ਸਮੇਂ ਦੀ ਸ਼ੁਰੂ ਹੋਈ ਸਿੱਖਿਆ ਵਿੱਚ ਮੋਬਾਇਲ ਫੋਨ ਦੀ ਜ਼ਿਆਦਾ ਵਰਤੋਂ ਨੇ ਬੱਚਿਆਂ ਦੀ ਸਿਹਤ ਵਿੱਚ ਗਿਰਾਵਟ ਲਿਆ ਕੇ ਕੁਰਾਹੇ ਪਾ ਦਿੱਤਾ। ਹੁਣ ਜਦੋਂ ਬੱਚੇ ਰੋਜ਼ਾਨਾ ਸਕੂਲ ਜਾ ਰਹੇ ਹਨ ਤਾਂ ਹੁਣ ਵੀ ਉਨ੍ਹਾਂ ਨੂੰ ਮੋਬਾਇਲ ਫੋਨ ਰਾਹੀਂ ਕੰਮ ਦਿੱਤਾ ਜਾਂਦਾ ਹੈ। ਪੜ੍ਹਨ ਦੇ ਬਹਾਨੇ ਬੱਚੇ ਗਲਤ ਸਾਈਟਾਂ ਅਤੇ ਅਸ਼ਲੀਲਤਾ ਵੱਲ ਆਕਰਸ਼ਿਤ ਹੋ ਰਹੇ ਹਨ। ਹਰਿਆਣਾ ਵਿੱਚ ਸਰਕਾਰ ਵੱਲੋਂ ਜਿਹੜੇ ਬੱਚਿਆਂ ਨੂੰ ਲੈਪਟਾਪ ਪੜ੍ਹਨ ਲਈ ਦਿੱਤੇ ਗਏ ਸਨ, ਮਾਪੇ ਉਨ੍ਹਾਂ ਨੂੰ ਵਾਪਸ ਕਰਵਾਉਣ ਲਈ ਸਰਕਾਰ ਨੂੰ ਗੁਹਾਰ ਲਗਾ ਰਹੇ ਹਨ। ਇਹ ਕੇਵਲ ਹਰਿਆਣਾ ਦਾ ਹਾਲ ਨਹੀਂ, ਸਾਰੀ ਦੁਨੀਆ ਅਤੇ ਘਰ ਘਰ ਦਾ ਹਾਲ ਹੈ। ਸਿੱਖਿਆ ਦਾ ਡਿਜੀਟਲੀਕਰਨ ਜ਼ਰੂਰੀ ਹੈ। ਪ੍ਰੰਤੂ ਬੱਚਿਆਂ ਦੀ ਉਮਰ ਅਤੇ ਮਾਨਸਿਕਤਾ ਨੂੰ ਧਿਆਨ ਵਿੱਚ ਰੱਖਣਾ ਬਹੁਤ ਜਰੂਰੀ ਹੈ ਕਿਤੇ ਇਹ ਨਾ ਹੋਵੇ ਕਿ ਪੜ੍ਹਾਈ ਕਰਵਾਉਣ ਲਈ ਦਿੱਤੇ ਮੋਬਾਇਲ ਅਤੇ ਲੈਪਟਾਪ ਬੱਚਿਆਂ ਦੀ ਜਾਨ ਦੇ ਦੁਸ਼ਮਣ ਬਣ ਜਾਣ। ਬਲੂ ਵੇਲ ਵਰਗੀਆਂ ਗੇਮਾਂ ਨੇ ਪਤਾ ਨਹੀਂ ਕਿੰਨੇ ਹੀ ਬੱਚਿਆਂ ਦੀ ਜ਼ਿੰਦਗੀ ਉਜਾੜ ਕੇ ਮਾਪਿਆਂ ਦੀ ਗੋਦ ਨੂੰ ਸੁੰਨਾ ਕਰ ਦਿੱਤਾ। ਸਿੱਖਿਆ ਨੂੰ ਡਿਜੀਟਲ ਕਰਨ ਲਈ ਬਣਾਈਆਂ ਨੀਤੀਆਂ ਦੀ ਘੋਖ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੋ ਬੱਚਿਆਂ ਵਿੱਚ ਮੋਬਾਇਲ ਫੋਨ ਦੀ ਵਰਤੋਂ ਨੂੰ ਘਟਾਇਆ ਜਾ ਸਕੇ।

***-ਰਜਵਿੰਦਰ ਪਾਲ ਸ਼ਰਮਾ, 70873-67969***

# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ ਇਕ ਦੇਸ਼, ਇਕ ਚੋਣ



ਗੁਰਮੀਤ ਸਿੰਘ ਪਲਾਹੀ

ਬਹੁਤ ਲੰਮੇ ਸਮੇਂ ਤੋਂ ਕਨਸੋਆਂ ਸਨ ਕਿ ਹਾਕਮ ਧਿਰ ਭਾਜਪਾ 'ਇਕ ਦੇਸ਼ ਇਕ ਚੋਣ' ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਸੀ। 'ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ, ਸਗੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ।'

ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਆਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨ ਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਲੋੜੀਂਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸ ਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਿਕ ਸੋਧ ਲਈ ਸੂਬਿਆਂ ਵੱਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਐਨ ਕਰਕੇ ਸੰਭਾਵਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਇਸ ਵਿਚਾਰ ਦੇ ਅਰਥ ਕੀ ਹਨ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਅਜਾਦ ਹੋਇਆ ਸੀ ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿਚ ਇਕੋ ਵੇਲੇ ਚੋਣਾਂ ਹੋਈਆਂ, ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿੱਚ ਸੂਬਿਆਂ ਵਿਚ ਕੁਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਹਨਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾ ਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਜ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਇਕੋ ਵੇਲੇ ਚੋਣ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਿਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸੰਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸੰਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸੰਬੰਧੀ ਹੈ ਅਤੇ ਧਾਰਾ 356 ਸੂਬਿਆਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸੰਬੰਧੀ ਹੈ।

ਦੇਸ਼ ਵਿਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇਕ ਦੇਸ਼ ਇਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ, ਉੜੀਸਾ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਦੇ ਵਿੱਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ ਤਾਂ ਇਹਨਾਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ? ਪਰ ਜਿਹਨਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਹਨਾਂ ਸੂਬਾਂ ਸਰਕਾਰਾਂ ਦਾ ਕੀ ਹੋਏਗਾ, ਕਿਉਂਕਿ ਇਹਨਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਣਗੀਆਂ, ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ, ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ, ਉਹਨਾਂ ਸਰਕਾਰ ਦੇ ਇਕ ਦੇਸ਼ ਇਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।

ਹਾਕਮ ਧਿਰ ਇਹ ਕਹਿੰਦੀ ਹੈ ਕਿ ਇਕ ਦੇਸ਼ ਇਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖਜ਼ਾਨੇ ਦੀ ਭਾਰੀ ਬੱਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸੰਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਹਨਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜ਼ਾਬਤਾ ਲਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ, ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ਼ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਹਨਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਅਸਲ ਵਿੱਚ ਭਾਜਪਾ ਅਗਲੀਆਂ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇਕ ਦੇਸ਼, ਇਕ ਧਰਮ, ਇਕ ਬੋਲੀ ਲਾਗੂ ਕਰਨ ਦੇ ਇਲਜ਼ਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜ਼ਾਮ ਲੱਗਦੇ ਹਨ ਕਿ ਉਸ ਵੱਲੋਂ ਦੇਸ ਵਿਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਅਧਾਰਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇਕ ਦੇਸ਼, ਇਕ ਚੋਣ ਵਰਗਾ ਅਮਲ ਇਕ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸ਼ਖਸ ਨਰੇਂਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ, ਜੋ ਕਿ ਸੰਵਿਧਾਨਕ ਅਮਲ ਹੈ, ਪਰ ਇਕ ਦੇਸ਼ ਇਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ? ਕੀ ਭਾਰਤ ਵਰਗੇ ਵਿਸਾਲ ਦੇਸ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖਤਰਾ ਨਹੀਂ ਪੈਦਾ ਹੋ ਜਾਏਗਾ?

ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈ ਵੀ ਐੱਮ ਮਸ਼ੀਨ ਖਰੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈ ਵੀ ਐੱਮ ਮਸ਼ੀਨਾਂ ਦੀ ਮਿਆਦ 15 ਸਾਲ ਹੁੰਦੀ ਹੈ, ਭਾਵ ਸਿਰਫ਼ ਤਿੰਨ ਵੇਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ, ਜਦਕਿ ਏ ਆਈ ਡੀ ਐੱਮ ਕੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਐੱਸ ਪੀ, ਟੀ ਆਰ ਐਸ ਕੁੱਲ ਚਾਰ ਪਾਰਟੀਆਂ ਇਸ ਦੇ ਹੱਕ ਵਿੱਚ ਸਨ, ਜਦਕਿ 9 ਸਿਆਸੀ ਪਾਰਟੀਆਂ ਟੀ ਐੱਮ ਸੀ, ਆਪ, ਡੀ ਐੱਮ ਕੇ, ਟੀ ਡੀ ਪੀ, ਸੀ ਪੀ ਆਈ, ਸੀ ਪੀ ਐਮ, ਜੇ ਡੀ ਐਸ, ਗੋਆ ਫਾਰਵਰਡ ਬਲਾਕ ਆਦਿ ਇਸ ਦੇ ਵਿਰੋਧ ਵਿੱਚ ਸਨ।

ਜੇਕਰ ਪਾਰਲੀਮੈਂਟ ਵਿੱਚ 18 ਤੋਂ 24 ਸਤੰਬਰ ਨੂੰ ਇਸ ਉਤੇ ਵਿਚਾਰ-ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵੱਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿੱਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ ਇਸ 'ਤੇ ਅਮਲ ਕਰਕੇ ਇੱਕ ਦੇਸ਼ ਇੱਕ ਚੋਣ ਪ੍ਰਕਿਰਿਆ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਭਾਰਤ ਦੁਨੀਆ ਭਰ ਵਿੱਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ, ਜਿਥੇ ਇੱਕ ਦੇਸ਼ ਇਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸ ਦੀ ਆਬਾਦੀ 2021 'ਚ 1 ਕਰੋੜ 16 ਲੱਖ ਸੀ, ਸਵੀਡਨ ਜਿਸ ਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ, ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਇਸ ਵਿਸ਼ਾਲ ਦੇਸ਼ ਵਿੱਚ ਕੀ ਐਡੀ ਵੱਡੀ ਪ੍ਰਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ?

ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰਕਿਰਿਆ ਲਾਗੂ ਹੋਣ 'ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਹਨਾਂ ਸੰਸਥਾਵਾਂ ਦੀ ਚੋਣ ਹੋਵੇਗੀ ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ 'ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ?

ਅਸਲ 'ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ 'ਮੋਦੀ ਫੈਕਟਰ' ਵਰਤ ਕੇ ਲੋਕ ਸਭਾ, ਸੂਬਾ ਸਰਕਾਰਾਂ 'ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ 'ਤੇ ਕਬਜਾ ਕਰ ਲਿਆ ਜਾਵੇ ਅਤੇ ਦੇਸ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ, ਜਿਸ ਦੀ ਚਰਚਾ ਇਹਨਾਂ ਦਿਨਾਂ 'ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਦੇਸ 'ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾ ਕੇ ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।

***# ਸੰਪਰਕ : 98158-02070***

ਸ਼ਹੀਦੀ 'ਤੇ ਵਿਸ਼ੇਸ਼

# ਸ਼ਹੀਦ ਬਿਸ਼ਨ ਸਿੰਘ ਬੁੱਟਰ

**ਪ੍ਰੋ. ਗੋਪਾਲ ਸਿੰਘ ਬੁੱਟਰ**

ਸ਼ਹੀਦ ਬਿਸ਼ਨ ਸਿੰਘ ਬੁੱਟਰ ਉਹਨਾਂ ਬਹਾਦਰ ਦੇਸ਼ ਭਗਤਾਂ ਦੇ ਆਗੂ ਸਨ, ਜਿਹਨਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਫੌਜ ਵਿੱਚ ਬਗਾਵਤ ਕਰਕੇ ਬਰਤਾਨਵੀ ਸਾਮਰਾਜ ਨੂੰ ਚੁਣੌਤੀ ਦਿੱਤੀ ਭਾਵੇਂ ਉਹਨਾਂ ਨੂੰ ਇਸ ਦਲੇਰਾਨਾ ਕਾਰਜ ਲਈ ਸਰਕਾਰ ਨੇ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ। ਸ਼ਹੀਦ ਬਿਸ਼ਨ ਸ਼ਿੰਘ ਬੁੱਟਰ ਦਾ ਜਨਮ 1915 ਈਸਵੀ ਨੂੰ ਨੰਬਰਦਾਰ ਗੁਰਦਿੱਤ ਸਿੰਘ ਬੁੱਟਰ ਦੇ ਘਰ ਪਿੰਡ ਬੁੱਟਰ ਕਲਾਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ! ਉਹਨਾਂ ਨੇ ਮੁਢਲੀ ਤਾਲੀਮ ਡੀ ਬੀ ਮਿਡਲ ਸਕੂਲ ਮਹਿਤਾ ਨੰਗਲ ਤੋਂ ਅਤੇ ਮੈਟਰਿਕ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋਂ ਕੀਤੀ। ਸ਼ਹੀਦ ਬਿਸ਼ਨ ਸਿੰਘ ਦੇ ਅੱਠਵੀਂ ਤੱਕ ਜਮਾਤੀ ਰਹੇ ਪੰਜਾਬੀ ਹਾਸ ਵਿਅੰਗ ਦੇ ਪ੍ਰਸਿੱਧ ਲੇਖਕ ਸੂਬਾ ਸਿੰਘ ਅਨੁਸਾਰ ਬਿਸ਼ਨ ਸਿੰਘ ਅੱਠਵੀਂ ਵਿੱਚ ਹੀ ਚੰਗਾ ਜਵਾਨ ਲੱਗਦਾ ਸੀ, ਮੋਟੀਆਂ-ਮੋਟੀਆਂ ਅੱਖਾਂ, ਚੌੜਾ ਖੁੱਲ੍ਹਾ ਚਿਹਰਾ ਉੱਭਰਵਾਂ ਮੱਥਾ, ਤਿੱਖਾ ਨੱਕ ਤੇ ਮੋਕਲੇ ਹੱਡ ਪੈਰ ਉਸ ਦੀ ਮਰਦਾਨਾ ਖੂਬਸੂਰਤੀ ਦੀ ਇੱਕ ਵੱਖਰੀ ਹੀ ਛਵੀ ਦਾ ਪ੍ਰਭਾਵ ਪਾਉਂਦੇ ਸਨ।

ਮਹਿਤਾ ਨੰਗਲ ਸਕੂਲ ਦੇ ਰਸਤੇ ਵਿੱਚ ਗੁਰਦਵਾਰਾ ਸਿੰਘ- ਬੇਲਾ ਪੈਂਦਾ ਸੀ, ਜੋ ਅਸਲ ਵਿੱਚ ਕਿਰਤੀ ਦੇਸ਼ ਭਗਤਾਂ ਦਾ ਗੁਪਤ ਅੱਡਾ ਸੀ। ਸਕੂਲ ਆਉਂਦੇ-ਜਾਂਦੇ ਬਿਸ਼ਨ ਸਿੰਘ ਇੱਥੇ ਭਾਈ ਸੰਤੋਖ ਸਿੰਘ ਧਰਦਿਉ, ਸੰਤ ਇੰਦਰ ਸਿੰਘ ਮੁਰਾਰੀ ਅਤੇ ਸੰਤ ਅਮਰ ਸਿੰਘ ਗਿਲਤੀ ਵਾਲੇ ਵਰਗੇ ਦੇਸ਼ ਭਗਤਾਂ ਦੀ ਸੰਗਤ ਮਾਣਦਾ ਤੇ ਉਹਨਾਂ ਦੇ ਵਿਚਾਰ ਸੁਣਦਾ ਰਹਿੰਦਾ! ਇਥੋਂ ਹੀ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ, ਜਿਸ ਨੇ ਉਸ ਦੇ ਮਨ ਵਿੱਚ ਅਜ਼ਾਦੀ ਦਾ ਸੁਪਨਾ ਬੀਜ ਦਿੱਤਾ। ਜਦ ਆਰਥਿਕ ਹਾਲਾਤ ਉਸ ਨੂੰ ਫੌਜ ਦੇ ਇੱਕੀ ਨੰਬਰ ਰਸਾਲੇ ਦੀ ਨੌਕਰੀ ਵੱਲ ਲੈ ਗਏ ਤਾਂ ਵੀ ਉਹ ਗੁਲਾਮੀ ਤੋਂ ਨਿਜ਼ਾਤ ਪਾਉਣ ਬਾਰੇ ਸੋਚਦਾ ਰਹਿੰਦਾ। ਉਹ ਇਕ ਵਾਰ ਛੁੱਟੀ ਲੈ ਕੇ ਘਰ ਆਉਣ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਿਲਣ ਸੇਵਾ ਗ੍ਰਾਮ ਨੇੜੇ ਵਾਰਧਾ ਜਾ ਪੁੱਜਾ। ਉਹ ਫੌਜ ਵਿਚਲੇ ਆਪਣੇ ਹਮ-ਖਿਆਲ ਸਹਿਕਰਮੀਆਂ ਵਿੱਚ ਕਿਰਤੀ ਪਰਚੇ ਅਤੇ ਹੋਰ ਸਰਕਾਰ ਵਿਰੋਧੀ ਸਾਹਿਤ ਵੰਡਦਾ ਰਹਿੰਦਾ ਅਤੇ ਸਾਥੀਆਂ ਨੂੰ ਗੁਲਾਮੀ ਦੀ ਜ਼ਿੱਲਤ ਤੋਂ ਨਿਜ਼ਾਤ ਪਾਉਣ ਲਈ ਲੋਕ ਯੁੱਧ ਵੱਲ ਧਿਆਨ ਦੇਣ ਲਈ ਪ੍ਰੇਰਦਾ ਰਹਿੰਦਾ ਸੀ।



ਜਦ ਦੂਜੇ ਵਿਸ਼ਵ ਯੁੱਧ ਸਮੇਂ ਉਹਨਾਂ ਨੂੰ 17 ਜੁਲਾਈ 1940 ਨੂੰ ਮਿਸਰ, ਅਫਰੀਕਾ ਅਤੇ ਹੋਰ ਯੂਰਪੀਨ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਸਰਕਾਰ ਵੱਲੋਂ ਲੜਾਈ ਵਿੱਚ ਸ਼ਾਮਲ ਹੋਣ ਦਾ ਹੁਕਮ ਹੋਇਆ ਤਾਂ ਇੱਕੀ ਨੰਬਰ ਰਸਾਲੇ ਦੇ 112 ਜਵਾਨਾਂ ਨੇ ਬੰਬਈ ਦੇ ਗੁਰਦਵਾਰੇ ਵਿੱਚ ਜਾ ਕੇ ਬਿਸ਼ਨ ਸਿੰਘ ਬੁੱਟਰ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਬਗਾਵਤ ਕਰਨ ਦੀਆਂ ਕਸਮਾਂ ਖਾਧੀਆਂ। ਇਹਨਾਂ ਵੱਲੋਂ ਬੰਬਈ ਬੰਦਰਗਾਹ 'ਤੇ ਸਮੁੰਦਰੀ ਜਹਾਜ਼ਾਂ ਉੱਤੇ ਚੜ੍ਹਨ ਤੋਂ ਇਨਕਾਰ ਕਰਨ ਨਾਲ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਰਕਾਰ ਨੇ ਇਸ ਬਗਾਵਤ ਦੀ ਅੱਗ ਨੂੰ ਅੱਗੇ ਵਧਣ ਤੋਂ ਰੋਕਣ ਲਈ ਕਾਹਲੀ-ਕਾਹਲੀ ਵਿੱਚ ਕੋਟ ਮਾਰਸ਼ਲ ਕੀਤਾ ਅਤੇ ਵਿਦਰੋਹੀ ਦੇਸ਼ ਭਗਤਾਂ ਨੂੰ ਸਖਤ ਸਜ਼ਾਵਾਂ ਸੁਣਾ ਦਿੱਤੀਆਂ, ਬਿਸ਼ਨ ਸਿੰਘ ਬੁੱਟਰ ਨੂੰ ਉਸ ਦੇ ਤਿੰਨ ਕਰੀਬੀ ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਬਾਕੀ ਦੇਸ਼ ਭਗਤਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। 16 ਸਤੰਬਰ 1940 ਨੂੰ ਸਿਕੰਦਰਾਬਾਦ ਸਿਵਲ ਜੇਲ੍ਹ ਵਿੱਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੌਗਾਵਾਂ ਸਾਧਪੁਰ, ਸਾਧੂ ਸਿੰਘ ਦਦੇਹਰ ਅਤੇ ਅਜਾਇਬ ਸਿੰਘ ਨੰਦਗੜ੍ਹ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ।

ਅੱਜ ਸ਼ਹੀਦ ਸਰਦਾਰ ਬਿਸ਼ਨ ਸ਼ਿੰਘ ਬੁੱਟਰ ਦੇ ਸਪੁੱਤਰ ਸ: ਕਸ਼ਮੀਰ ਸਿੰਘ ਦੇ ਘਰ ਪਿੰਡ ਬੁੱਟਰ ਕਲਾਂ (ਅੰਮ੍ਰਿਤਸਰ) ਵਿਖੇ ਇਹਨਾਂ ਦੇਸ਼ ਭਗਤ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ ।

***# ਸੰਪਰਕ : 99150-05814***

# ਲੈਕਚਰਾਰਾਂ ਤੋਂ ਸੱਖਣੇ ਸਕੂਲ ਅਤੇ ਸਿੱਖਿਆ ਸੁਧਾਰ



ਮੇਜਰ ਸਿੰਘ ਨਾਭਾ

ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ, ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ । ਉਪਰਲੀ ਪੋਚਾ-ਪੋਚੀ ਜ਼ਿਆਦਾ ਕੀਤੀ ਜਾ ਰਹੀ ਹੈ । ਕਈ ਸਕੂਲ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਬਦਲੀਆਂ ਕਾਰਨ ਜਾਂ ਲੈਕਚਰਾਰਾਂ ਦੀ ਸੇਵਾ-ਮੁਕਤੀ ਕਾਰਨ ਇਹ ਸਕੂਲ ਲੈਕਚਰਾਰਾਂ ਤੋਂ ਸੱਖਣੇ ਹੋਣ ਕਾਰਨ ਮਾਸਟਰ ਕਾਡਰ ਦੇ ਸੀਨੀਅਰ ਅਧਿਆਪਕ ਹੀ ਸਕੂਲ ਇੰਚਾਰਜ ਦਾ ਕੰਮ ਚਲਾਉਣ ਲਈ ਮਜਬੂਰ ਹਨ । ਇਸ ਦੀ ਮਿਸਾਲ ਸੰਗਰੂਰ ਜ਼ਿਲ੍ਹੇ ਦੇ ਸ.ਸ.ਸ.ਸ. ਮਾਝੀ ਦੀ ਸਾਹਮਣੇ ਹੈ । ਮਾਸਟਰ ਕਾਡਰ ਦੇ ਅਧਿਆਪਕ ਵੀ ਥੋੜ੍ਹੀ ਸਰਵਿਸ ਵਾਲੇ ਨਵੀਂ ਭਰਤੀ ਵਾਲੇ ਹਨ । ਇਹੋ ਜਿਹੇ ਸਕੂਲਾਂ ਦੀ ਹਾਲਤ ਬੜੀ ਤਰਸਯੋਗ ਬਣ ਗਈ, ਜਿੱਥੇ ਬੱਚੇ ਦਾਖਲੇ ਲੈ ਕੇ ਪਛਤਾਵਾ ਜ਼ਰੂਰ ਪ੍ਰਗਟ ਕਰਨਗੇ । ਇਸ ਸੈਸ਼ਨ 'ਚ ਕੋਈ ਲੈਕਚਰਾਰ, ਨਾ ਪ੍ਰਿੰਸੀਪਲ ਹੁਣ ਆਉਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਹਾਈ ਵਿਭਾਗ ਅਤੇ ਸੈਕੰਡਰੀ ਵਿਭਾਗ ਦੋਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਹੈ । ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵੱਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ । ਸਿੱਖਿਆ ਮਹਿਕਮੇ ਵਲੋਂ ਬਦਲੀਆਂ ਆਨ ਲਾਈਨ ਅਪਲਾਈ ਕਰਵਾ ਕੇ ਜ਼ਰੂਰ ਮੈਰਿਟ ਦੇ ਆਧਾਰ ਉੱਪਰ ਕੀਤੀਆਂ ਗਈਆਂ ਹਨ, ਇਹ ਚੰਗੀ ਸ਼ੁਰੂਆਤ ਹੈ । ਇਹ ਤਾਂ ਹੀ ਕਾਮਯਾਬ ਰਹੇਗੀ, ਜੇਕਰ ਸਾਰੇ ਸਕੂਲਾਂ 'ਚ ਕੋਈ ਖਾਲੀ ਆਸਾਮੀ ਨਹੀਂ ਹੋਵੇਗੀ ।

ਹਰੇਕ ਸਾਲ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ ਨਾਲ ਹੀ ਜਿਨ੍ਹਾਂ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ, ਕਿਉਂਕਿ ਘਾਹ ਆਦਿ ਦਾ ਵਧ ਜਾਣਾ, ਆਲੇ-ਦੁਆਲੇ ਦਰੱਖਤਾਂ ਦੇ ਪੱਤੇ ਆਦਿ, ਮੀਂਹਾਂ, ਹਨੇਰੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ, ਇਹ ਜ਼ਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ। ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ 'ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ, ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ 'ਤੇ ਪਰਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ 'ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ ਤੇ ਨਿਯੁਕਤ ਹੋ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ। ਜੇਕਰ ਦਰਜਾ ਚਾਰ ਕਰਮਚਾਰੀ ਸਕੂਲਾਂ ਅੰਦਰ ਹੋਣਗੇ ਤਾਂ ਸਮੇਂ-ਸਮੇਂ ਸਿਰ ਉਨ੍ਹਾਂ ਤੋਂ ਸਕੂਲੀ ਇਮਾਰਤ ਦੀਆਂ ਛੱਤਾਂ ਦੀ ਸਫਾਈ ਕਰਵਾਈ ਜਾ ਸਕਦੀ ਹੈ, ਜਿਸ ਨਾਲ ਇਮਾਰਤ ਸੁਰੱਖਿਅਤ ਰਹੇਗੀ ਅਤੇ ਜਿੱਥੇ ਕਿਤੇ ਕੋਈ ਮੁਰੰਮਤ ਦੀ ਲੋੜ ਹੋਵੇਗੀ ਉਹ ਵੀ ਲੱਗੇਗੀ। ਸੋ ਸਾਰੇ ਸਕੂਲਾਂ ਦੀ ਸਾਂਭ-ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ ਦਰਜਾ ਕਰਮਚਾਰੀਆਂ ਦੀਆਂ ਸਕੂਲਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ, ਜੋ ਨਹੀਂ ਹੋਈ, ਜਿਸ ਕਾਰਨ ਅਣਸੁਖਾਵੀਂਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਰਹਿੰਦਾ ਹੈ । ਹੁਣ ਬੱਦੋਵਾਲ ਹਾਦਸੇ ਤੋਂ ਬਾਅਦ ਸਰਕਾਰ ਨੂੰ ਜ਼ਰੂਰ ਸਬਕ ਸਿੱਖ ਲੈਣਾ ਚਾਹੀਦਾ ਹੈ । ਸਕੂਲ ਮੁਖੀ ਸਰੀਰਕ ਤੌਰ 'ਤੇ ਫਿੱਟ-ਫੁਰਤੀਲਾ ਹੋਣਾ ਚਾਹੀਦਾ ਹੈ, ਜੋ ਕਿ ਸਾਰੇ ਸਕੂਲ ਅੰਦਰ ਸਮੇਂ-ਸਮੇਂ ਸਿਰ ਕਲਾਸਾਂ ਦਾ ਨਿਰੀਖਣ ਕਰਦਾ ਰਹੇ। ਉਸ ਨੂੰ ਸਕੂਲ ਦੀ ਬਿਲਡਿੰਗ ਬਾਰੇ ਪੂਰੀ ਜਾਣਕਾਰੀ ਅਤੇ ਪੁਰਾਣੀਆਂ ਛੱਤਾਂ ਕਦੋਂ ਬਣੀਆਂ ਆਦਿ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਕਿਸੇ ਵੀ ਘਾਟ ਨੂੰ ਪੂਰੀ ਕਰਨਾ, ਟੁੱਟ-ਮੁਰੰਮਤ ਆਦਿ ਨੂੰ ਨਾਲੋ-ਨਾਲ ਕਰਾਉਣਾ ਚਾਹੀਦਾ ਹੈ।

ਪਰ ਬੱਚਿਆਂ ਦੇ ਪੱਲੇ ਪਹਿਲਾਂ ਨਾਲੋਂ ਘੱਟ ਪੈਂਦਾ ਨਜ਼ਰ ਆ ਰਿਹਾ ਹੈ । ਗਰਮੀ ਅਤੇ ਸਰਦੀ ਜ਼ਿਆਦਾ ਹੋਣ 'ਤੇ ਸਕੂਲਾਂ ਦਾ ਸਮਾਂ ਹਰ ਸਾਲ ਘਟਾ ਦਿੱਤਾ ਜਾਂਦਾ, ਕਈ ਵਾਰੀ ਜ਼ਿਆਦਾ ਧੁੰਦ ਕਾਰਨ ਵੀ ਛੁੱਟੀਆਂ ਕਰ ਦਿੱਤੀਆਂ ਹਨ । ਇਸੇ ਤਰ੍ਹਾਂ ਐਤਕੀਂ ਹੜ੍ਹਾਂ ਕਾਰਨ ਕਈ ਜ਼ਿਲ੍ਹਿਆਂ ਵਿੱਚ ਸਰਕਾਰ ਨੂੰ ਛੁੱਟੀਆਂ ਕਰਨੀਆਂ ਪਈਆਂ । ਹੁਣ ਮੌਸਮ ਵਿਭਾਗ ਦੇ ਭਾਰੀ ਮੀਂਹ ਦੇ ਅਲਰਟ ਕਾਰਨ ਪਹਿਲੀ ਵਾਰ ਸਰਕਾਰ ਨੇ ਐਡਵਾਂਸ 'ਚ ਸਾਰੇ ਪੰਜਾਬ ਵਿੱਚ 23 ਅਗਸਤ ਤੋਂ 26 ਅਗਸਤ ਤੱਕ ਛੁੱਟੀਆਂ ਕਰ ਦਿੱਤੀਆਂ, ਜਦੋਂ ਕਿ ਬਹੁਤੇ ਜ਼ਿਲ੍ਹਿਆਂ 'ਚ ਪਾਣੀ ਆਉਣ ਵਾਲੀ ਕੋਈ ਗੱਲ ਨਹੀਂ ਹੋਈ, ਪਰ ਕੋਈ ਮੀਂਹ ਵੀ ਨਹੀਂ ਪਿਆ। ਇਸ ਤਰ੍ਹਾਂ ਦੇ ਫੈਸਲਿਆਂ ਨਾਲ ਬੱਚਿਆਂ ਦੀ ਪੜ੍ਹਾਈ ਦਾ ਜ਼ਰੂਰ ਨੁਕਸਾਨ ਹੋ ਰਿਹਾ ਹੈ । ਜੇਕਰ ਸਰਕਾਰ ਨੇ ਇਹੋ ਜਿਹਾ ਫੈਸਲਾ ਕਰਨਾ ਸੀ ਤਾਂ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਉੱਚ ਅਧਿਕਾਰੀਆਂ/ ਸਿੱਖਿਆ ਅਧਿਕਾਰੀਆਂ ਨੂੰ ਹਾਲਾਤ ਅਨੁਸਾਰ ਛੁੱਟੀਆਂ ਐਲਾਨ ਕਰਨ ਦੇ ਅਧਿਕਾਰ ਦੇ ਦੇਣੇ ਸੀ, ਨਾ ਕਿ ਸਾਰੇ ਪੰਜਾਬ 'ਚ ਛੁੱਟੀਆਂ ਕਰਨ ਦਾ ਐਲਾਨ ਕਰਨਾ ਚਾਹੀਦਾ ਸੀ । ਜੇਕਰ ਬਾਰਿਸ਼ ਭਾਰੀ ਹੁੰਦੀ ਹੈ ਤਾਂ ਸਕੂਲਾਂ 'ਚ ਪਾਣੀ ਇਕਦਮ ਤਾਂ ਨਹੀਂ ਆਉਂਦਾ, ਸਮਾਂ ਤਾਂ ਜ਼ਰੂਰ ਲੱਗੇਗਾ, ਉਦੋਂ ਛੁੱਟੀ ਦਾ ਐਲਾਨ ਕਰ ਦਿੱਤਾ ਜਾ ਸਕਦਾ ਹੈ । ਇਸ ਫੈਸਲੇ ਪਿੱਛੇ ਵੀ ਸਰਕਾਰਾਂ ਦੇ ਗੁੱਝੇ ਭੇਦ ਹੋ ਸਕਦੇ ਨੇ । ਪੜ੍ਹਾਈ ਦੇ ਘੰਟੇ ਤਾਂ ਪਹਿਲਾਂ ਹੀ ਘਟ ਰਹੇ ਹਨ। ਪਿਛਲੇ ਸਾਲ ਕਈ ਛੁੱਟੀਆਂ ਐਨ ਮੌਕੇ ਉੱਪਰ ਐਲਾਨ ਕੀਤੀਆਂ ਜਾਂਦੀਆਂ ਰਹੀਆਂ ਜਿਨ੍ਹਾਂ ਨਾਲ ਬੱਚਿਆਂ ਦੀ ਪੜ੍ਹਾਈ ਦਾ ਜ਼ਰੂਰ ਨੁਕਸਾਨ ਹੁੰਦਾ ਹੈ । ਜੇਕਰ ਨਵੇਂ ਸਾਲ ਦੇ ਸ਼ੁਰੂ 'ਚ ਐਲਾਨੀਆਂ ਛੁੱਟੀਆਂ ਪਹਿਲਾਂ ਹੀ ਸੋਚ-ਸਮਝ ਕੇ ਕੀਤੀਆਂ ਜਾਣ ਤਾਂ ਜੋ ਕਿਸੇ ਵਿਸ਼ੇਸ਼ ਦਿਨ ਲਈ ਬਾਅਦ 'ਚ ਛੁੱਟੀ ਨਾ ਕਰਨੀ ਪਵੇ ਤਾਂ ਵਧੀਆ ਗੱਲ ਹੋਵੇਗੀ ।

ਇੱਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ। ਸਰਕਾਰਾਂ ਵੱਲੋਂ ਵੱਡੀਆਂ-ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ, ਪਰ ਹੇਠਲੇ ਪੱਧਰ 'ਤੇ ਨੀਂਹ ਨੂੰ ਮਜ਼ਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸ਼ਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਣਾਉਂਦੀ ਨਜ਼ਰ ਆ ਰਹੀ ਹੈ । ਭਾਵੇਂ ਸਰਕਾਰ ਪ੍ਰਿੰਸੀਪਲਾਂ ਅਤੇ ਹੈੱਡਮਾਸਟਰਾਂ ਨੂੰ ਸਪੈਸ਼ਲ ਟ੍ਰੇਨਿੰਗ/ਸੈਮੀਨਾਰ ਸਿੱਖਿਆ ਦੇ ਸੁਧਾਰ ਨਾਂਅ ਹੇਠ ਵਿਦੇਸ਼ ਭੇਜ ਰਹੀ ਹੈ, ਇਸ ਦੇ ਨਤੀਜੇ ਸਾਹਮਣੇ ਆਉਣੇ ਬਾਕੀ ਹਨ । ਇਹ ਸਿੱਖਿਆ ਸੁਧਾਰ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਸਦਕਾ ਨਹੀਂ ਹੋ ਸਕਦਾ, ਜਿਸ ਵੱਲ ਸਰਕਾਰ ਦਾ ਪੂਰਾ ਧਿਆਨ ਨਹੀਂ । ਨਵੇਂ ਸੈਸ਼ਨ ਦੇ ਸ਼ੁਰੂ ਵਿੱਚ ਹੀ ਸਾਰੀਆਂ ਪੋਸਟਾਂ ਦੀ ਭਰਤੀ ਹੋ ਜਾਣੀ ਚਾਹੀਦੀ ਹੈ। ਜੇਕਰ ਸਰਕਾਰ ਦੀ ਨੀਅਤ ਸਾਫ ਹੋਵੇ । ਏਥੇ ਤਾਂ ਨਿਯੁਕਤੀ ਅਧੀਨ ਪੋਸਟਾਂ ਦੀ ਪ੍ਰਕ੍ਰਿਆ ਅੱਗੇ ਹੀ ਨਹੀਂ ਚੱਲ ਰਹੀ, ਵਾਰ-ਵਾਰ ਵਿਸ਼ਾ ਟੈਸਟ ਦੀਆਂ ਤਾਰੀਕਾਂ ਅੱਗੇ ਪਾਈਆਂ ਜਾ ਰਹੀਆਂ ਹਨ । ਸਿੱਖਿਆ ਸੁਧਾਰ ਫਿਰ ਕਿਵੇਂ ਹੋ ਸਕੇਗਾ । ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ 'ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਸੀ, ਉਸ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਸੰਬੰਧਤ ਕਾਰਜ ਕਰਨ ਦੀ ਲੋੜ ਹੈ ।

**# ਸੰਪਰਕ : 94635-53962**

# ਆਲ ਇੰਡੀਆ ਆਂਗਨਵਾੜੀ ਵਰਕਰ/ਹੈਲਪਰ ਯੂਨੀਅਨ (ਏਟਕ) ਨੇ ਵਿਧਾਇਕ ਦੇ ਘਰ ਮੂਹਰੇ ਲਾਇਆ ਧਰਨਾ



ਆਂਗਨਵਾੜੀ ਵਰਕਰ/ਹੈਲਪਰ ਯੂਨੀਅਨ ਦੇ ਆਗੂ ਵਿਧਾਇਕਾ ਨੂੰ ਮੰਗ ਪੱਤਰ ਦਿੰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**

ਆਲ ਇੰਡੀਆ ਆਂਗਨਵਾੜੀ ਵਰਕਰ/ਹੈਲਪਲ ਯੂਨੀਅਨ (ਏਟਕ) ਵੱਲੋਂ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਮੋਗਾ ਤੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਘਰ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ ਅਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਪਰਮਜੀਤ ਕੌਰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਸਰਕਾਰ ਦੇ ਦੋ ਸਾਲ ਪੂਰੇ ਹੋ ਜਾਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ/ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਆਂਗਨਵਾੜੀ ਵਰਕਰਾਂ/ਹੈਲਪਰਾਂ ਦਾ ਮਾਣਭੱਤਾ ਦੁੱਗਣਾ ਕੀਤਾ ਜਾਵੇ। ਪ੍ਰੀ ਨਰਸਰੀ ਦੇ ਬੱਚੇ ਆਂਗਨਵਾੜੀ ਕੇਂਦਰਾਂ ਵਿੱਚ ਵਾਪਸ ਭੇਜੇ ਜਾਣ। ਆਗੂਆਂ ਕਿਹਾ ਕਿ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮਾਨ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਬੱਚਿਆਂ ਨੂੰ ਵਾਪਸ ਆਂਗਣਵਾੜੀ ਕੇਂਦਰਾਂ ਵਿੱਚ ਭੇਜਿਆ ਜਾਵੇਗਾ ਅਤੇ ਮਾਣਭੱਤਾ ਦੁੱਗਣਾ ਕੀਤਾ ਜਾਵੇਗਾ। ਅਸੀਂ ਸਿਸਟਮ ਨੂੰ ਠੀਕ ਹੋਣ ਦੀ ਉਡੀਕ ਕਰਦੇ ਰਹੇ, ਪਰ ਰੱਖੜੀ ਦੇ ਤਿਉਹਾਰ ਦਾ ਤੋਹਫਾ ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਰਕਾਰ ਨੇ ਆਪਣੀ ਨਲਾਇਕੀ ਨੂੰ ਜ਼ਾਹਰ ਕੀਤਾ, ਜਦਕਿ ਇਹ ਪਹਿਲਾਂ ਹੀ ਖਾਲੀ ਪਈਆਂ ਸੀਟਾਂ ਨੂੰ ਪੁਰ ਕੀਤਾ ਗਿਆ ਹੈ।

ਜਥੇਬੰਦੀ ਵੱਲੋਂ ਪੰਜਾਬ ਦੇ ਸਾਰੇ ਆਪਣੇ-ਆਪਣੇ ਹਲਕੇ ਦੇ ਐਮਐਲਏਜ਼ ਨੂੰ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਗਏ, ਪਰ ਕੋਈ ਅਸਰ ਨਹੀਂ ਹੋਇਆ। ਸਾਡੇ ਨਾਲ ਕੀਤੇ ਵਾਅਦੇ ਮਹਿਜ਼ ਸਟੇਜਾਂ ਦੇ ਡਰਾਮੇ ਬਣ ਕੇ ਰਹਿ ਗਏ ਹਨ। ਆਗੂਆਂ ਮੰਗ ਕੀਤੀ ਕਿ ਤਿੰਨ ਜ਼ਿਲ੍ਹੇ ਐਨਜੀਓਜ਼ ਤੋਂ ਵਾਪਸ ਲੈ ਕੇ ਆਈ ਸੀ ਡੀ ਐਸ ਵਿਭਾਗ ਵਿੱਚ ਵਾਪਸ ਕੀਤੇ ਜਾਣ, ਮਿੰਨੀ ਸੈਂਟਰ ਮੇਨ ਕੀਤੇ ਜਾਣ।

ਡਾਕਟਰ ਬਲਬੀਰ ਕੌਰ ਕੁੰਭਕਰਨ ਨੀਂਦ ਸੁੱਤੀ ਪਈ ਹੈ। ਜਦੋਂ ਸਰਕਾਰ ਵੱਲੋਂ ਸਰਕਾਰੀ/ਪ੍ਰਾਈਵੇਟ ਸਕੂਲਾਂ ਵਿੱਚ ਛੁੱਟੀਆਂ ਦਾ ਨੋਟੀਫਿਕੇਸ਼ਨ ਜਾਰੀ ਹੁੰਦਾ ਹੈ ਤਾਂ ਉਹ ਆਂਗਨਵਾੜੀ ਕੇਂਦਰਾਂ ਨੂੰ ਨਹੀਂ ਦਿੱਤਾ ਜਾਂਦਾ, ਛੁੱਟੀਆਂ ਖਤਮ ਹੋਣ 'ਤੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ।

ਆਂਗਨਵਾੜੀ ਸੈਂਟਰਾਂ ਨੂੰ ਆਈ ਸੀ ਡੀ ਐਸ ਸਕੀਮ. 1975 ਤੋਂ ਚੱਲ ਰਹੀ ਹੈ, ਪਰ ਅਜੇ ਤੱਕ ਸੈਂਟਰਾਂ ਲਈ ਬਿਲਡਿੰਗ, ਬਿਜਲੀ, ਪਾਣੀ ਤੇ ਟਾਇਲੈਟਸ ਦੇ ਵੀ ਪ੍ਰਬੰਧ ਨਹੀਂ ਹਨ। ਉਪਰੋਕਤ ਮੰਗਾਂ ਦੇ ਫੌਰੀ ਹੱਲ ਲਈ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਘਰ ਅੱਗੇ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਧਰਨੇ ਦੌਰਾਨ ਗੁਰਚਰਨ ਕੌਰ ਵਿੱਤ ਸਕੱਤਰ ਦੀ ਅਗਵਾਈ ਵਿਚ ਵਿਧਾਇਕ ਅਮਨਦੀਪ ਕੌਰ ਨੂੰ ਮੰਗਾਂ ਸਬੰਧੀ ਮੰਗ ਪੱਤਰ ਵੀ ਸੌਂਪਿਆ ਗਿਆ।

# ਸੰਤ ਕਬੀਰ ਸਕੂਲ 'ਚ ਅਧਿਆਪਕ ਦਿਵਸ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਡਾਕਟਰ ਰਾਧਾ ਕ੍ਰਿਸ਼ਨਨ ਦੇ ਜਨਮ ਦਿਵਸ ਨੂੰ ਸਮਰਪਿਤ ਅਧਿਆਪਕ ਦਿਵਸ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਦੇ ਸਨਮਾਨ ਲਈ ਸਮਾਰੋਹ ਆਯੋਜਤ ਕੀਤਾ ਗਿਆ। ਸਭ ਤੋਂ ਪਹਿਲਾਂ ਡਾਕਟਰ ਰਾਧਾ ਕ੍ਰਿਸ਼ਨਨ ਅਤੇ ਸਕੂਲ ਦੀ ਸੰਸਥਾਪਕ ਪ੍ਰਿੰਸੀਪਲ ਮੈਡਮ ਪੁਸ਼ਪਾ ਅਰੋੜਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਕੂਲ ਦੇ ਐਮ. ਡੀ. ਪ੍ਰੋਫੈਸਰ ਐਮ .ਐਲ. ਅਰੋੜਾ ਨੇ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉੱਤੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਸਭਨਾਂ ਅਧਿਆਪਕਾਂ ਦਾ ਸੁਆਗਤ ਤਿਲਕ ਲਗਾ ਕੇ, ਗਰੀਟਿੰਗ ਕਾਰਡ ਦੇ ਕੇ ਤੇ ਕੰਪਲੀਮੈਂਟ ਦੇ ਕੇ ਕੀਤਾ ਗਿਆ।

ਸਾਰੇ ਵਿਦਿਆਰਥੀਆਂ ਨੇ ਆਪਣੀ-ਆਪਣੀ ਜਮਾਤ ਨੂੰ ਆਕਰਸ਼ਕ ਢੰਗ ਨਾਲ ਸਜਾਇਆ ਹੋਇਆ ਸੀ। ਇਸ ਮੌਕੇ ਪੇਸ਼ ਕੀਤੇ ਗਏ ਰੰਗਾਰੰਗ ਪ੍ਰੋਗਰਾਮ ਦੌਰਾਨ ਨਾਚ, ਕਵਿਤਾ ਅਤੇ ਗੀਤ ਆਦਿ ਪੇਸ਼ ਕੀਤੇ ਗਏ। ਵਿਦਿਆਰਥੀਆਂ ਨੇ ਸਾਰੇ ਅਧਿਆਪਕਾਂ ਦਾ ਚੰਗੀ ਸਿੱਖਿਆ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਐਮ. ਡੀ. ਅਰੋੜਾ ਅਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਅਧਿਆਪਕ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਧਿਆਪਕ ਖੁਦ ਨੂੰ ਜਲਾ ਕੇ ਦੂਜਿਆਂ ਨੂੰ ਰੌਸ਼ਨ ਕਰਦੇ ਹਨ, ਇਸ ਲਈ ਅਧਿਆਪਕਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਮੈਡਮ ਸੋਨੀਆ ਧਵਨ, ਮੈਡਮ ਰਚਨਾ ਜਿੰਦਲ, ਸਰਦਾਰ ਸੰਧੂ ਤੇ ਮੈਡਮ ਕੁਲਵੰਤ ਸਿੰਘ ਆਦਿ ਸ਼ਾਮਲ ਸਨ।

# ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਭਾਜਪਾ ਨੇ ਕੀਤੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਆਰਾ ਸਵੀਟਸ ਦੇ ਹਾਲ ਵਿਖੇ ਨਗਰ ਕੌਂਸਲ ਚੋਣਾਂ ਦੇ ਸਬੰਧ ਵਿਚ ਭਾਜਪਾ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿਚ ਪੁਲਿਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ।

ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਦੇ ਪਹਿਲੀ ਵਾਰ ਪੁੱਜਣ 'ਤੇ ਭਾਜਪਾ ਦੇ ਵੱਖ-ਵੱਖ ਆਗੂਆਂ ਵਲੋਂ ਸਵਾਗਤ ਕੀਤਾ ਗਿਆ। ਉਪਰੰਤ ਆਪਣੇ ਸੰਬੋਧਨ 'ਚ ਉਨ੍ਹਾਂ ਆਪੋ-ਆਪਣੇ ਵਿਚਾਰ ਰੱਖੇ। ਜ਼ਿਲ੍ਹਾ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮਾਛੀਵਾੜਾ ਸ਼ਹਿਰ ਦੇ ਕੁੱਲ 15 ਵਾਰਡ ਹਨ ਅਤੇ ਨਗਰ ਕੌਂਸਲ ਚੋਣਾਂ ਵਿਚ ਪਾਰਟੀ ਇਨ੍ਹਾਂ ਸਾਰੇ ਵਾਰਡਾਂ 'ਚੋਂ ਆਪਣੇ ਉਮੀਦਵਾਰ ਖੜੇ ਕਰੇਗੀ। ਉਨ੍ਹਾਂ ਕਿਹਾ ਕਿ ਇਸ ਵਾਰ ਭਾਜਪਾ ਛੋਟੇ ਭਰਾ ਦੀ ਭੂਮਿਕਾ ਨਹੀਂ ਨਿਭਾਏਗਾ, ਬਲਕਿ ਆਪਣੇ ਦਮ 'ਤੇ ਚੋਣਾਂ ਲੜੇਗਾ ਅਤੇ ਸ਼ਾਨਦਾਰ ਜਿੱਤ ਪ੍ਰਾਪਤ ਕਰ ਮਾਛੀਵਾੜਾ ਨਗਰ ਕੌਂਸਲ 'ਤੇ ਕਾਬਜ਼ ਹੋਵੇਗੀ। ਭਾਜਪਾ ਆਗੂ ਕਰਨਵੀਰ ਢਿੱਲੋਂ ਨੇ ਕਿਹਾ ਕਿ ਫਿਲਹਾਲ ਕਿਸੇ ਵੀ ਸਿਆਸੀ ਪਾਰਟੀ ਨਾਲ ਗਠਜੋੜ ਦੀ ਸੰਭਾਵਨਾ ਨਹੀਂ, ਪਰ ਜੇਕਰ ਭਵਿੱਖ ਵਿਚ ਜੋ ਭਾਜਪਾ ਹਾਈਕਮਾਂਡ ਵਲੋਂ ਨਿਰਦੇਸ਼ ਆਉਣਗੇ ਉਸ ਅਧਾਰ 'ਤੇ ਚੋਣਾਂ ਲੜੀਆਂ ਜਾਣਗੀਆਂ।

ਉਨ੍ਹਾਂ ਵਰਕਰਾਂ ਨੂੰ ਕਿਹਾ ਕਿ ਨਗਰ ਕੌਂਸਲ ਚੋਣਾਂ ਸਬੰਧੀ ਅੱਜ ਤੋਂ ਹੀ ਤਿਆਰੀ ਵਿੱਢ ਲੈਣ ਅਤੇ ਭਾਜਪਾ ਦੀਆਂ ਨੀਤੀਆਂ ਦਾ ਘਰ-ਘਰ ਜਾ ਕੇ ਪ੍ਰਚਾਰ ਕਰਨ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੂੰ ਦੱਸਣਾ ਜ਼ਰੂਰੀ ਹੈ ਕਿ ਜਿੰਨੀਆਂ ਵੀ ਲੋਕ ਭਲਾਈ ਯੋਜਨਾਵਾਂ ਚੱਲ ਰਹੀਆਂ ਹਨ, ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਦੀ ਦੇਣ ਹੈ ਜਦਕਿ ਸੂਬੇ ਦੀ 'ਆਪ' ਸਰਕਾਰ ਨੇ ਡੇਢ ਸਾਲਾਂ ਕਾਰਜਕਾਲ ਦੌਰਾਨ ਲੋਕ ਹਿੱਤਾਂ ਲਈ ਇੱਕ ਵੀ ਉਪਰਾਲਾ ਨਾ ਕੀਤਾ। ਕਰਨਵੀਰ ਢਿੱਲੋਂ ਨੇ ਕਿਹਾ ਕਿ ਅੱਜ ਪੰਜਾਬ ਵਿਚ ਜੋ ਵਿਕਾਸ ਕਾਰਜ ਚੱਲ ਰਹੇ ਹਨ ਉਹ ਵੀ ਕੇਂਦਰ ਸਰਕਾਰ ਦੀ ਦੇਣ ਹੈ ਅਤੇ ਸੂਬੇ ਅੰਦਰ ਹੜ੍ਹਾਂ ਦੌਰਾਨ ਜੋ ਭਾਰੀ ਨੁਕਸਾਨ ਹੋਇਆ ਉਸ ਲਈ 'ਆਪ' ਸਰਕਾਰ ਨੇ ਧੇਲਾ ਨਹੀਂ ਦਿੱਤਾ, ਜਦਕਿ ਕੇਂਦਰ ਸਰਕਾਰ ਨੇ ਕਰੋੜਾਂ ਰੁਪਏ ਦੀ ਰਾਹਤ ਰਾਸ਼ੀ ਮੁਹੱਈਆ ਕਰਾਈ। ਇਸ ਮੌਕੇ ਜ਼ਿਲਾ ਉਪ ਪ੍ਰਧਾਨ ਰਾਜੇਸ਼ ਲੀਹਲ, ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ, ਡਾ. ਸੰਜੀਵ ਗਰਗ, ਸਤੀਸ਼ ਸਿੰਗਲਾ, ਡਾ. ਪ੍ਰਵੀਨ ਗੋਇਲ, ਸੰਜੀਵ ਲੀਹਲ, ਰਮਨਦੀਪ ਸਿੰਘ ਬਹਿਲੋਲਪੁਰ, ਪਵਨ ਸਿੰਗਲਾ, ਸੁਖਪ੍ਰੀਤ ਸਿੰਘ ਝੜੌਦੀ, ਜਸਦੇਵ ਸਿੰਘ ਟਾਂਡਾ, ਰਮੇਸ਼ ਸ਼ਰਮਾ, ਚੰਦਨ ਸਾਹਨੀ, ਜਗਜੀਤ ਮਹਿਰਾ, ਮਨੋਜ ਬਾਂਸਲ, ਨਰੇਸ਼ ਖੇੜਾ, ਗੁਰਦੇਵ ਸੰਧੂ, ਸੁੱਖੀ ਸ਼ਰਮਾ, ਜਤਿੰਦਰ ਬਾਲੀ, ਸਤੀਸ਼ ਕੁਮਾਰ, ਸੰਜੀਵ ਮਹਿੰਦਰੂ, ਪੀ.ਏ. ਲਵੀ ਢਿੱਲੋਂ, ਰਾਜੇਸ਼ ਬਿੱਟੂ, ਕੁਲਦੀਪ ਸਿੰਘ, ਰੌਬੀ ਮਲਹੋਤਰਾ, ਬੋਨੀ ਮਿੱਤਲ ਮੌਜੂਦ ਸਨ।

## ਕਾਤਰਾਂ

### ਬਲਵੰਤ ਸਿੰਘ ਨੇ ਬਤੌਰ ਲੋਕਪਾਲ ਅਹੁਦਾ ਸੰਭਾਲਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸ੍ਰੀ ਬਲਵੰਤ ਸਿੰਘ ਨੇ ਮਗਨੇਗਾ ਗਤੀਵਿਧੀਆਂ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਬਤੌਰ ਲੋਕਪਾਲ ਵਧੀਕ ਡਿਪਟੀ ਕਮਿਸ਼ਨਰ (ਵਿ)-ਕਮ-ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ), ਸ੍ਰੀ ਮੁਕਤਸਰ ਸਾਹਿਬ ਦੇ ਦਫ਼ਤਰ ਵਿਖੇ ਜੁਆਇੰਨ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮਗਨਰੇਗਾ ਅਤੇ ਪੀ.ਐਮ.ਏ.ਵਾਈ (ਜੀ) ਨਾਲ ਸਬੰਧਤ ਕਿਸੇ ਨੂੰ ਕੋਈ ਵੀ ਸ਼ਿਕਾਇਤਾਂ ਹੈ ਜਾਂ ਸੁਝਾਅ ਦੇਣ ਚਾਹੁੰਦਾ ਹੈ ਜਾਂ ਆਪਣੀ ਦਰਖਾਸਤ ਸੰਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਸ੍ਰੀ ਮੁਕਤਸਰ ਸਾਹਿਬ, ਮਲੋਟ ਗਿੱਦੜਬਾਹਾ ਅਤੇ ਲੰਬੀ ਦੇ ਦਫਤਰ ਰਾਹੀਂ ਜਾਂ ਸਿੱਧੇ ਤੌਰ 'ਤੇ ਜਾਂ ਦਫ਼ਤਰ ਲੋਕਪਾਲ ਸਥਾਨ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਵਿਖੇ ਸੰਪਰਕ ਕਰ ਸਕਦਾ ਹੈ।

### ਨਾਬਾਲਗ ਵਿਦਿਆਰਥਣ ਨੂੰ ਵਰਗਲਾ ਕੇ ਲਿਜਾਣ ਵਾਲੇ ਖਿਲਾਫ਼ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਪੁਲਸ ਵਲੋਂ ਨਾਬਾਲਗ ਵਿਦਿਆਰਥਣ ਨੂੰ ਵਰਗਲਾ ਕੇ ਲਿਜਾਣ ਦੇ ਕਥਿਤ ਦੋਸ਼ ਹੇਠ ਛੋਟੂ ਕੁਮਾਰ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਨਾਬਾਲਗ ਲੜਕੀ ਰੀਨਾ (ਕਾਲਪਨਿਕ ਨਾਂਅ) ਦੇ ਪਿਤਾ ਨੇ ਪੁਲਿਸ ਕੋਲ ਬਿਆਨ ਦਰਜ ਕਰਾਏ ਕਿ ਉਸਦੀ ਲੜਕੀ ਪੰਜਵੀਂ ਜਮਾਤ ਦੀ ਵਿਦਿਆਰਥਣ ਹੈ। ਉਹ ਤੇ ਉਸਦੀ ਪਤਨੀ ਫੈਕਟਰੀ ਵਿਚ ਕੰਮ ਕਰਦੇ ਹਨ ਅਤੇ ਰੋਜ਼ਾਨਾਂ ਦੀ ਤਰ੍ਹਾਂ ਡਿਊਟੀ 'ਤੇ ਗਏ ਹੋਏ ਸਨ ਕਿ ਪਿੱਛੋਂ ਅਚਾਨਕ ਉਨ੍ਹਾਂ ਦੀ ਨਾਬਾਲਗ ਲੜਕੀ ਘਰ ਕੁਝ ਦੱਸੇ ਬਿਨਾਂ ਲਾਪਤਾ ਹੋ ਗਈ, ਜਦੋਂ ਪਰਵਾਰਕ ਮੈਂਬਰਾਂ ਵਲੋਂ ਆਸ-ਪਾਸ ਇਸ ਦੀ ਤਲਾਸ਼ ਕੀਤੀ ਗਈ ਤਾਂ ਪਤਾ ਲੱਗਾ ਕਿ ਗੁਆਂਢ ਵਿਚ ਰਹਿੰਦਾ 18 ਸਾਲਾਂ ਲੜਕਾ ਛੋਟੂ ਕੁਮਾਰ ਲੜਕੀ ਨੂੰ ਵਿਆਹ ਕਰਾਉਣ ਦੀ ਨੀਅਤ ਨਾਲ ਵਰਗਲਾ ਕੇ ਲੈ ਗਿਆ ਹੈ। ਪੁਲਸ ਵਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਛੋਟੂ ਕੁਮਾਰ ਖਿਲਾਫ਼ ਮਾਮਲਾ ਦਰਜ ਕਰ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

### ਨਗਰ ਕੌਂਸਲ ਚੋਣਾਂ ਸਬੰਧੀ ਹੋਈ ਅਕਾਲੀ ਦਲ ਦੀ ਵਿਚਾਰ-ਚਰਚਾ

**ਬਾਘਾਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੀਰਥ ਸਿੰਘ ਮਾਹਲਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਸਰਕਲ ਪ੍ਰਧਾਨ ਬਲਤੇਜ ਸਿੰਘ ਲੰਗੇਆਣਾ, ਅਮਰਜੀਤ ਸਿੰਘ ਮਾਣੂੰਕੇ ਸਾਬਕਾ ਚੇਅਰਮੈਨ, ਜਗਮੋਹਨ ਸਿੰਘ ਜੈ ਸਿੰਘ ਵਾਲਾ, ਸੁਖਜੀਤ ਸਿੰਘ ਮਾਹਲਾ ਵੱਲੋਂ ਵਿੱਕੀ ਫੂਲੇਵਾਲੀਆਂ ਦੇ ਗ੍ਰਹਿ ਵਿਖੇ ਅਕਾਲੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਉਪਰੰਤ ਚਾਰ ਉਮੀਦਵਾਰ ਦਾ ਐਲਾਨ ਕੀਤਾ ਗਿਆ, ਜਿਨ੍ਹਾਂ ਵਿੱਚ ਪਵਨ ਢੰਡ ਵਾਰਡ ਨੰ 12, ਚਰਨਪ੍ਰੀਤ ਸਿੰਘ ਵਾਰਡ ਨੰ 4, ਕਮਲਜੀਤ ਕੌਰ ਵਾਰਡ ਨੰ 11, ਸਤਨਾਮ ਸਿੰਘ ਬਰਾੜ ਵਾਰਡ 10 ਨੰ ਦਾ ਐਲਾਨ ਕਰ ਦਿੱਤਾ ਗਿਆ ਤੇ 11 ਉਮੀਦਵਾਰਾਂ ਦਾ ਵੀ ਜਲਦੀ ਐਲਾਨ ਕਰ ਦਿੱਤਾ ਜਾਵੇਗਾ। ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਪੌਣੇ ਦੋ ਸਾਲ ਹੋ ਚੁੱਕੇ ਹਨ। 'ਆਪ' ਸਰਕਾਰ ਬਣੀ ਨੂੰ ਪਰ ਸ਼ਹਿਰ ਵਿੱਚ ਇੱਕ ਵਿਕਾਸ ਨਹੀਂ ਹੋਇਆ, ਜੋ ਵੀ ਵਿਕਾਸ ਹੋਇਆ ਹੈ ਉਹ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹੀ ਹੋਇਆ ਹੈ, ਜੋ ਸਹੂਲਤਾਂ ਲੋਕਾਂ ਨੂੰ ਮਿਲੀਆਂ, ਉਹ ਅਕਾਲੀ ਸਰਕਾਰ ਵੇਲੇ ਹੀ ਮਿਲੀਆਂ ਹਨ।

# ਸਰਕਾਰੀ ਹਾਈ ਸਕੂਲ ਕੜ੍ਹਮਾਂ 'ਚ ਮਨਾਇਆ ਅਧਿਆਪਕ ਦਿਵਸ



**ਮਮਦੋਟ (ਹਰਪਾਲ ਸਿੰਘ ਸੋਢੀ)**

ਰਾਸ਼ਟਰੀ ਅਧਿਆਪਕ ਦਿਵਸ ਮੌਕੇ ਸਰਕਾਰੀ ਹਾਈ ਸਕੂਲ ਕੜ੍ਹਮਾਂ ਵਿਖੇ ਅੰਤਰਰਾਸ਼ਟਰੀ ਸੰਸਥਾ ਲਾਇਨਜ ਕਲੱਬ ਸਤਲੁਜ ਫ਼ਿਰੋਜ਼ਪੁਰ ਛਾਉਣੀ ਵੱਲੋਂ ਅਧਿਆਪਕ ਦਿਵਸ ਮਨਾਇਆ ਗਿਆ। ਕਲੱਬ ਪ੍ਰਧਾਨ ਸ੍ਰੀ ਰਾਮ ਚੰਦ, ਸਕੱਤਰ ਸ੍ਰੀ ਨਿਤਿਨ ਅਗਰਵਾਲ ਤੇ ਰੀਜਨਲ ਚੇਅਰਪਰਸਨ ਸ੍ਰੀ ਵਿਜੇ ਸਤੀਜਾ ਅਤੇ ਸਮੁੱਚੀ ਟੀਮ ਨੇ ਸਕੂਲ ਪਹੁੰਚ ਕੇ ਸਾਰੇ ਅਧਿਆਪਕਾਂ ਨੂੰ ਸਨਮਾਨਤ ਕੀਤਾ। ਕਲੱਬ ਪ੍ਰਧਾਨ ਨੇ ਦੱਸਿਆ ਕਿ ਆਧਿਆਪਕ ਕੌਮ ਦੇ ਸਿਰਜਣਹਾਰ ਹਨ ਤੇ ਇਸ ਦਿਨ 'ਤੇ ਉਨ੍ਹਾਂ ਨੂੰ ਸਨਮਾਨਤ ਕਰਨਾ ਸਾਡੇ ਕਲੱਬ ਲਈ ਮਾਣ ਵਾਲੀ ਗੱਲ ਹੈ।

ਸਕੂਲ ਮੁਖੀ ਚਰਨ ਸਿੰਘ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਆਧਿਆਪਕ ਦੇਸ ਦੇ ਨਿਰਮਾਤਾ ਹਨ ਅਤੇ ਹਰ ਦਿਨ ਉਨ੍ਹਾਂ ਲਈ ਨਵਾਂ ਹੁੰਦਾ ਹੈ ਅਤੇ ਹਰ ਦਿਨ ਉਹ ਆਪਣੇ ਬੱਚਿਆਂ ਲਈ ਕੁਝ ਨਾ ਕੁਝ ਸਿਰਜਨਾਤਮਕ ਕਰਦੇ ਰਹਿੰਦੇ ਹਨ। ਸਮਾਜ ਵਿੱਚ ਇਨ੍ਹਾਂ ਨੂੰ ਸਨਮਾਨਯੋਗ ਸਥਾਨ ਹਾਸਲ ਹੈ ਅਤੇ ਵਰਤਮਾਨ ਸਮੇਂ ਵਿੱਚ ਇਹ ਸਤਿਕਾਰ ਤੇ ਮਾਣ ਮਿਲਣਾ ਇਸ ਕਿੱਤੇ ਦੀ ਮਹਾਨਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਕਲੱਬ ਮੈਂਬਰਾਂ ਵਿੱਚ ਸ੍ਰੀ ਆਸ਼ੀਸ਼ ਅਗਰਵਾਲ, ਅਜੇ ਕਪੂਰ, ਸਤੀਸ਼ ਸ਼ਰਮਾ, ਕ੍ਰਿਸ਼ਨ ਜੈਨ ਅਤੇ ਅਧਿਆਪਕਾਂ ਵਿੱਚ ਸ੍ਰੀ ਪ੍ਰੀਤਮ ਚੰਦ, ਵਰੁਣ ਧਵਨ, ਰਮਨਦੀਪ ਸਰਮਾ, ਦੀਪਕ ਕੱਕੜ, ਰਾਹੁਲ ਬਜਾਜ, ਸਵਰਨਜੀਤ ਕੌਰ, ਜਸਵਿੰਦਰ ਕੌਰ ਅਤੇ ਗਗਨਦੀਪ ਕੌਰ ਹਾਜ਼ਰ ਸਨ।

# ਸਪਰਿੰਗ ਡਿਊ 'ਚ ਅਧਿਆਪਕ ਦਿਵਸ ਮਨਾਇਆ

**ਜਗਰਾਉਂ (ਅਮਿਤ ਖੰਨਾ)**

ਅਧਿਆਪਕ ਦਿਵਸ ਮੌਕੇ 'ਤੇ ਸਪਰਿੰਗ ਡਿਊ ਪਬਲਿਕ ਸਕੂਲ ਵਿਖੇ ਵਿਸ਼ੇਸ ਤੌਰ 'ਤੇ ਅਧਿਆਪਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਸਮਾਗਮ ਵਿੱਚ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੇ ਸਵੇਰ ਦੀ ਅਸੰਬਲੀ ਵਿੱਚ ਬਹੁਤ ਹੀ ਖੂਬਸੂਰਤੀ ਨਾਲ ਅਧਿਆਪਕਾ ਦੀ ਮਹੱਤਤਾ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਆਪਣੇ ਸੰਬੋਧਨ ਵਿੱਚ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਕਿਹਾ ਕਿ ਅਧਿਆਪਕ ਇੱਕ ਅਜਿਹਾ ਧੁਰਾ ਹੈ, ਜਿਸਦੇ ਆਲੇ-ਦੁਆਲੇ ਸਾਰੇ ਵਿਦਿਆਰਥੀ ਜਗਤ ਘੁੰਮਦਾ ਹੈ।

ਇਸ ਮੌਕੇ ਅਧਿਆਪਕ ਸ਼੍ਰੀ ਪਰਮਵੀਰ ਸਿੰਘ ਤੇ ਮੈਡਮ ਪਰਮਜੀਤ ਕੌਰ ਵਿਰਦੀ ਵੱਲੋਂ ਅਧਿਆਪਕ ਵਿਸ਼ੇ 'ਤੇ ਕਵਿਤਾ ਗਾਇਣ ਕੀਤੀ ਗਈ। ਇਸ ਮੌਕੇ ਸਾਰੇ ਅਧਿਆਪਕਾਂ ਨੂੰ ਪ੍ਰਬੰਧਕੀ ਕਮੇਟੀ ਵੱਲੋਂ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਅਧਿਆਪਕ ਦਿਵਸ ਤੇ ਸਾਰੇ ਅਧਿਆਪਕ ਸਾਹਿਬਾਨ ਨੂੰ ਮੁਬਾਰਕਬਾਦ ਦਿੱਤੀ ਤੇ ਸਾਰੇ ਅਧਿਆਪਕ ਸਟਾਫ਼ ਨੂੰ ਨੇਸ਼ਨ ਬਿਲਡਰ ਦੇ ਨਾਂਅ ਨਾਲ ਸਨਮਾਨਤ ਕੀਤਾ ਗਿਆ। ਸਕੂਲ ਵਿਦਿਆਰਥੀਆਂ ਵੱਲੋਂ ਸਕੂਲ ਦੇ ਆਲੇ ਦੁਆਲੇ ਛਾਂਦਾਰ ਬੂਟੇ ਲਾਏ ਗਏ। ਅੰਤ ਵਿੱਚ ਸਾਰੇ ਅਧਿਆਪਕਾਂ ਦੀ ਖਾਸ ਤੌਰ 'ਤੇ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਖੂਬਸੂਰਤ ਕਾਰਡ ਬਣਾ ਕੇ ਅਤੇ ਬੈਚ ਲਾ ਕੇ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ। ਕੇਕ ਕੱਟ ਕੇ ਉਨ੍ਹਾਂ ਵੱਲੋਂ ਸਾਰੇ ਅਧਿਆਪਕਾਂ ਦਾ ਮੂੰਹ ਵੀ ਮਿੱਠਾ ਕਰਾਇਆ ਗਿਆ। ਸਮਾਗਮ ਵਿੱਚ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਚੌਹਾਨ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਛਾਬੜਾ ਤੇ ਮੈਨੇਜਰ ਮਨਦੀਪ ਚੌਹਾਨ ਵੀ ਹਾਜ਼ਰ ਸਨ।

# ਸਮਾਗਮ ਦੇ ਸੱਦਾ ਪੱਤਰ ਏ ਡੀ ਸੀ ਤੇ ਮੈਂਬਰਾਂ ਨੇ ਕੀਤੇ ਜਾਰੀ



**ਜਗਰਾਉਂ (ਸੰਜੀਵ ਅਰੋੜਾ)**-ਸ੍ਰੀ ਰਾਧਾ ਕੇਸ਼ਵ ਭਾਗਵਤ ਸੇਵਾ ਸੰਮਤੀ ਵੱਲੋਂ ਕਰਵਾਈ ਜਾ ਰਹੀ ਸ੍ਰੀਮਦ ਭਾਗਵਤ ਕਥਾ ਦੇ ਕਾਰਡ ਏ. ਡੀ. ਸੀ ਮੇਜਰ ਅਮਿਤ ਸਰੀਨ ਤੇ ਸੰਮਤੀ ਮੈਂਬਰਾਂ ਵੱਲੋਂ ਜਾਰੀ ਕੀਤਾ ਗਿਆ। ਸਥਾਨਕ ਲੰਮਿਆਂ ਵਾਲੇ ਬਾਗ ਵਿਖੇ ਕਰਵਾਏ ਸਮਾਗਮ ਸਮੇਂ ਸੰਮਤੀ ਮੈਂਬਰਾਂ ਨੇ ਦੱਸਿਆ ਕਿ ਸ੍ਰੀਮਦ ਭਾਗਵਤ ਕਥਾ 6 ਤੋਂ 12 ਅਕਤੂਬਰ ਤੱਕ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗੀ।

ਉਨ੍ਹਾਂ ਦੱਸਿਆ ਕਿ ਸ੍ਰੀਮਦ ਭਾਗਵਤ ਕਥਾ ਸਬੰਧੀ ਕਲਸ਼ ਯਾਤਰਾ 6 ਅਕਤੂਬਰ ਨੂੰ ਪੁਰਾਣੀ ਦਾਣਾ ਮੰਡੀ ਤੋਂ ਸ਼ੁਰੂ ਹੋ ਕੇ ਕਮਲ ਚੌਂਕ ਨੇੜੇ ਯੱਗ ਸਥਾਨ ਸਨਮਤੀ ਮਾਤਰੀ ਸੇਵਾ ਸੰਘ ਹਾਲ ਤੱਕ ਚੱਲੇਗੀ। ਸਮਾਗਮ ਦੇ ਪ੍ਰਬੰਧਕ ਰਾਜੀਵ ਗੁਪਤਾ ਨੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਤੇ ਆਪਣੇ ਪੁਰਖਿਆਂ ਦੀ ਭਲਾਈ ਲਈ ਇਸ ਧਾਰਮਿਕ ਕਾਰਜ 'ਚ ਸਹਿਯੋਗ ਦੇਣ ਤੇ ਧਰਮ ਯੱਗ ਦੇ ਮੈਂਬਰ ਬਣਨ। ਉਨ੍ਹਾਂ ਦੱਸਿਆ ਕਿ ਜਗਰਾਉਂ ਵੱਲੋਂ ਪਹਿਲੀ ਵਾਰ ਗਊ ਸੇਵਾ ਨੂੰ ਸਮਰਪਤ ਸ੍ਰੀ ਰਾਧਾ ਰਾਣੀ ਜੀ ਦੀ ਅਪੀਰ ਕ੍ਰਿਪਾ ਨਾਲ ਵਿਸ਼ਵ ਪ੍ਰਸਿੱਧ ਭਾਗਵਤ ਕਥਾ ਵਾਚਕ ਚਿੱਤਰ ਲੇਖਾ ਵਰਿੰਦਾਵਨ ਤੋਂ ਪੁੱਜ ਰਹੇ ਹਨ। ਇਸ ਮੌਕੇ ਭਾਜਪਾ ਸਟੇਟ ਕਾਰਜਕਰਨੀ ਮੈਂਬਰ ਗੌਰਵ ਖੁੱਲ੍ਹਰ, ਲੋਕ ਸੇਵਾ ਸੁਸਾਇਟੀ ਦੇ ਪ੍ਰਧਾਨ ਕੰਵਲ ਕੱਕੜ, ਚੇਅਰਮੈਨ ਗੁਲਸ਼ਨ ਅਰੋੜਾ, ਸ਼ਿਵ ਗੋਇਲ, ਭੂਸ਼ਣ ਗੋਇਲ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਕਨ੍ਹੱਈਆ ਗੁਪਤਾ ਬਾਂਕਾ, ਐਡਵੋਕੇਟ ਨਵੀਨ ਗੁਪਤਾ, ਧਰਮਵੀਰ ਗੋਇਲ, ਰਾਜਨ ਸਿੰਗਲਾ ਰਾਜਾ, ਵਿਨੋਦ ਗਰਗ, ਡਾ: ਗੁਰਦਰਸ਼ਨ ਮਿੱਤਲ, ਹਰੀ ਓਮ ਮਿੱਤਲ, ਸੁਨੀਲ ਗੁਪਤਾ, ਡਾ: ਵਿਵੇਕ ਗੋਇਲ, ਸੁਰਿੰਦਰ ਗੁਪਤਾ, ਹਰੀ ਓਮ ਗਰਗ, ਡਾ: ਮਦਨ ਮਿੱਤਲ, ਸਮੀਰ ਗੋਇਲ ਤੇ ਵਿਪਨ ਗਰਗ ਤੋਂ ਇਲਾਵਾ ਹੀਰਾ ਹਸਪਤਾਲ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਰਣਜੀਤਗੜ੍ਹ 'ਚ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਕੁਲ ਭੂਸ਼ਨ ਚਾਵਲਾ)**-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਤੇ ਸ੍ਰੀ ਗੌਰਵ ਯਾਦਵ ਡੀ.ਜੀ.ਪੀ. ਵੱਲੋਂ ਸੂਬੇ ਅੰਦਰ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ, ਐਸ.ਐਸ.ਪੀ ਦੀਆਂ ਹਦਾਇਤਾਂ ਤਹਿਤ ਜਿੱਥੇ ਸਾਰੇ ਜ਼ਿਲ੍ਹੇ ਅੰਦਰ ਨਾਕਾਬੰਦੀ ਕਰਕੇ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ, ਉੱਥੇ ਹੀ ਵੱਖ-ਵੱਖ ਟੀਮਾਂ ਵੱਲੋਂ ਪਿੰਡਾਂ ਅੰਦਰ ਸੈਮੀਨਾਰ ਲਾ ਕੇ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਜਾ ਰਿਹਾ ਹੈ, ਇਸੇ ਤਹਿਤ ਸ੍ਰੀ ਕੁਲਵੰਤ ਰਾਏ ਐਸ. ਪੀ (ਐਚ) ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਂਦਿਆਂ ਪਿੰਡ ਰਣਜੀਤਗੜ੍ਹ ਵਿਖੇ ਗੁਰੂ ਘਰ ਵਿੱਚ ਸਮੂਹ ਪੰਚਾਇਤ ਤੇ ਨਗਰ ਨਿਵਾਸੀਆਂ ਨਾਲ ਨਸ਼ਿਆਂ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਸਤਨਾਮ ਸਿੰਘ ਡੀ.ਐਸ.ਪੀ (ਸ੍ਰੀ ਮੁਕਤਸਰ ਸਾਹਿਬ) ਤੇ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫ਼ਸਰ ਥਾਣਾ ਸਦਰ ਤੇ ਅਵੇਰਨੈੱਸ ਟੀਮ ਸਮੇਤ 150 ਦੇ ਕਰੀਬ ਨਗਰ ਨਿਵਾਸੀ ਹਾਜ਼ਰ ਸਨ। ਇਸ ਮੌਕੇ ਏ.ਐਸ.ਆਈ ਹਰਿਮੰਦਰ ਸਿੰਘ ਅਤੇ ਏ.ਐਸ.ਆਈ ਗੁਰਜੰਟ ਸਿੰਘ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਐਸ.ਪੀ ਕੁਲਵੰਤ ਰਾਏ ਨੇ ਕਿਹਾ ਕਿ ਨਸ਼ਿਆਂ ਖਿਲਾਫ਼ ਆਪਾਂ ਸਭ ਨੂੰ ਇਕਜੁਟ ਹੋਣਾ ਪੈਣਾ ਹੈ, ਕਿਉਂਕਿ ਨਸ਼ੇ ਕਰਨ ਵਾਲੇ ਜਿੱਥੇ ਆਰਥਿਕ ਤੰਗੀ ਤੋਂ ਜੂਝਦੇ ਹਨ, ਉੱਥੇ ਹੀ ਤਲਾਕ ਦਾ ਮੁੱਖ ਕਾਰਨ ਵੀ ਨਸ਼ੇ ਹੀ ਹਨ। ਉਨ੍ਹਾਂ ਦੱਸਿਆ ਕਿ ਆਪਣੇ ਬੱਚਿਆਂ ਦੇ ਖਾਣ ਪੀਣ ਅਤੇ ਉਨ੍ਹਾਂ ਦੀ ਸੰਗਤ ਦਾ ਧਿਆਨ ਰੱਖਣਾ ਪੈਣਾ ਹੈ, ਕਿਤੇ ਉਹ ਕੋਈ ਮਾੜੀ ਸੰਗਤ ਵਿੱਚ ਤਾਂ ਨਹੀਂ ਫਸ ਰਹੇ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਕੋਈ ਮਾੜੀ ਸੰਗਤ ਵਿੱਚ ਫਸਦੇ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਬੜੇ ਪਿਆਰ ਦੇ ਨਾਲ ਸਮਝਾਉਣਾ ਚਾਹੀਦਾ ਹੈ।

# ਸਮਾਣਾ ਕਲਾ ਮੰਚ ਵੱਲੋਂ ਸਾਵਨ ਕਵੀ ਦਰਬਾਰ ਆਯੋਜਿਤ



**ਸਮਾਣਾ (ਇਕਬਾਲ ਸਿੰਘ)**-ਸਮਾਣਾ ਕਲਾ ਮੰਚ ਵੱਲੋਂ ਰੋਟਰੀ ਭਵਨ ਵਿੱਚ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਪ੍ਰਦਮਨ ਸਿੰਘ ਵਿਰਕ (ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀ: ਸੈਕੰਡਰੀ ਸਕੂਲ ਫ਼ਤਿਹਪੁਰ) ਦੀ ਰਹਿਨੁਮਾਈ ਵਿੱਚ ਸਾਵਨ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਕਲਾ ਮੰਚ ਦੇ ਸੁਭਾਸ਼ ਪੰਜਰਥ ਦੀ ਸਰਪ੍ਰਸਤੀ ਤੇ ਵਿਜੇ ਡਾਵਰ ਦੀ ਪ੍ਰਧਾਨਗੀ ਵਿੱਚ ਕਰਾਏ ਗਏ ਇਸ ਕਵੀ ਦਰਬਾਰ ਵਿਚ ਜਿਥੇ ਮੁੱਖ ਮਹਿਮਾਨ ਵਜੋਂ ਮਿਲੇਨੀਅਮ ਵਰਲਡ ਸਕੂਲ ਦੇ ਚੇਅਰਮੈਨ ਸਾਬਕਾ ਰੋਟਰੀ ਗਵਰਨਰ ਡਾ: ਕੇ.ਕੇ.ਜੋਹਰੀ, ਡਾ. ਸੁਰਿੰਦਰਾ ਜੋਹਰੀ ਸ਼ਾਮਲ ਹੋਏ, ਉਥੇ ਵਿਸ਼ੇਸ਼ ਮਹਿਮਾਨ ਵਜੋਂ ਵ੍ਹਾਈਟ ਗੋਲਡ ਫੈਬਰ ਦੇ ਐਮ. ਡੀ. ਗੋਰਵ ਅਗਰਵਾਲ ਅਤੇ ਉਨ੍ਹਾਂ ਦੇ ਪਿਤਾ ਉਦਯੋਗਪਤੀ ਰਾਜਿੰਦਰ ਗਰਗ ਨੇ ਸ਼ਿਰਕਤ ਕੀਤੀ, ਜਿਨ੍ਹਾਂ ਸ਼ਮ੍ਹਾ ਰੌਸ਼ਨ ਕਰਕੇ ਸਮਾਗਮ ਦੀ ਆਰੰਭਤਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੁਭਾਸ਼ ਪੰਜਰਥ, ਐਡਵੋਕੇਟ ਵਿਜੇ ਡਾਵਰ, ਜਨਰਲ ਸੈਕਟਰੀ ਵਿਜੇ ਪਾਹਵਾ, ਕੈਸ਼ੀਅਰ ਜਸਵਿੰਦਰ ਸਿੰਘ ਦਰਦ, ਮੀਤ ਪ੍ਰਧਾਨ ਰਾਕੇਸ਼ ਅਧਿਆਪਕ, ਪ੍ਰੋਗਰਾਮ ਕੋਆਰਡੀਨੇਟਰ ਮਾਸਟਰ ਪਰਮਜੀਤ ਸਿੰਘ ਅਤੇ ਅਸ਼ੋਕ ਥਰੇਜਾ ਵੀ ਮੌਜੂਦ ਸਨ। ਵਿਜੇ ਡਾਵਰ ਨੇ ਆਏ ਹੋਏ ਮਹਿਮਾਨਾਂ, ਕਵੀਆਂ ਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ ਅਤੇ ਸੁਭਾਸ਼ ਪੰਜਰਥ ਨੇ ਸਮਾਣਾ ਕਲਾ ਮੰਚ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।

ਕਵੀ ਦਰਬਾਰ ਦੀ ਸ਼ੁਰੂਆਤ ਧਰਮ ਕੰਮੇਆਣਾ ਨੇ ਆਪਣੇ ਕਲਾਮ 'ਮੈਂ ਕੁਝ ਹੋਰ ਲਿਖਦਾ ਹਾਂ, ਅਰਥ ਕੁਝ ਹੋਰ ਬਣਦੇ ਨੇ', 'ਪਿੱਪਲਾਂ 'ਤੇ ਪੀਂਘਾਂ ਪਾਓ ਨੀਂ ਪੰਜਾਬਣੋਂ, ਗੀਤ ਨਵਾਂ ਜ਼ਿੰਦਗੀ ਦਾ ਗਾਓ ਨੀ ਪੰਜਾਬਣੋਂ' ਰਾਹੀ ਕੀਤੀ। ਇਸ ਉਪਰੰਤ ਅਮ੍ਰਿਤਪਾਲ ਸਿੰਘ ਸੈਦਾ, ਹੀਰਾ ਸਿੰਘ ਕੋਮਲ, ਤਰਲੋਚਨ ਮੀਰ, ਪ੍ਰਭਾਤ ਵਰਮਾ, ਹਰਜਿੰਦਰ ਸਿੰਘ ਪਟਿਆਲਾ, ਬਲਵੰਤ ਪ੍ਰੀਤ, ਅਮ੍ਰਿਤਪਾਲ ਕੌਰ,ਚਰਨਜੀਤ ਕੌਰ, ਤੇਜਿੰਦਰ ਸਿੰਘ ਅਜਨਾਲਾ, ਸਤਪਾਲ ਜੋਹਰੀ, ਮਦਨ ਲਾਲ, ਲਛਮਨ ਅਨਮੋਨ, ਡਾ: ਕਰਨੈਲ ਸਿੰਘ, ਹਰਜੀਤ ਕੌਰ ਵਿਰਕ, ਹਰਮਿੰਦਰ ਸਿੰਘ, ਅਵਤਾਰ ਮਾਨ, ਗੁਰਜੀਤ ਸਿੰਘ ਫੌਜੀ, ਪ੍ਰਵੀਨ ਗਰਗ, ਸਤਪਾਲ ਸਮਾਨਵੀ, ਮਨਸਾ ਸਿੰਘ ਬਿਜਲਪੁਰ, ਸੁੱਖ ਸੁਖਵਿੰਦਰ ਸਿੰਘ ਨੇ ਆਪੋ-ਆਪਣੇ ਕਲਾਮ ਪੇਸ਼ ਕਰਕੇ ਸਮਾਜ ਵਿਚ ਫੈਲੀਆਂ ਕੁਰੀਤੀਆਂ 'ਤੇ ਚੋਟ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਕੇ.ਕੇ.ਜੋਹਰੀ, ਪ੍ਰਦਮਨ ਸਿੰਘ ਵਿਰਕਅਤੇ ਡਾ: ਹਰਭਜਨ ਸਿੰਘ ਨੇ ਸਮਾਣਾ ਕਲਾ ਮੰਚ ਵੱਲੋਂ ਕਰਾਏ ਕਵੀ ਦਰਬਾਰ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਖਿਆਂ ਕਿ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਅਜਿਹੇ ਸਮਾਗਮ ਕਰਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਗੰਦਲੀ ਰਾਜਨੀਤੀ ਤੇ ਬੇਰੁਜ਼ਗਾਰੀ ਕਾਰਨ ਸਾਢੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿਚ ਜਾਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸ ਦੌਰਾਨ ਜਿੱਥੇ ਸੰਸਥਾ ਵੱਲੋਂ ਵਿਜੇ ਪਾਹਵਾ ਨੇ ਸਭ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ, ਉਥੇ ਮੰਚ ਸੰਚਾਲਕ ਦੀ ਭੂਮਿਕਾ ਲੇਖਿਕਾ ਡਾ. ਅਰਵਿੰਦਰ ਕੌਰ ਕਾਕੜਾ ਨੇ ਬਾਖੂਬੀ ਨਿਭਾਈ। ਇਸ ਮੌਕੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਰੋਟਰੀ ਕਲੱਬ ਪ੍ਰਧਾਨ ਡਾ. ਓਮ ਅਰੋੜਾ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸਾਬਕਾ ਪ੍ਰਧਾਨ ਜੀਵਨ ਗਰਗ, ਗੋਪਾਲ ਕ੍ਰਿਸ਼ਨ ਗਰਗ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਸੰਜੂ ਕਕਰਾਲਾ, ਅਗਰਵਾਲ ਸਭਾ ਪ੍ਰਧਾਨ ਪਵਨ ਬਾਂਸਲ, ਉਦਯੋਗਪਤੀ ਪ੍ਰਦੀਪ ਗੋਇਲ ਮਿੰਕਾ, ਸ਼ਾਮ ਸਿੰਗਲਾ, ਮਾਸਟਰ ਜਸਵੀਰ ਸਿੰਘ, ਨੰਬਰਦਾਰ ਬੇਅੰਤ ਸਿੰਘ ਚੀਮਾ, ਪ੍ਰੇਮ ਗੋਇਲ ਤੇ ਕੇ.ਸੀ. ਅਰੋੜਾ ਆਦਿ ਵੀ ਹਾਜ਼ਰ ਸਨ।

# 'ਆਪ' ਨੇ ਵਾਅਦਿਆਂ ਨੂੰ ਇੱਕ ਸਾਲ ਦੇ ਅੰਦਰ ਪੂਰਾ ਕੀਤਾ : ਸ਼ੰਕਰ ਕਟਾਰੀਆ



**ਮੱਖੂ (ਰਛਪਾਲ ਸਿੰਘ ਸੰਧੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਵਾਅਦਿਆਂ ਨੂੰ ਇਕ ਸਾਲ ਦੇ ਅੰਦਰ ਪੂਰਾ ਕੀਤਾ ਗਿਆ ਤੇ ਸੂਬੇ ਨੂੰ ਖੁਸ਼ਹਾਲ ਬਣਾਉਣ ਲਈ ਬੇਰੋਜ਼ਗਾਰੀ ਨੂੰ ਵੀ ਦੂਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਯੂਥ ਆਗੂ ਸ਼ੰਕਰ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਦੀਆਂ ਵੱਖ-ਵੱਖ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਤਾਂ ਜੁ ਸ਼ਹਿਰੀ ਅਤੇ ਦਿਹਾਤੀ ਖੇਤਰ ਦੀ ਵਸੋਂ ਦਾ ਜੀਵਨ ਪੱਧਰ ਉੱਚਾ ਹੋ ਸਕੇ। ਸ਼ੰਕਰ ਕਟਾਰੀਆ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਿਨਾਂ ਪੱਖਪਾਤ ਹਰੇਕ ਵਰਗ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਕਰਾਏ ਜਾ ਰਹੇ ਸਰਵਪੱਖੀ ਵਿਕਾਸ ਅਤੇ ਭ੍ਰਿਸ਼ਟਾਚਾਰ ਨੂੰ ਪਾਈ ਜਾ ਰਹੀ ਠੱਲ੍ਹ ਵਰਗੇ ਕਰਾਏ ਜਾ ਰਹੇ ਅਨੇਕਾਂ ਕਾਰਜਾਂ ਅਤੇ ਸੁਚੱਜੀ ਨੀਤੀਆਂ ਤੋਂ ਖੁਸ਼ ਹੋ ਕੇ ਪੂਰੇ ਦੇਸ 'ਚ ਆਮ ਆਦਮੀ ਪਾਰਟੀ ਨੂੰ ਜਨਤਾ ਦਾ ਸਮਰਥਨ ਮਿਲ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦਿਨ-ਬ-ਦਿਨ ਮਜਬੂਤ ਹੋ ਰਹੀ ਹੈ। ਇਸ ਮੌਕੇ ਯੂਥ ਆਗੂ ਸੰਕਰ ਕਟਾਰੀਆ ਨਾਲ ਰਣਜੀਤ ਸਿੰਘ ਰਾਣਾ ਬਾਹਰਵਾਲੀ, ਰਾਜ ਸਿੰਘ ਝੰਡਾ ਬੱਗਾ, ਬੱਬੂ ਸ਼ਹਿਜ਼ਾਦਾ ਆਦਿ ਹਾਜ਼ਰ ਸਨ।

# ਸੀ ਪੀ ਆਈ (ਐੱਮ) ਵੱਲੋਂ ਜਨ-ਸੰਪਰਕ ਮੁਹਿੰਮ ਤਹਿਤ ਮਾਰਚ ਜਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਸੀ.ਪੀ.ਆਈ. (ਐੱਮ) ਵਲੋਂ ਪੂਰੇ ਦੇਸ਼ ਅੰਦਰ 1 ਤੋਂ 7 ਸਤੰਬਰ ਤੱਕ ਚਲਾਈ ਜਾ ਰਹੀ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਜਾਤੀਵਾਲ, ਸੈਂਸੋਵਾਲ ਕਲਾਂ, ਸੈਂਸੋਵਾਲ ਖੁਰਦ, ਮਿਲਕੋਵਾਲ, ਬੁੱਲੇਵਾਲ ਵਿਚ ਮਾਰਚ ਕੀਤਾ ਗਿਆ। ਇਸ ਮੌਕੇ ਸਕੱਤਰ ਨਿੱਕਾ ਸਿੰਘ ਖੇੜਾ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਮੁਹਿੰਮ ਦੌਰਾਨ ਵੱਖ-ਵੱਖ ਮੁੱਦੇ ਜਿਵੇਂ ਮਨੀਪੁਰ ਕਾਂਡ, ਹਰਿਆਣਾ ਵਿਚ ਫਿਰਕੂ ਧਰੁਵੀਕਰਨ ਨੂੰ ਤੇਜ ਕਰਨਾ, ਗਿਆਨਵਾਪੀ ਮਸਜਿਦ ਵਿਵਾਦ, ਸੰਘਵਾਦ ਉੱਪਰ ਹਮਲਾ, ਕੌਮੀ ਜਾਇਦਾਦਾਂ ਦੀ ਲੁੱਟ, ਔਰਤਾਂ ਅਤੇ ਬੱਚਿਆਂ ਦੇ ਖਿਲਾਫ਼ ਵੱਧ ਰਹੇ ਅਪਰਾਧ, ਕਬਾਇਲੀ ਲੋਕਾਂ ਦੀ ਰੋਸ ਰੈਨਲੀ, ਕੇਂਦਰੀ ਕਮੇਟੀ ਦੇ ਸੱਦੇ ਆਦਿ ਬਾਰੇ ਜਾਗਰੂਕ ਕੀਤਾ ਜਾਵੇਗਾ।

ਉਨ੍ਹਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ, ਹਰ ਤਰ੍ਹਾਂ ਦੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਕੁਦਰਤੀ ਸਰੋਤ ਪਾਣੀ ਨੂੰ ਰੀਚਾਰਜ ਕਰਨ ਲਈ ਪੁਖਤਾ ਕਦਮ ਪੁੱਟੇ ਜਾਣ, ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਰੋਕਿਆ ਜਾਵੇ, ਸਿੱਖਿਆ ਨੀਤੀ ਅਤੇ ਬਿਜਲੀ ਸੁਧਾਰ ਬਿੱਲ 2020 ਰੱਦ ਕੀਤੇ ਜਾਣ, ਮਨਰੇਗਾ ਸਕੀਮ ਨੂੰ ਪਾਰਦਰਸ਼ਤਾ ਨਾਲ ਸੂਬੇ ਅੰਦਰ ਲਾਗੂ ਕੀਤਾ ਜਾਵੇ, ਨਸ਼ਿਆਂ ਸਮੇਤ ਮੈਡੀਕਲ ਨਸ਼ਿਆਂ ਨੂੰ ਸਖ਼ਤੀ ਨਾਲ ਕੰਟਰੋਲ ਕੀਤਾ ਜਾਵੇ, ਗ਼ਰੀਬ ਲੋਕਾਂ ਦੇ ਕੱਟੇ ਨੀਲੇ ਕਾਰਡ ਮੁੜ ਬਹਾਲ ਕੀਤੇ ਜਾਣ, ਹਰ ਪ੍ਰਕਾਰ ਦੇ ਵਰਕਰ ਦੀ ਤਨਖਾਹ ਘੱਟੋ-ਘੱਟ 26 ਹਜ਼ਾਰ ਕੀਤੀ ਜਾਵੇ, ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਫਸਲਾਂ ਦੇ ਨੁਕਸਾਨ, ਮਨੁੱਖੀ ਜਾਨਾਂ ਅਤੇ ਡੰਗਰਾਂ ਦੀਆਂ ਹੋਈਆਂ ਮੌਤਾਂ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ।

ਇਸ ਮੌਕੇ ਸਾਥੀ ਪ੍ਰਕਾਸ਼ ਸਿੰਘ, ਹਰਦੇਵ ਸਿੰਘ ਬਾਗ, ਜਸਪਾਲ ਸਿੰਘ, ਛਿੰਦਰਪਾਲ ਸਿੰਘ, ਚਤਰ ਸਿੰਘ, ਪ੍ਰਿੰਸ ਖੇੜਾ, ਰਜਿੰਦਰ ਸਿੰਘ ਖੇੜਾ, ਹਾਕਮ ਸਿੰਘ, ਗੁਰਪ੍ਰੀਤ ਸਿੰਘ, ਭਜਨ ਕੌਰ, ਪਰਮਜੀਤ ਸਿੰਘ, ਲਖਵੀਰ ਸਿੰਘ, ਚਰਨਜੀਤ ਕੌਰ, ਜਸਵੀਰ ਸਿੰਘ ਆਦਿ ਵੀ ਮੌਜੂਦ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਦੇ ਤੀਜੇ ਦਿਨ ਖਿਡਾਰੀਆਂ ਨੇ ਵਿਖਾਇਆ ਉਤਸ਼ਾਹ



**ਭੀਖੀ (ਧਰਮਵੀਰ ਸ਼ਰਮਾ)**-ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਪੰਜਾਬ ਨੂੰ ਖੇਡਾਂ ਵਿਚ ਮੋਹਰੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਗਵਾਈ ਹੇਠ ਚੱਲ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ ਦੇ ਬਲਾਕ ਭੀਖੀ ਦੇ ਮੁਕਾਬਲੇ ਜੋ ਡੀ.ਐਸ.ਓ. ਨਵਜੋਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਚੱਲ ਰਹੇ ਹਨ, ਦੇ ਤੀਜੇ ਦਿਨ ਖਾਸ ਤੌਰ 'ਤੇ ਮੁੰਡਿਆਂ ਦੇ ਅੰਡਰ 17 ਸਾਲਾਂ ਮੁਕਾਬਲੇ ਕਰਾਏ ਗਏ।

ਮੁਕਾਬਲਿਆਂ ਨੂੰ ਐਮ.ਐਲ.ਏ. ਵਿਜੈ ਸਿੰਗਲਾ ਨੇ ਸ਼ੁਰੂ ਕਰਾਇਆ। ਇਸ ਮੌਕੇ ਉਨ੍ਹਾਂ ਨੇ ਟੀਮਾਂ ਨਾਲ ਜਾਣ-ਪਛਾਣ ਕੀਤੀ ਅਤੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਅਤੇ ਸਬੰਧਤ ਵਿਭਾਗਾਂ ਦਾ ਜਾਇਜ਼ਾ ਲਿਆ। ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਮੁਖੀ ਅਸਿ.ਪ੍ਰੋ. ਹਰਵਿੰਦਰ ਸਿੰਘ ਵੱਲੋਂ ਉਨ੍ਹਾਂ ਦਾ ਕਾਲਜ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚੋਂ ਵਾਲੀਵਾਲ ਲੜਕਿਆਂ ਅੰਡਰ 17 ਸਾਲਾਂ ਵਿੱਚੋਂ ਪਹਿਲਾ ਸਥਾਨ ਮੱਤੀ, ਦੂਜਾ ਸਥਾਨ ਖੀਵਾ ਖੁਰਦ ਅਤੇ ਤੀਜਾ ਸਥਾਨ ਅਕਲੀਆ ਨੇ ਹਾਸਲ ਕੀਤਾ। ਇਸੇ ਪ੍ਰਕਾਰ ਅਥਲੈਟਿਕਸ ਲੜਕਿਆਂ ਅੰਡਰ 14 ਸਾਲਾਂ ਵਿੱਚੋਂ 60 ਮੀਟਰ ਦੌੜ ਵਿੱਚੋਂ ਪਹਿਲਾ ਸਥਾਨ ਦਵਿੰਦਰ ਸਿੰਘ ਸਮਾਉਂ, ਦੂਜਾ ਸਥਾਨ ਬਰਨੂਰਦੀਪ ਸਿੰਘ ਪਬਲਿਕ ਸਕੂਲ ਫਫੜੇ ਭਾਈਕੇ ਨੇ ਹਾਸਲ ਕੀਤਾ। 600 ਮੀਟਰ ਵਿੱਚੋਂ ਸਨੀ ਸਿੰਘ ਢੈਪਈ ਨੇ ਪਹਿਲਾ ਤੇ ਮਨਦੀਪ ਸਿੰਘ ਢੈਪਈ ਨੇ ਦੂਜਾ ਸਥਾਨ ਹਾਸਲ ਕੀਤਾ। ਸ਼ਾਟਪੁੱਟ ਵਿੱਚੋਂ ਕਰਨਵੀਰ ਸਿੰਘ ਅਕਲੀਆਂ ਨੇ ਪਹਿਲਾ ਸਥਾਨ ਕੁਲਜੀਤ ਸਿੰਘ ਸਮਾਉ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਪ੍ਰਕਾਰ ਕਬੱਡੀ ਨੈਸ਼ਨਲ ਸਟਾਇਲ ਅੰਡਰ 14 ਸਾਲਾਂ ਵਿੱਚੋਂ ਪਹਿਲਾ ਸਥਾਨ ਕੋਟੜਾ ਕਲਾਂ, ਦੂਜਾ ਸਥਾਨ ਫਰਵਾਹੀ ਤੇ ਤੀਜਾ ਸਥਾਨ ਧਲੇਵਾਂ ਨੇ ਹਾਸਲ ਕੀਤਾ। ਇਸ ਮੌਕੇ ਹਰਦੀਪ ਕੌਰ (ਕਰਾਟੇ ਕੋਚ) ਤੇ ਮੈਡਮ ਸ਼ਾਲੂ ਸ਼ਰਮਾ ਵੀ ਹਾਜ਼ਰ ਸਨ।

# ਅਦਾਲਤੀ ਝਾੜ ਉਪਰੰਤ ਸਰਕਾਰ ਨੂੰ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈਣਾ ਪਿਆ : ਸਮੂਹ ਸਰਪੰਚ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਜਾਰੀ ਕੀਤੇ ਤੁਗਲੀ ਫਰਮਾਨ ਕਰਕੇ ਪੰਜਾਬ ਦੀਆਂ ਸੰਵਿਧਾਨਕ ਤੌਰ 'ਤੇ ਚੁਣੀਆਂ ਹੋਈਆਂ ਗ੍ਰਾਮ ਪੰਚਾਇਤਾਂ ਨੂੰ ਭੰਗ ਕਰਨ ਦਾ ਜੋ ਫੈਸਲਾ ਕੀਤਾ ਗਿਆ ਸੀ, ਉਸ ਨੂੰ ਮਾਣਯੋਗ ਹਾਈਕੋਰਟ ਦੇ ਸਖ਼ਤ ਰਵੱਈਏ ਤੋਂ ਬਾਅਦ ਪੰਜਾਬ ਸਰਕਾਰ ਨੂੰ ਪੰਚਾਇਤਾਂ ਭੰਗ ਕਰਨ ਵਾਲਾ ਫੈਸਲਾ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਸੰਮਤੀ (ਦਿਹਾਤੀ) ਦੇ ਪ੍ਰਧਾਨ ਤੇ ਸਰਪੰਚ ਨਵਦੀਪ ਸਿੰਘ ਗਰੇਵਾਲ ਨੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਇਸ ਮੌਕੇ ਨਵਦੀਪ ਗਰੇਵਾਲ ਨੇ ਸੂਬੇ ਦੀ ਆਪ ਸਰਕਾਰ ਨੂੰ ਵੱਖ-ਵੱਖ ਫਰੰਟਾਂ 'ਤੇ ਫੇਲ੍ਹ ਕਰਾਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਪੰਚਾਇਤਾਂ ਨੂੰ ਭੰਗ ਆਪਣੇ ਬੰਦਿਆਂ ਰਾਹੀਂ ਪੰਚਾਇਤੀ ਫੰਡਾਂ ਦੇ ਗਬਨ ਦੀ ਤਾਕ 'ਚ ਸੀ, ਪਰ ਅਦਾਲਤੀ ਝਾੜ ਉਪਰੰਤ ਸਰਕਾਰ ਨੂੰ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈਣਾ ਪਿਆ।

ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਦੇ ਅਫ਼ਸਰਾਂ ਨੂੰ ਮੁਅੱਤਲ ਕਰਕੇ ਸਰਕਾਰ ਨੇ ਆਪਣੀ ਸਥਿਤੀ ਹੋਰ ਵੀ ਹਾਸੋਹੀਣੀ ਬਣਾ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਕੰਮ ਅਜੇ ਵੀ ਪਿੰਡਾਂ 'ਚ ਰਹਿੰਦੇ ਹਨ, ਉਨ੍ਹਾਂ ਨੂੰ ਜਲਦ ਕਰਵਾਇਆ ਜਾਵੇ। ਇਸ ਮੌਕੇ ਸਰਪੰਚ ਗੁਰਮੇਲ ਸਿੰਘ ਭੰਮੀਪੁਰਾ, ਸਰਪੰਚ ਸਿਕੰਦਰ ਸਿੰਘ ਬਰਸਾਲ, ਸਰਪੰਚ ਕੁਲਦੀਪ ਸਿੰਘ ਕੋਠੇ ਸ਼ੇਰਜੰਗ, ਸਰਪੰਚ ਸ਼ੇਰ ਸਿੰਘ ਸ਼ੇਖਦੌਲਤ, ਸਰਪੰਚ ਜਤਿੰਦਰ ਸਿੰਘ ਸਫੀਪੁਰਾ, ਸਰਪੰਚ ਦਰਸ਼ਨ ਸਿੰਘ ਡਾਂਗੀਆਂ, ਸਰਪੰਚ ਲਾਲੀ ਅਲੀਗੜ੍ਹ, ਸਰਪੰਚ ਸਰਬਜੀਤ ਸਿੰਘ ਸ਼ੇਰਪੁਰ ਕਲਾਂ, ਸਰਪੰਚ ਗੁਰਪ੍ਰੀਤ ਸਿੰਘ ਗਾਲਿਬ ਖੁਰਦ, ਸਰਪੰਚ ਜੋਗਿੰਦਰ ਸਿੰਘ ਕਮਾਲਪੁਰਾ, ਸਰਪੰਚ ਜਗਜੀਤ ਸਿੰਘ ਕਾਉਂਕੇ, ਸਰਪੰਚ ਜੱਸਾ ਪਰਜੀਆਂ, ਸਰਪੰਚ ਸੁਰਜੀਤ ਸਿੰਘ, ਸਰਪੰਚ ਬਲਵੀਰ ਸਿੰਘ ਮਲਕ ਪੱਤੀ, ਸਰਪੰਚ ਨਿਰਮਲ ਸਿੰਘ ਡੱਲਾ, ਸਰਪੰਚ ਸੁਖਜੀਤ ਸਿੰਘ ਅਖਾੜਾ, ਸਰਪੰਚ ਨਾਨਕ ਨਗਰੀ, ਸਰਪੰਚ ਸ਼ੇਰੇਵਾਲ, ਸਰਪੰਚ ਰਾਮਗੜ੍ਹ ਭੁੱਲਰ, ਸਰਪੰਚ ਗੁਰਮੀਤ ਸਿੰਘ, ਸਰਪੰਚ ਕਾਕਾ ਸਵੱਦੀ, ਸਰਪੰਚ ਕੁਲਦੀਪ ਸਿੰਘ ਸਿੱਧਵਾਂ ਕਲਾਂ, ਬੂੜਾ ਸਿੰਘ ਚੇਅਰਮੈਨ ਬਲਾਕ ਸੰਮਤੀ ਤੇ ਭਵਨਜੀਤ ਸਿੰਘ ਕਮਾਲਪੁਰਾ ਆਦਿ ਹਾਜ਼ਰ ਸਨ।

# ਰੇਤ ਦੀ ਨਜਾਇਜ਼ ਮਾਈਨਿੰਗ ਦੇ ਵਿਰੋਧ 'ਚ ਐਕਸੀਅਨ ਦਫ਼ਤਰ ਨੂੰ ਬੰਦ ਕਰਕੇ ਕੀਤਾ ਘਿਰਾਓ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਜਨਰਲ ਰੇਤ ਮਜ਼ਦੂਰ ਯੂਨੀਅਨ ਵੱਲੋਂ ਸੀ.ਪੀ.ਆਈ ਤੇ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਰੇਤ ਦੀ ਨਜਾਇਜ਼ ਮਾਈਨਿੰਗ ਦੇ ਵਿਰੋਧ ਵਿੱਚ ਐਕਸੀਅਨ ਦਫ਼ਤਰ ਨੂੰ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਸੀ.ਪੀ.ਆਈ ਆਗੂ ਤੇ ਬਲਾਕ ਸਮਿਤੀ ਮੈਂਬਰ ਕਾਮਰੇਡ ਸੁਬੇਗ ਸਿੰਘ ਤੇ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਕੁਲਦੀਪ ਸਿੰਘ ਬੱਖੂ ਸ਼ਾਹ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਰੇਤ ਦੀ ਨਜਾਇਜ਼ ਮਾਈਨਿੰਗ ਜ਼ੋਰਾਂ-ਸ਼ੋਰਾਂ ਨਾਲ ਹੋ ਰਹੀ ਹੈ। ਦੂਜੇ ਪਾਸੇ ਮਾਈਨਿੰਗ ਵਿਭਾਗ ਤੇ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫ਼ਾਜ਼ਿਲਕਾ ਦੇ ਪਿੰਡਾਂ ਨਵਾਂ ਸਲੇਮਸਾਹ, ਚਾਂਦਮਾਰੀ, ਬਾਧਾ, ਬਸਤੀ ਸਲੇਮਸਾਹ, ਪੱਕਾ ਚਿਸ਼ਤੀ, ਆਲਮ ਸ਼ਾਹ ਸਮੇਤ ਹੋਰਨਾਂ ਪਿੰਡਾਂ 'ਚ ਰੇਤ ਦੀ ਨਾਜਾਇਜ਼ ਮਾਈਨਿੰਗ ਦਾ ਕਾਲਾ ਧੰਦਾ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਇਨ੍ਹਾਂ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਜ਼ਮੀਨਾਂ 'ਤੇ ਵੀ ਰੇਤ ਦੀ ਖ਼ੁਦਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਕਈ ਵਾਰ ਐਕਸੀਅਨ ਮਾਈਨਿੰਗ ਵਿਭਾਗ ਅਤੇ ਪ੍ਰਸਾਸਨ ਦੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਅਜੇ ਤੱਕ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਐਕਸੀਅਨ ਮਾਈਨਿੰਗ ਵਿਭਾਗ ਤੋਂ ਇਲਾਵਾ ਡੀਸੀ ਅਤੇ ਐਸਐਸਪੀ ਨੂੰ ਕਈ ਵਾਰ ਲਿਖਤੀ ਮੰਗ ਪੱਤਰ ਵੀ ਸੌਂਪੇ ਗਏ ਹਨ। ਇਸ ਦੇ ਬਾਵਜੂਦ ਜ਼ਿਲ੍ਹੇ ਵਿੱਚ ਰੇਤ ਦੀ ਨਾਜਾਇਜ ਮਾਈਨਿੰਗ ਦਾ ਕਾਲਾ ਧੰਦਾ ਧੜੱਲੇ ਨਾਲ ਚੱਲ ਰਿਹਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਜ਼ਿਲ੍ਹੇ ਵਿੱਚ ਰੇਤ ਦੀ ਨਜਾਇਜ਼ ਮਾਈਨਿੰਗ ਨੂੰ ਰੋਕਿਆ ਜਾਵੇ ਅਤੇ ਰੇਤ ਦੀ ਮਾਈਨਿੰਗ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਰੇਤ ਦੀਆਂ ਖੱਡਾਂ ਖੋਲ੍ਹੀਆਂ ਜਾਣ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਵਿੱਚ ਕੰਮ ਦਿੱਤਾ ਜਾਵੇ। ਜਦੋਂ ਮਾਈਨਿੰਗ ਵਿਭਾਗ ਦੇ ਐਕਸੀਅਨ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ।

# 5 ਪੱਕੇ ਘਰਾਂ 'ਚ ਆਈਆਂ ਤਰੇੜਾਂ, ਇੱਕ ਕੱਚਾ ਘਰ ਢਾਹਿਆ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਸਰਹੱਦੀ ਪਿੰਡ ਝੰਗੜ ਭੈਣੀ ਵਿੱਚ ਹੜ੍ਹਾਂ ਕਾਰਨ ਫ਼ਸਲਾਂ ਤਬਾਹ ਹੋਣ ਤੋਂ ਬਾਅਦ ਘਰਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਇੱਥੇ ਢਾਣੀਆਂ 'ਤੇ ਰਹਿੰਦੇ ਦਰਜਨਾਂ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸੇ ਤਰ੍ਹਾਂ ਇੱਕੋ ਪਰਵਾਰ ਦੇ ਪੰਜ ਪੱਕੇ ਮਕਾਨ ਅਤੇ ਇੱਕ ਕੱਚਾ ਘਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ, ਜਿਸ ਕਾਰਨ ਇਨ੍ਹਾਂ ਮਕਾਨਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹੁਣ ਇਨ੍ਹਾਂ ਦੇ ਢਹਿ ਜਾਣ ਦੀ ਚਿੰਤਾ ਸਤਾ ਰਹੀ ਹੈ।

ਪਿੰਡ ਝੰਗੜ ਭੈਣੀ ਦੇ ਵਸਨੀਕ ਗੁਰਮੀਤ ਸਿੰਘ ਨੇ ਦੱਸਿਆ ਕਿ ਉਸ ਦੇ ਅਤੇ ਉਸ ਦੇ ਭਰਾਵਾਂ ਦੇ 6 ਮਕਾਨ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਇਨ੍ਹਾਂ ਵਿੱਚੋਂ 5 ਪੱਕੇ ਮਕਾਨਾਂ ਵਿੱਚ ਵੱਡੀਆਂ ਤਰੇੜਾਂ ਆ ਗਈਆਂ ਹਨ ਅਤੇ ਇੱਕ ਕੱਚਾ ਮਕਾਨ ਬੁਰੀ ਤਰ੍ਹਾਂ ਢਹਿ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦਰਾਰਾਂ ਕਾਰਨ ਉਨ੍ਹਾਂ ਦੇ ਮਕਾਨਾਂ ਦੇ ਕਿਸੇ ਵੀ ਸਮੇਂ ਡਿੱਗਣ ਦਾ ਖ਼ਤਰਾ ਬਣਿਆ ਹੋਇਆ ਹੈ। ਜਿਸ ਕਾਰਨ ਲੋਕ ਇਨ੍ਹਾਂ ਘਰਾਂ ਦੇ ਅੰਦਰ ਰਹਿਣ ਤੋਂ ਘਬਰਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਮਕਾਨਾਂ ਨੂੰ ਨੁਕਸਾਨ ਹੋਣ ਕਾਰਨ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਮੁਤਾਬਕ ਇਨ੍ਹਾਂ ਮਕਾਨਾਂ ਦੇ ਨੁਕਸਾਨੇ ਜਾਣ ਕਾਰਨ ਉਨ੍ਹਾਂ ਦਾ ਕਰੀਬ 4 ਤੋਂ 5 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਸਰਕਾਰ ਵੱਲੋਂ ਮੁਆਵਜ਼ਾ ਦੇਣ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਸਰਕਾਰ ਤੋਂ ਉਨ੍ਹਾਂ ਦੇ ਘਰਾਂ ਦੇ ਨੁਕਸਾਨ ਲਈ ਵੱਧ ਤੋਂ ਵੱਧ ਮੁਆਵਜ਼ੇ ਦੀ ਮੰਗ ਕੀਤੀ।

# ਖੱਤਰੀ ਸਭਾ ਵੱਲੋਂ ਅਧਿਆਪਕ ਦਿਵਸ ਮੌਕੇ 40 ਅਧਿਆਪਕ ਸਨਮਾਨਤ




**ਮੋਗਾ (ਅਮਰਜੀਤ ਬੱਬਰੀ)**

ਖੱਤਰੀ ਸਭਾ ਨੇ ਖੱਤਰੀ ਭਵਨ ਵਿਖੇ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਅਧਿਆਪਕ ਦਿਵਸ ਨੂੰ ਸਮਰਪਤ ਸਮਾਰੋਹ ਆਯੋਜਤ ਕੀਤਾ। ਸਮਾਰੋਹ ਦੇ ਮੁੱਖ ਮਹਿਮਾਨ ਨੈਸ਼ਨਲ ਟ੍ਰੇਡਰਜ ਵੈਲਫੇਅਰ ਬੋਰਡ ਭਾਰਤ ਸਰਕਾਰ ਦੇ ਮੈਂਬਰ ਤੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਦੇਸ਼ ਜਨਰਲ ਸਕੱਤਰ ਸੁਨੀਲ ਮਹਿਰਾ ਸਨ। ਸਭਾ ਦੇ ਚੀਫ਼ ਪੈਟਰਨ ਬੋਧਰਾਜ ਮਜੀਠੀਆ ਸੀਨੀਅਰ ਐਡਵੋਕੇਟ, ਇੰਦੂ ਪੁਰੀ ਪੀ ਮਾਰਕਾ ਵਾਲੇ, ਕੇ ਕੇ ਕੌੜਾ ਚੇਅਰਮੈਨ, ਰਜਿੰਦਰ ਪੁਰੀ, ਮਹਿਲਾ ਖੱਤਰੀ ਸਭਾ ਦੀ ਵਰਕਿੰਗ ਪ੍ਰਧਾਨ ਪ੍ਰਿੰਸੀਪਲ ਸੁਮਨ ਮਲਹੋਤਰਾ ਗੈਸਟ ਆਫ਼ ਆਨਰ ਸਨ। ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਸਹਿਗਲ ਨੇ ਬਾਖੂਬੀ ਕੀਤਾ। ਖੱਤਰੀ ਭਵਨ ਪੁੱਜਣ ਤੇ ਮੁੱਖ ਮਹਿਮਾਨ ਸੁਨੀਲ ਮਹਿਰਾ ਤੇ ਸਨਮਾਨਤ ਮਹਿਮਾਨਾਂ ਦਾ ਸਭਾ ਦੇ ਮੈਂਬਰਾਂ ਨੇ ਫੁੱਲ ਮਾਲਾਵਾਂ ਪਹਿਨਾ ਕੇ ਬੜੀ ਗਰਮਜੋਸ਼ੀ ਨਾਲ ਨਿੱਘਾ ਸਵਾਗਤ ਕੀਤਾ। ਮੁੱਖ ਮਹਿਮਾਨ ਸੁਨੀਲ ਮਹਿਰਾ ਨੇ ਕਿਹਾ ਕਿ ਕਿਸੇ ਵੀ ਵਿਕਸਤ ਅਤੇ ਸਿੱਖਿਅਤ ਸਮਾਜ ਦੀ ਆਧਾਰਸ਼ਿਲਾ ਅਧਿਆਪਕ ਹਨ ਅਤੇ ਅਧਿਆਪਕ ਦਾ ਰੁਤਬਾ ਰਾਜੇ ਮਹਾਰਾਜਿਆਂ ਤੋਂ ਵੀ ਉੱਚਾ ਹੈ। ਇਸ ਮੌਕੇ ਸੁਨੀਲ ਮਹਿਰਾ ਨੇ ਖੱਤਰੀ ਸਮਾਜ ਨੂੰ ਵੰਗਾਰਦਿਆਂ ਕਿਹਾ ਕਿ ਦੂਜੇ ਸਮਾਜ ਸੰਗਠਿਤ ਹਨ ਪ੍ਰੰਤੂ ਭਗਵਾਨ ਰਾਮ ਦੇ ਵਾਰਸਾਂ ਦੀ ਸਕਤੀ ਅਸੰਗਠਿਤ ਹੈ। ਇਸ ਮੌਕੇ ਗੈਸਟ ਆਫ ਆਨਰ ਬੋਧਰਾਜ ਮਜੀਠੀਆ ਤੇ ਇੰਦੂ ਪੁਰੀ ਨੇ ਕਿਹਾ ਕਿ ਜਿਨ੍ਹਾਂ ਸੇਵਾਮੁਕਤ ਅਧਿਆਪਕਾਂ ਨੂੰ ਖੱਤਰੀ ਸਭਾ ਨੇ ਸਨਮਾਨਤ ਕੀਤਾ ਹੈ, ਉਨ੍ਹਾਂ ਨੇ ਸਿੱਖਿਆ ਦਾਨ ਦੇ ਕੇ ਸਮਾਜ ਨੂੰ ਵਿਕਸਤ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਮੌਕੇ ਮਹਿਲਾ ਖੱਤਰੀ ਸਭਾ ਦੀ ਵਰਕਿੰਗ ਪ੍ਰਧਾਨ ਪ੍ਰਿੰਸੀਪਲ ਸੁਮਨ ਮਲਹੋਤਰਾ, ਵਿਨੋਦ ਬਾਲਾ ਧੀਰ, ਪ੍ਰਚਾਰ ਸਕੱਤਰ ਰਾਕੇਸ਼ ਸਿਤਾਰਾ ਅਤੇ ਯੁਵਾ ਹਰਪ੍ਰੀਤ ਸਿੰਘ ਸਹਿਗਲ ਨੇ ਵੀ ਸੰਬੋਧਨ ਕੀਤਾ।

## ਬਲਾਕ ਪੱਧਰੀ ਖੇਡ ਮੁਕਾਬਲਿਆਂ 'ਚ ਖਿਡਾਰੀਆਂ ਨੇ ਵਿਖਾਏ ਜੌਹਰ



**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਸਰਕਾਰ ਦੇ ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2023 ਤਹਿਤ ਬਲਾਕ ਪੱਧਰੀ ਖੇਡਾਂ ਦੇ ਚੌਥੇ ਦਿਨ ਸਾਰੇ ਬਲਾਕਾਂ ਦੇ ਅੰਡਰ-17 ਤੇ 21 ਦੇ ਖੇਡ ਮੁਕਾਬਲੇ ਕਰਾਏ ਗਏ। ਇਹ ਜਾਣਕਾਰੀ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਬਲਾਕ ਬੁਢਲਾਡਾ ਐਥਲੇਟਿਕਸ ਅੰਡਰ-21 ਸਾਲ ਲੜਕਿਆਂ 5000 ਮੀਟਰ ਵਿੱਚ ਗੁਲਾਬ ਸਿੰਘ ਟਾਹਲੀਆਂ ਨੇ ਪਹਿਲਾ ਤੇ ਗੋਬਿੰਦ ਸਿੰਘ ਬੱਛੋਆਣਾ ਨੇ ਦੂਜਾ ਸਥਾਨ ਹਾਸਲ ਕੀਤਾ। 1500 ਮੀਟਰ ਵਿਚ ਸਿਵ ਕੁਮਾਰ ਬੁਢਲਾਡਾ ਨੇ ਪਹਿਲਾ ਅਤੇ ਗੁਲਾਬ ਸਿੰਘ ਟਾਹਲੀਆਂ ਨੇ ਦੂਜਾ ਸਥਾਨ ਹਾਸਲ ਕੀਤਾ। 400 ਮੀਟਰ ਵਿੱਚ ਸੁੱਖਾ ਸਿੰਘ ਪਿੰਡ ਆਲਮਪੁਰ ਨੇ ਪਹਿਲਾ ਅਤੇ ਨਵਜੋਤ ਸਿੰਘ ਬੁਢਲਾਡਾ ਨੇ ਦੂਜਾ ਸਥਾਨ ਹਾਸਲ ਕੀਤਾ। ਰੱਸਾਕਸ਼ੀ ਵਿੱਚ ਪਿੰਡ ਬੋਹਾ ਦੀ ਟੀਮ ਨੇ ਪਹਿਲਾ ਅਤੇ ਬੁਢਲਾਡਾ ਨੇ ਦੂਜਾ ਸਥਾਨ ਹਾਸਲ ਕੀਤਾ। ਖੋ-ਖੋ ਅੰਡਰ-17 ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ ਅਤੇ ਸਰਕਾਰੀ ਸੈਕੰਡਰੀ ਸਕੂਲ ਬਰ੍ਹੇ ਨੇ ਦੂਜਾ ਸਥਾਨ ਹਾਸਲ ਕੀਤਾ।

# ਵਿੱਤ ਮੰਤਰੀ ਵੱਲੋਂ ਸਿਟੀ ਸੈਂਟਰ ਦਾ ਉਦਘਾਟਨ

**'ਆਪ' ਸਰਕਾਰ ਸੂਬੇ 'ਚ ਨਿਵੇਸ਼ ਵਧਾਉਣ ਲਈ ਲਗਾਤਾਰ ਯਤਨਸ਼ੀਲ : ਚੀਮਾ**



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ਼ਹਿਰ ਦੇ ਪਟਿਆਲਾ ਬਾਈਪਾਸ ਉੱਪਰ ਬਣੀ ਸਿਟੀ ਸੈਂਟਰ ਮਾਰਕੀਟ ਦੇ ਉਦਘਾਟਨੀ ਸਮਾਰੋਹ ਦਾ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮਹਿਮਾਨ ਵਜੋਂ ਸਿਟੀ ਸੈਂਟਰ ਦਾ ਉਦਘਾਟਨ ਕੀਤਾ, ਜਦੋਂਕਿ ਵਿਸ਼ੇਸ਼ਸ ਮਹਿਮਾਨ ਵਜੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸ਼ਿਰਕਤ ਕੀਤੀ। ਸਮਾਗਮ 'ਚ ਸੂਬੇ ਦੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਵਪਾਰੀਆਂ ਵਲੋਂ ਸਿਟੀ ਸੈਂਟਰ 'ਚ ਖੁੱਲ੍ਹ ਦਿਲਚਸਪੀ ਦਿਖਾਈ ਗਈ।

ਬ੍ਰਾਂਡ ਅਨਲਿਮਟਡ ਮਲਟਾਣਾ ਗਰੁੱਪ ਦੇ ਮਾਲਕ ਚਰਨਜੀਤ ਸਿੰਘ ਮੌਂਟੀ ਅਤੇ ਮਨੋਜ ਮਧੂਕਰ ਨੇ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਹਾਜ਼ਰੀ 'ਚ ਲੋਕਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸਿਟੀ ਸੈਂਟਰ 'ਚ ਮਲਟੀ ਨੈਸ਼ਨਲ ਕੰਪਨੀਆਂ ਰੀਬੋਕ, ਵੁੱਡਲੈਂਡ, ਐਡੀਡਾਜ, ਨਾਈਕੀ, ਕਿੱਲਰ, ਬਾਟਾ, ਲਿਬਰਟੀ, ਸਕੈਚਰ, ਪਿਊਮਾ, ਕੈਂਪਸ, ਔਕਟੇਵ, ਪੀਟਰ ਇੰਗਲੈਂਡ, ਜੋਨ ਪਲੇਅਰ, ਪੇਪੇ ਜੀਨ, ਮੁਫ਼ਤੀ, ਰੈੱਡ ਚੀਫ ਆਦਿ ਦੇ ਸ਼ੋਅ ਰੂਮ ਜਲਦ ਹੀ ਓਪਨ ਕੀਤੇ ਜਾ ਰਹੇ ਹਨ। ਉਦਘਾਟਨੀ ਭਾਸ਼ਣ ਦੌਰਾਨ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਿਟੀ ਸੈਂਟਰ ਬਾਰੇ ਕਿਹਾ ਕਿ ਸਿਟੀ ਸੈਂਟਰ 'ਚ ਓਪਨ ਹੋਣ ਜਾ ਰਹੇ ਮਲਟੀਬ੍ਰਾਂਡ ਕੰਪਨੀਆਂ ਦੇ ਸ਼ੋਅ ਰੂਮਾਂ 'ਚ ਜਿਥੇ ਇਲਾਕੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਸਾਧਨ ਮੁਹੱਈਆ ਹੋਣਗੇ, ਉੱਥੇ ਹੀ ਸ਼ਹਿਰ 'ਚ ਦੇਸ਼ ਵਿਦੇਸ਼ ਤੋਂ ਭਾਰੀ ਨਿਵੇਸ਼ ਵੀ ਹੋਵੇਗਾ। ਉਨ੍ਹਾਂ ਸਿਟੀ ਸੈਂਟਰ ਪਾਤੜਾਂ ਦੇ ਮਾਲਕ ਸ਼ਾਮ ਲਾਲ ਗਰਗ, ਰਕੇਸ਼ ਕੁਮਾਰ ਗਰਗ ਤੇ ਅਮਰਜੀਤ ਗਰਗ ਦੀ ਸਲਾਘਾ ਕਰਦਿਆਂ ਉਨ੍ਹਾਂ ਵਲੋਂ ਪੰਜਾਬ ਸਰਕਾਰ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਿਆਂ ਸਿਟੀ ਸੈਂਟਰ ਦਾ ਨਿਰਮਾਣ ਕੀਤਾ ਗਿਆ ਹੈ। ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸ਼ਹਿਰ 'ਚ ਸਿਟੀ ਸੈਂਟਰ ਦੇ ਓਪਨ ਹੋਣ ਨਾਲ ਇਲਾਕੇ ਦੇ ਵਿਉਪਾਰੀ ਵਰਗ ਅਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ।

# ਲੋਕ ਸੇਵਾ ਸੁਸਾਇਟੀ ਨੇ ਸਾਈਂ ਮੰਦਰ 'ਚ ਆਰ ਓ ਵਾਟਰ ਕੂਲਰ ਲਵਾਇਆ



**ਜਗਰਾਉਂ (ਸੰਜੀਵ ਅਰੋੜਾ)**

ਲੋਕ ਸੇਵਾ ਸੁਸਾਇਟੀ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਸਾਈਂ ਮੰਦਰ ਸ਼ੀਤਲਾ ਮਾਤਾ ਮੰਦਰ ਵਿਖੇ ਆਰ.ਓ. ਵਾਟਰ ਕੂਲਰ ਲਵਾਇਆ ਗਿਆ।

ਸਵ: ਸੁਸ਼ੀਲ ਕੁਮਾਰ ਜੈਨ ਦੀ ਯਾਦ ਨੂੰ ਸਮਰਪਤ ਸ੍ਰੀ ਅਰਿਹੰਤ ਆਇਲ ਐਂਡ ਜਨਰਲ ਮਿਲਜ਼ ਤੇ ਜੈਨ ਲੈਬਾਰਟਰੀ ਤੇ ਐਕਸ-ਰੇ ਕਲੀਨਿਕ ਦੇ ਸਹਿਯੋਗ ਨਾਲ ਮੰਦਰ ਵਿਖੇ ਲਾਏ ਆਰ. ਓ. ਵਾਟਰ ਕੂਲਰ ਅਤੇ ਫ਼ਿਲਟਰ ਨੂੰ 'ਜਲ ਮੰਦਰ' ਦਾ ਨਾਮ ਦਿੰਦੇ ਹੋਏ ਹਰਸ਼ ਜੈਨ, ਡਾ: ਮਨੀਸ਼ ਜੈਨ ਤੇ ਸਰਪ੍ਰਸਤ ਰਾਜਿੰਦਰ ਜੈਨ ਨੇ ਕਿਹਾ ਕਿ ਮੰਦਰ ਪ੍ਰਬੰਧਕਾਂ ਤੇ ਇਲਾਕੇ ਦੇ ਲੋਕਾਂ ਦੀ ਮੰਗ ਨੂੰ ਦੇਖ ਦੇ ਹੋਏ ਸਾਈਂ ਤੇ ਸ਼ੀਤਲਾ ਮੰਦਰ ਵਿਖੇ ਵਾਟਰ ਕੂਲਰ ਲਗਾਇਆ ਗਿਆ ਹੈ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਕੰਵਲ ਕੱਕੜ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮੰਦਰ ਪ੍ਰਬੰਧਕਾਂ ਦੀ ਮੰਗ 'ਤੇ ਮੰਦਰ ਨੂੰ ਸੀਮਿੰਟ ਦੇ ਬੈਂਚ ਅਤੇ ਕੁਰਸੀਆਂ ਦਿੱਤੀਆਂ ਗਈਆਂ ਹਨ ਅਤੇ ਹੁਣ ਮੁਕੰਮਲ ਵਾਟਰ ਕੂਲਰ ਲਵਾਇਆ ਗਿਆ ਹੈ।

ਇਸ ਮੌਕੇ ਮੰਦਰ ਪ੍ਰਬੰਧਕ ਅਜੇ ਕੁਮਾਰ ਸੋਨੀ ਤੇ ਪੰਡਤ ਰਾਮ ਭੂਸ਼ਣ ਸ਼ਾਸਤਰੀ ਨੇ ਸੁਸਾਇਟੀ ਮੈਂਬਰਾਂ ਨੇ ਧੰਨਵਾਦ ਕਰਦਿਆਂ ਦੱਸਿਆ ਕਿ ਇਸ 'ਜਲ ਮੰਦਰ' ਇਕੱਲੇ ਮੰਦਰ ਆਉਣ ਵਾਲੇ ਭਗਤ ਹੀ ਨਹੀਂ, ਸਗੋਂ ਆਸ-ਪਾਸ ਦੇ ਅਤਿ ਗ਼ਰੀਬ ਪਰਵਾਰਾਂ ਦੇ ਲੋਕਾਂ ਨੂੰ ਆਰ.ਓ. ਠੰਢਾ ਪਾਣੀ ਪੀਣ ਲਈ ਮਿਲਣਾ ਸ਼ੁਰੂ ਹੈ, ਜਿਸ ਦਾ ਫ਼ਾਇਦਾ ਜ਼ਰੂਰਤਮੰਦ ਲੋਕਾਂ ਨੂੰ ਮਿਲ ਰਿਹਾ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ.ਆਰ.ਓ. ਸੁਖਦੇਵ ਗਰਗ, ਰਜਿੰਦਰ ਜੈਨ ਕਾਕਾ, ਆਰ.ਕੇ ਗੋਇਲ, ਮੁਕੇਸ਼ ਕੁਮਾਰ, ਅਨਿਲ ਮਲਹੋਤਰਾ, ਡਾ ਬੀ ਬੀ ਬਾਂਸਲ, ਸੰਜੀਵ ਚੋਪੜਾ ਤੇ ਮਨੋਹਰ ਸਿੰਘ ਟੱਕਰ ਸਮੇਤ ਮੰਦਰ ਦੇ ਪ੍ਰਬੰਧਕ ਹਾਜ਼ਰ ਸਨ।

# ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀ ਖੇਡਾਂ 'ਚ ਜੇਤੂ ਰਹੇ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**

67ਵੀਆਂ ਸਟੇਟ ਪੱਧਰੀ ਖੇਡਾਂ ਵਿੱਚ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਬਾਸਕਟਬਾਲ, ਵਾਲੀਬਾਲ, ਬੈਡਮਿੰਟਨ ਅਤੇ ਕੁਸ਼ਤੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਖ਼ੁਸ਼ੀ ਦੇ ਮੌਕੇ 'ਤੇ ਡਾਇਰੈਕਟਰ ਮੈਡਮ ਸ੍ਰੀਮਤੀ ਸ਼ਸ਼ੀ ਜੈਨ ਨੇ ਦੱਸਿਆ ਕਿ ਬੈਡਮਿੰਟਨ ਅੰਡਰ-19, ਲੜਕੀਆਂ ਮੁਸਕਾਨ, ਏਰਿਕਾ, ਗੁਰਲੀਨ ਕੌਰ ਤੇ ਮਹਿਕ ਨੇ ਪਹਿਲੇ ਸਥਾਨ 'ਤੇ ਰਹਿਣ 'ਤੇ ਟਰਾਫੀ ਪ੍ਰਾਪਤ ਕੀਤੀ। ਸ਼ਰਦ ਅਰੋੜਾ ਨੇ ਬੈਡਮਿੰਟਨ ਵਿੱਚ ਦੂਜੇ ਸਥਾਨ 'ਤੇ ਰਹਿ ਕੇ ਟਰਾਫੀ ਹਾਸਲ ਕੀਤੀ। ਅੰਡਰ-14 ਲੜਕੀਆਂ ਮੁਸਕਾਨ, ਵੰਦਨਾ, ਸੁਖਮਨ ਅਤੇ ਗੀਤਿਕਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਟਰਾਫੀ ਹਾਸਲ ਕੀਤੀ। ਇਸੇ ਤਰ੍ਹਾਂ ਬਾਸਕਟਬਾਲ ਤੇ ਵਾਲੀਬਾਲ ਅੰਡਰ-17 ਤੇ ਅੰਡਰ-19 ਲੜਕੀਆਂ ਨੇ ਕ੍ਰਮਵਾਰ ਤੀਜਾ ਸਥਾਨ ਪ੍ਰਾਪਤ ਕਰਕੇ ਕਾਂਸੀ ਦੇ ਤਗਮੇ ਹਾਸਲ ਕੀਤੇ। ਅੰਡਰ-17 ਵਿੱਚ ਹਰਸ਼ਪ੍ਰੀਤ ਸਿੰਘ ਅਤੇ ਅੰਡਰ-14 ਵਿੱਚ ਹਰਜੀਤ ਸਿੰਘ ਨੇ ਵੀ ਕੁਸ਼ਤੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਸਕੂਲ ਦੇ ਜ਼ਿਲ੍ਹਾ ਪੱਧਰ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਚੁਣੇ ਗਏ ਖਿਡਾਰੀਆਂ ਵਿੱਚ ਪਰਮਿੰਦਰ ਸਿੰਘ, ਅਨਿਕੇਤ, ਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਦਿਲਜੀਤ ਸਿੰਘ, ਸੁਖਮਨ, ਏਰਿਕਾ, ਅਲਗ ਖੇਲ ਮੁਸਕਾਨ, ਤਰੁਣ ਸਿੰਘ ਜਸਕਰਨ, ਹਰਸ਼ਪ੍ਰੀਤ ਸਿੰਘ ਅਤੇ ਹਰਜੀਤ ਸਿੰਘ ਆਦਿ ਸ਼ਾਮਲ ਹਨ। ਇਨ੍ਹਾਂ ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਡਾਇਰੈਕਟਰ ਮੈਡਮ ਸਸੀ ਜੈਨ, ਪ੍ਰਿੰਸੀਪਲ ਮੈਡਮ ਸੁਪ੍ਰੀਆ ਖੁਰਾਣਾ ਅਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਵੱਲੋਂ ਕੀਤੀ ਅਣਥੱਕ ਮਿਹਨਤ ਦਾ ਨਤੀਜਾ ਹੈ।

# ਵਿਧਾਇਕ ਦੇ ਘਿਰਾਓ ਸੰਬੰਧੀ ਮੀਟਿੰਗਾਂ ਦਾ ਸਿਲਸਿਲਾ ਜਾਰੀ



**ਮਾਨਸਾ (ਪਮਾਰ)**-ਹੜ੍ਹਾਂ ਦੀ ਮਾਰ ਅਤੇ ਫ਼ਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ 11 ਤੋਂ 13 ਸਤੰਬਰ ਤੱਕ ਪੰਜਾਬ ਦੇ ਵਿਧਾਇਕਾਂ ਅਤੇ ਬੀਜੇਪੀ ਦੇ ਆਗੂਆਂ ਦਾ ਘਿਰਾਓ ਦਾ ਐਲਾਨ ਕੀਤਾ ਗਿਆ ਹੈ। ਪਿੰਡ ਖਿਆਲਾ ਕਲਾਂ ਵਿੱਚ ਬਲਾਕ ਸਕੱਤਰ ਬਲਜੀਤ ਸਿੰਘ ਭੈਣੀ ਬਾਘਾ ਦੀ ਅਗਵਾਈ ਵਿੱਚ ਪਿੰਡ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਨੇ ਸ਼ਮੂਲੀਅਤ ਕੀਤੀ। ਮੱਖਣ ਸਿੰਘ ਭੈਣੀਬਾਘਾ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਨੇ ਮਰੀਆਂ ਫ਼ਸਲਾਂ ਦੀ ਆਰਥਿਕ ਮੱਦਦ ਦਾ ਐਲਾਨ ਕੀਤਾ ਸੀ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ, ਪਰ ਅਜੇ ਤੱਕ ਕਿਸੇ ਵੀ ਕਿਸਾਨ-ਮਜ਼ਦੂਰ ਨੂੰ ਫੁੱਟੀ ਕੌਡੀ ਨਹੀਂ ਦਿੱਤੀ ਗਈ। ਇਸੇ ਕਰਕੇ ਐਸ ਕੇ ਐਮ ਵੱਲੋਂ ਜ਼ਿਲ੍ਹੇ ਵਿੱਚ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਤੇ ਐਮ ਐਲ ਏ ਬੁੱਧ ਰਾਮ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੂਜਾ ਵੱਡਾ ਮੁੱਦਾ ਪੰਜਾਬ ਵਿੱਚ ਦਿਨੋ ਦਿਨ ਵਧ ਰਿਹਾ ਨਸ਼ੇ ਦਾ ਕਹਿਰ ਹੈ। ਨਸ਼ਾ ਬੰਦ ਕਰਾਉਣ ਲਈ ਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਅੱਗੇ ਤੋਰਨ ਲਈ ਨੌਜਵਾਨੀ ਨੂੰ ਅੱਗੇ ਆਉਣ ਦੀ ਲੋੜ ਹੈ।

## ਪੈਨਸ਼ਨ ਐਸੋਸੀਏਸ਼ਨ ਦੀ ਮੀਟਿੰਗ 'ਚ ਹੋਈਆਂ ਵਿਚਾਰਾਂ

**ਮੂਨਕ (ਰਾਜਪਾਲ ਸਿੰਗਲਾ)**-ਮਹੀਨਾਵਾਰੀ ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਦੀ ਮੀਟਿੰਗ ਸੋਮ ਚੰਦ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੈਨਸ਼ਨਰਾਂ ਵੱਲੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੰਗਤ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ ਤੇ ਜਗਰੂਪ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਜੋ ਐਸਮਾ ਕਨੂੰਨ ਲਾਗੂ ਕਰਨ ਲਈ ਹੁਕਮ ਜਾਰੀ ਕਰ ਦਿੱਤਾ ਹੈ ਤੇ ਜੋ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ ਕੀਤਾ ਜਾ ਰਿਹਾ ਹੈ। ਪੂਰੀਆਂ ਕੀਤੀਆਂ ਜਾਣ ਮੰਗਾਂ ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਇਸ ਕਨੂੰਨ ਦੀ ਨਿਖੇਧੀ ਕਰਦੀ ਹੈ। ਇਹ ਕਨੂੰਨ ਵਾਪਸ ਲਿਆ ਜਾਵੇ ਤੇ ਪੈਨਸ਼ਨ ਐਸੋਸੀਏਸ਼ਨ ਦੀਆਂ ਵਿਸ਼ੇਸ਼ ਤੌਰ 'ਤੇ ਮੰਗਾਂ ਮੰਨੀਆਂ ਜਾਣ ਅਤੇ ਹੋਰ ਮੰਗਾਂ 200, ਰੁਪਏ ਜਜੀਆ ਟੈਕਸ ਜੋ ਲਾਇਆ ਗਿਆ ਹੈ, ਬੰਦ ਕੀਤਾ ਜਾਵੇ ਅਤੇ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੈਨਸ਼ਨਜ਼ ਨੂੰ 2,59, ਨਾਲ 1 ਜਨਵਰੀ 2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਨੂੰ ਪੈਨਸ਼ਨ ਦਿੱਤੀ ਜਾਵੇ। ਪੈਨਸ਼ਨ ਐਸੋਸੀਏਸ਼ਨ ਵੱਲੋਂ ਪੰਜਾਬ ਅੰਦਰ ਜੋ ਵੀ ਸੰਘਰਸ਼ ਕੀਤਾ ਜਾਵੇਗਾ, ਉਸ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

## 'ਇਕ ਰੁੱਖ ਸੌ ਸੁੱਖ' ਦਾ ਸੰਧਵਾਂ ਨੇ ਦਿੱਤਾ ਹੋਕਾ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਇੱਕ ਰੁੱਖ ਸੌ ਸੁੱਖ ਦਾ ਹੋਕਾ ਦਿੰਦਿਆਂ ਦੇਵੀਵਾਲਾ ਤੋਂ ਸਿਰਸੜੀ ਜਾਣ ਵਾਲੀ ਸੜਕ ਦੇ ਕਿਨਾਰਿਆਂ ਤੇ ਵਣ ਵਿਭਾਗ ਵੱਲੋਂ ਰਵਾਇਤੀ ਰੁੱਖ ਲਾ ਕੇ ਲੋਕਾਂ ਨੂੰ ਵਾਤਾਵਰਣ ਨੂੰ ਸੁੱਧ ਕਰਨ ਦਾ ਸੁਨੇਹਾ ਦਿੱਤਾ। ਸੰਧਵਾਂ ਨੇ ਕਿਹਾ ਕਿ ਰੁੱਖਾਂ ਹੇਠੋਂ ਘਟਦਾ ਜਾ ਰਿਹਾ ਰਕਬਾ ਬਹੁਤ ਚਿੰਤਾ ਦਾ ਵਿਸ਼ਾ ਹੈ। ਮਨੁੱਖ ਲਾਲਚ ਦੀ ਤਲਵਾਰ ਨਾਲ ਆਪਣੀਆਂ ਹੀ ਜੜ੍ਹਾਂ ਵੱਢਦਾ ਜਾ ਰਿਹਾ ਹੈ। ਉਨ੍ਹਾਂ ਮੁੜ ਦੁਹਰਾਇਆ ਕਿ ਜੋ ਵਿਅਕਤੀ ਉਨ੍ਹਾਂ ਦੇ ਗ੍ਰਹਿ ਵਿਖੇ ਆਪਣੇ ਕੰਮ ਕਰਾਉਣ ਆਉਂਦਾ ਹੈ, ਇੱਕ ਬੂਟਾ ਲਾ ਕੇ ਉਸ ਦੀ ਫੋਟੋ ਖਿੱਚ ਕੇ ਨਾਲ ਲੈ ਕੇ ਆਉਂਦਾ ਹੈ ਤਾਂ ਉਸ ਦੇ ਕੰਮ ਨੂੰ ਤਰਜੀਹ ਦੇ ਨਜ਼ਰੀਏ ਦੇ ਨਾਲ ਵੇਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਹਰਿਆਲੀ ਦੀ ਮਿਕਦਾਰ ਕਈ ਸੂਬਿਆਂ ਨਾਲੋਂ ਘੱਟ ਹੈ, ਜਿਸ ਨੂੰ ਹਰ ਹੀਲੇ ਵਧਾਉਣ ਦੀ ਲੋੜ ਹੈ। ਸੰਧਵਾਂ ਨੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਜਿਸ ਵੀ ਕਿਸੇ ਥਾਂ 'ਤੇ ਜਾਣ ਇਕ ਬੂਟਾ ਜ਼ਰੂਰ ਲਾਉਣ।

# ਮਾਤਾ-ਪਿਤਾ ਦੀ ਸੇਵਾ ਨਾਲ ਭਗਵਾਨ ਦੀ ਪ੍ਰਾਪਤੀ ਸੰਭਵ : ਅਚਾਰੀਆ ਪੰਕਜ ਸ਼ਾਸਤਰੀ



**ਭੀਖੀ (ਧਰਮਵੀਰ ਸ਼ਰਮਾ)**

ਗਊਸ਼ਾਲਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿੱਚ ਚੱਲ ਰਹੀ ਸ੍ਰੀ ਮਦ ਭਗਵਤ ਕਥਾ ਨੂੰ ਸੰਬੋਧਨ ਕਰਦਿਆਂ ਅਚਾਰੀਆ ਪੰਕਜ ਸ਼ਾਸਤਰੀ ਜੀ ਕਾਲਿਆਂਵਾਲੀ ਵਾਲਿਆਂ ਨੇ ਕਿਹਾ ਕਿ ਸ੍ਰੀਮਦ ਭਗਵਤ ਦੀ ਕਥਾ ਸੁਨਣ ਨਾਲ ਮਨੁੱਖ ਦਾ ਉਦਾਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਆਪਣਾ ਭਾਗ ਬਦਲਣ ਲਈ ਸਤਿਸੰਗ ਸੁਣਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਭਗਵਾਨ ਤੇ ਭਗਤੀ ਵਿੱਚ ਤਾਲਮੇਲ ਹੋਣਾ ਜ਼ਰੂਰੀ ਹੈ ਅਤੇ ਸਾਨੂੰ ਭਗਵਾਨ ਅਤੇ ਉਸਦੀ ਭਗਤੀ ਵਿੱਚ ਲੀਨ ਹੋਣਾ ਚਾਹੀਦਾ ਹੈ ਅਤੇ ਹਮੇਸ਼ਾ ਮਾਤਾ-ਪਿਤਾ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ। ਦਰਸ਼ਨ ਮਿੱਤਲ ਨੇ ਦੱਸਿਆ ਕਿ ਇਸ ਕਥਾ ਦੌਰਾਨ 7 ਸਤੰਬਰ ਨੂੰ ਕ੍ਰਿਸ਼ਨ ਜਨਮ ਦਿਖਾਇਆ ਜਾਵੇਗਾ ਤੇ 8 ਸਤੰਬਰ ਨੂੰ ਭੋਗ ਅਤੇ ਭੰਡਾਰਾ ਵਰਤਾਇਆ ਜਾਵੇਗਾ। ਇਸ ਕਥਾ ਦੀ ਪੂਜਾ ਕਰਾਉਣ ਦੀ ਰਸਮ ਨੀਰਜ ਜਿੰਦਲ ਪੁੱਤਰ ਨਰਿੰਦਰ ਜਿੰਦਲ ਡੀਸੀ ਨੇ ਆਪਣੇ ਪਰਵਾਰ ਸਹਿਤ ਅਦਾ ਕੀਤੀ। ਇਸ ਮੌਕੇ ਭਗਵਾਨ ਦਾਸ ਅਤਲਾ, ਅਸ਼ੋਕ ਕੁਮਾਰ, ਦੇਵ ਰਾਜ ਡੀਸੀ, ਡਾ. ਅਰੁਣ, ਦਿਨੇਸ਼ ਕੁਮਾਰ, ਸੰਦੀਪ ਜਿੰਦਲ, ਮਹੇਸ਼ ਅਨੇਜਾ ਤੇ ਰਾਜੇਸ਼ ਅਨੇਜਾ ਕਾਲਾ ਵੀ ਹਾਜ਼ਰ ਸਨ।

## ਭਗਵਾਨ ਕ੍ਰਿਸ਼ਨ ਦਾ ਜਨਮ ਦਿਨ ਮਨਾਉਣ ਲਈ ਤਿਆਰੀਆਂ ਜਾਰੀ



**ਰਾਜਪੁਰਾ (ਰਮੇਸ਼ ਕਟਾਰੀਆ)**-ਹਰੇ ਕ੍ਰਿਸ਼ਨਾ ਮੰਦਰ ਵੱਲੋਂ ਸੰਸਥਾ ਪ੍ਰਮੁੱਖ ਅਚਿੰਤੇ ਚੈਤੰਨਯ ਪ੍ਰਭੂ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਦਾ ਜਨਮ ਦਿਨ ਨੂੰ ਧੂਮਧਾਮ ਨਾਲ ਮਨਾਉਣ ਲਈ ਬਹਾਵਲਪੁਰ ਭਵਨ ਵਿਖੇ 7 ਨਵੰਬਰ ਨੂੰ ਬੜੀ ਸ਼ਰਧਾ ਤੇ ਉਲਾਸ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸੰਸਥਾ ਦੇ ਨਿਤਿਨ ਖੁਰਾਣਾ, ਅਨੰਤ ਵਾਸੁਦੇਵ, ਅਸ਼ੋਕ ਅਰੋੜਾ, ਯਸ਼ ਚਾਵਲਾ ਪ੍ਰਧਾਨ ਸਬਜ਼ੀ ਮੰਡੀ, ਅਸ਼ਵਨੀ ਕੁਮਾਰ, ਪ੍ਰਵੀਨ ਕੁਮਾਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਭਾਰਤੀ ਸੰਸਕ੍ਰਿਤੀ ਨੂੰ ਜੀਵਿਤ ਰੱਖਣ ਲਈ ਛੋਟੇ ਬੱਚਿਆਂ ਦੁਆਰਾ ਭਗਵਾਨ ਕ੍ਰਿਸ਼ਨ ਜੀ ਦੇ ਜੀਵਨ 'ਤੇ ਅਧਾਰਤ ਹੋਵੇਗਾ। ਇਸ ਮੌਕੇ ਕਥਾ ਕੀਰਤਨ ਤੋਂ ਇਲਾਵਾ 56 ਭੋਗ ਵੀ ਵਰਤਾਏ ਜਾਣਗੇ ਤੇ ਜੋ ਲੋਕ ਭਾਰਤੀਯ ਸੰਸਕ੍ਰਿਤੀ ਦੇ ਕੱਪੜਿਆਂ ਨਾਲ ਆਉਣਗੇ, ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਬੈਡਮਿੰਟਨ 'ਚ ਨਾਂਅ ਚਮਕਾਇਆ



**ਜਗਰਾਉਂ (ਸੰਜੀਵ ਅਰੋੜਾ)**

ਡੀ.ਏ.ਵੀ. ਸੈਂਟਨਰੀ ਸਕੂਲ ਦੇ ਬੈਡਮਿੰਟਨ ਦੇ ਖਿਡਾਰੀਆਂ ਨੇ 67ਵੀਆਂ ਪੰਜਾਬ ਰਾਜ ਸਕੂਲ ਜ਼ੋਨ ਪੱਧਰ ਖੇਡਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਵੇਦ ਵ੍ਰਤ ਪਲਾਹਾ ਨੇ ਦੱਸਿਆ ਕਿ ਬੈਡਮਿੰਟਨ ਖੇਡਾਂ ਵਿੱਚ ਡੀ.ਏ.ਵੀ. ਸੈਂਟਨਰੀ ਸਕੂਲ ਦੇ ਖਿਡਾਰੀਆਂ ਨੇ ਅੰਡਰ 14 ਸਾਲ ਮੁੰਡਿਆਂ ਵਿੱਚ ਸਹਿਜਪ੍ਰੀਤ ਸਿੰਘ, ਦਕਸ਼ ਅਰੋੜਾ, ਤਾਰੰਕ ਸ਼ਰਮਾ, ਦੇਵਾਸ ਸਿੰਗਲਾ ਤੇ ਵੰਸ਼ ਮਾਨਕ ਨੇ ਪਹਿਲਾ ਸਥਾਨ ਅਤੇ ਅੰਡਰ 19 ਮੁੰਡਿਆਂ ਵਿੱਚ ਪ੍ਰਥਮ ਗੁਪਤਾ, ਗੁਰਚੇਤਨਵੀਰ ਸਿੰਘ, ਗੁਰਮਨ ਸਿੰਘ ਤੇ ਜਤਿਨ ਕੁਮਾਰ ਨੇ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ।

ਅੰਡਰ 17 ਸਾਲਾ ਮੁੰਡਿਆਂ ਵਿੱਚ ਰਾਘਵ ਬਾਂਸਲ, ਤਰੁਣ ਸਿੰਗਲਾ, ਮੰਨਤ ਚੋਪੜਾ ਤੇ ਦਕਸ਼ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਹੀ ਤਰ੍ਹਾਂ ਕੁੜੀਆਂ ਦੇ ਮੁਕਾਬਲਿਆਂ ਵਿੱਚ ਅੰਡਰ 17 ਸਾਲ ਲੜਕੀਆਂ ਵਿੱਚ ਮੰਨਤਪ੍ਰੀਤ ਕੌਰ, ਦੇਵਾਂਸੀ, ਦੀਕਸ਼ਿਤਾ ਤੇ ਜਾਨਹਵੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਅਤੇ 19 ਸਾਲਾ ਲੜਕੀਆਂ ਵਿੱਚ ਕ੍ਰਮਵਾਰ ਨਿਹਾਰਿਕਾ ਵਰਮਾ, ਅਰਸ਼ਵੀਰ ਕੌਰ, ਅਕ੍ਰਿਤੀ ਸ਼ਰਮਾ, ਕਿੰਜਲ ਸ਼ਰਮਾ, ਮੰਨਤ ਬਾਂਸਲ, ਗੁਰਲੀਨ ਕੌਰ, ਮੰਨਸਿਕਾ ਭੱਟੀ ਤੇ ਹਰਗੁਣਜੋਤ ਕੌਰ ਨੇ ਬੈਡਮਿੰਟਨ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਵੇਦ ਵ੍ਰਤ ਤੇ ਸਕੂਲ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਸਾਰੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਗਈ। ਇਸ ਸਾਰੇ ਮੁਕਾਬਲੇ ਵਿੱਚ ਮੰਨਤਪ੍ਰੀਤ ਕੌਰ ਨੂੰ ਕੁੜੀਆਂ ਵਿੱਚ ਤੇ ਮੁੰਡਿਆਂ ਵਿੱਚ ਸਹਿਜਪ੍ਰੀਤ ਸਿੰਘ ਨੂੰ ਵਧੀਆ ਖਿਡਾਰੀ ਦਾ ਦਰਜਾ ਦਿੱਤਾ ਗਿਆ। ਖੇਡਾਂ ਵਿੱਚ ਇਸ ਵੱਡੀ ਜਿੱਤ ਲਈ ਡੀ. ਪੀ. ਈ. ਹਰਦੀਪ ਸਿੰਘ ਬਿੰਜਲ, ਡੀ. ਪੀ. ਈ. ਸੁਰਿੰਦਰਪਾਲ ਵਿੱਜ ਤੇ ਡੀ. ਪੀ. ਜਗਦੀਪ ਸਿੰਘ ਸਿੱਧਵਾਂ ਖੁਰਦ ਨੂੰ ਵੀ ਵਧਾਈ ਦੇ ਪਾਤਰ ਦੱਸਿਆ।


## ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ

ਰੇਲਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਲਈ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਰਸਾਈ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ:-

**04071/04072 ਨਵੀਂ ਦਿੱਲੀ - ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਗਤੀ ਸ਼ਕਤੀ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਦੋ ਫੇਰੇ)**

| ਗੱਡੀ ਨੰ. 04071 | | ਸਟੇਸ਼ਨ | ਗੱਡੀ ਨੰ. 04072 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| — | 23:15 | ਨਵੀਂ ਦਿੱਲੀ | 06:50 | — |
| 11:25 | — | ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | — | 18:30 |

ਚੱਲਣ ਦੇ ਦਿਨ : 04071 ਨਵੀਂ ਦਿੱਲੀ ਤੋਂ ਮਿਤੀ 06.09.2023 (ਬੁਧਵਾਰ) ਨੂੰ ਅਤੇ 04072 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 09.09.2023 (ਸ਼ਨੀਵਾਰ) ਨੂੰ
ਸੰਥਾਨ : 3 ਟੀਅਰ ਏਸੀ, ਇਕੋਨਮੀ ਕਲਾਸ।
ਠਹਿਰਾਓ : ਸੋਨੀਪਤ ਜੰ., ਪਾਨੀਪਤ ਜੰ., ਕਰਨਾਲ, ਕੁਰੂਸ਼ੇਤਰ ਜੰ., ਅੰਬਾਲਾ ਛਾਉਣੀ ਜੰ., ਲੁਧਿਆਣਾ ਜੰ., ਜਲੰਧਰ ਛਾਉਣੀ, ਪਠਾਨਕੋਟ ਛਾਉਣੀ, ਜੰਮੂ ਤਵੀ ਅਤੇ ਉਧਮਪੁਰ ਸਟੇਸ਼ਨ।

**04081/04082 ਨਵੀਂ ਦਿੱਲੀ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਦੋ ਫੇਰੇ)**

| ਗੱਡੀ ਨੰ. 04081 | | ਸਟੇਸ਼ਨ | ਗੱਡੀ ਨੰ. 04082 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| — | 23:15 | ਨਵੀਂ ਦਿੱਲੀ | 06:50 | — |
| 11:25 | — | ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | — | 18:30 |

ਚੱਲਣ ਦੇ ਦਿਨ : 04081 ਨਵੀਂ ਦਿੱਲੀ ਤੋਂ ਮਿਤੀ 07.09.2023 (ਵੀਰਵਾਰ) ਨੂੰ ਅਤੇ 04082 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 10.09.2023 (ਐਤਵਾਰ) ਨੂੰ।
ਸੰਥਾਨ : ਫਸਟ ਏਸੀ ਸਮੇਤ 2 ਟੀਅਰ ਏਸੀ. 2 ਟੀਅਰ ਏਸੀ., ਸਮੇਤ 3 ਟੀਅਰ ਏਸੀ, ਸਲੀਪਰ ਅਤੇ ਜਨਰਲ।
ਠਹਿਰਾਓ : ਸੋਨੀਪਤ ਜੰ., ਪਾਨੀਪਤ ਜੰ., ਕਰਨਾਲ, ਕੁਰੂਸ਼ੇਤਰ ਜੰ., ਅੰਬਾਲਾ ਛਾਉਣੀ ਜੰ., ਲੁਧਿਆਣਾ ਜੰ., ਜਲੰਧਰ ਛਾਉਣੀ, ਪਠਾਨਕੋਟ ਛਾਉਣੀ, ਜੰਮੂ ਤਵੀ ਅਤੇ ਉਧਮਪੁਰ ਸਟੇਸ਼ਨ।

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਆਉਣ ਵਾਲੇ ਠਹਿਰਾਵਾਂ ਦੀ ਸਮੇਂ-ਸਾਰਣੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ
2758/23
'ਤੇ ਸਾਨੂੰ ਫਾਲੋ ਕਰੋ
ਉਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
www.nr.indianrailways.gov.in 'ਤੇ ਮਿਲੋ
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉਤਰ ਰੇਲਵੇ

G20 | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 28.09.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 02.09.2023<br>04.09.2023 | 14.09.2023<br>14.09.2023 | 28.09.2023 / 15:00 ਵਜੇ<br>28.09.2023 / 15:00 ਵਜੇ |

| ਲੜੀ ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 197-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਕਾਜ਼ੀਗੁੰਡ-ਬਾਰਾਮੂਲਾ ਸੈਕਸ਼ਨ ਵਿਚ ਕਿਮੀ 46.00 ਤੋਂ 117.96 ਤਕ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ/ ਬੜਗਾਮ ਦੇ ਸੈਕਸ਼ਨ ਵਿਚ ਟ੍ਰੈਕ ਰਖਰਖਾਅ ਦੇ ਲਈ ਮਿਸਲੇਨਿਯਸ ਪੀ ਵੇ ਕੰਮ ਕਰਨ ਲਈ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 44,27,291.30/- | 88,600.00/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 2. | 198-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ਬਨਿਹਾਲ ਦੇ ਸੈਕਸ਼ਨ ਵਿਚ ਬਨਿਹਾਲ-ਕਾਜ਼ੀਕੁੰਡ ਸੈਕਸ਼ਨ ਵਿਚ ਕਿਮੀ 150 ਤੋਂ 168 ਤਕ ਕਿਮੀ 0 ਤੋਂ 46 ਤਕ ਟ੍ਰੈਕ ਰਖਰਖਾਅ ਦੇ ਲਈ ਵਖ-ਵਖ ਪੀ.ਵੇ. ਕੰਮ ਕਰਨ ਲਈ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 44,98,665.73/- | 90,000.00/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 3. | 199-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਸੈਕਸ਼ਨ ਵਿਚ ਗਡੂਰ ਪੁਲਾਂ ਅਤੇ ਅਪ੍ਰੋਚ ਦੇ ਟ੍ਰੈਕ ਰਖਰਖਾਅ ਦੇ ਲਈ ਕੰਮ ਕਰਦਾ ਹੈ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 44,99,813/- | 90,000.00/- | 60 ਦਿਨ | 08 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 4. | 200-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਤੇ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਬੜਗਾਮ (ਬੜਗਾਮ, ਮਜ਼ੋਮ, ਪਟਨ, ਹਮਰੇ, ਸੋਪ੍ਰੇ ਅਤੇ ਬਾਰਾਮੂਲਾ) ਦੇ ਤਹਿਤ ਵਿਭਿੰਨ ਸਟੇਸ਼ਨਾਂ ਅਤੇ ਕਲੋਨੀਆਂ ਵਿਚ ਜਲ ਇਲਾਜ ਸੰਯੰਤਰਾਂ ਦਾ ਸਲਾਨਾ ਰਖਰਖਾਅ ਅਤੇ ਉਪਭੋਗ ਸਮਗਰੀਆਂ ਦੀ ਸਪਲਾਈ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 38,45,047.60/- | 76,900.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 5. | 201-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ/ਕੰਮ/ਬਨਿਹਾਲ (ਕਾਜ਼ੀਗੁੰਡ, ਸਦੂਰਾ, ਅਨੰਤਨਾਗ ਬਿਬਬੇਹਰਾ, ਪੰਜਗਾਮ, ਅਵੰਤੀਪੁਰਾ, ਕਾਕਾਪੋਰਾ ਅਤੇ ਪੰਪੋਰ) ਦੇ ਤਹਿਤ ਵਿਭਿੰਨ ਸਟੇਸ਼ਨਾਂ ਅਤੇ ਕਲੋਨੀਆਂ ਵਿਚ ਪਾਣੀ ਉਪਚਾਰ ਸੰਯੰਤਰਾਂ ਦਾ ਸਲਾਨਾ ਰਖਰਖਾਅ ਅਤੇ ਉਪਭੋਗ ਸਮਗਰੀਆਂ ਦੀ ਸਪਲਾਈ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 39,38998.65/- | 78,800.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 6. | 202-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਫੁਟਓਵਰ ਬ੍ਰਿਜਾਂ ਦੀ ਪੇਂਟਿੰਗ ਅਤੇ ਹੋਰ ਸਬੰਧਤ ਕੰਮ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 44,99,064.15/- | 90,000.00/- | 60 ਦਿਨ | 04 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |
| 7. | 203-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਅਧਿਕਾਰੀ ਵਿਸ਼ਰਾਮ ਗ੍ਰਹਿ ਬੜਗਾਮ ਵਿਚ ਕੇਂਦਰੀ ਗੁੰਬਦ ਦੀ ਸ਼ੀਟਿੰਗ ਦੀ ਮੁਰੰਮਤ ਅਤੇ ਫਰਸ਼, ਸਵੱਛਤਾ ਅਤੇ ਹੋਰ ਸਬੰਧਤ ਕੰਮਾਂ ਦੀ ਮੁਰੰਮਤ। | | | |
| | | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 33,11,622.55/- | 66,200.00/- | 60 ਦਿਨ | 05 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਕੋਈ ਨਹੀਂ"। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।— 197,198,199,200,201,202 & 203-2023-24-BDGM-DRM-FZR Date : 04.09.2023 2760/2023

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕੌਮੀ ਹਾਈਵੇ ਅਥਾਰਟੀ ਦੇ ਪ੍ਰਜੈਕਟਾਂ ਸੰਬੰਧੀ ਕਿਸਾਨਾਂ ਦੀਆਂ ਦਿੱਕਤਾਂ ਦਾ ਹੋਵੇਗਾ ਹੱਲ : ਕੈਬਨਿਟ ਮੰਤਰੀ



**ਜਲੰਧਰ -(ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਕੌਮੀ ਹਾਈਵੇ ਪ੍ਰਜੈਕਟਾਂ ਸਬੰਧੀ ਕਿਸਾਨਾਂ ਵਲੋਂ ਪ੍ਰਗਟਾਏ ਖਦਸ਼ਿਆਂ ਤੇ ਮੁਆਵਜ਼ੇ ਦੇ ਬਕਾਇਆ ਕੇਸਾਂ ਦਾ ਨਿਪਟਾਰਾ ਜਲਦ ਤੋਂ ਜਲਦ ਕਰਨਾ ਯਕੀਨੀ ਬਣਾਉਣ। ਇੱਥੇ ਸਥਾਨਕ ਸਰਕਟ ਹਾਊਸ ਵਿਖੇ ਦੁਆਬਾ ਖੇਤਰ ਦੇ ਕੌਮੀ ਹਾਈਵੇ ਪ੍ਰਜੈਕਟਾਂ ਨਾਲ ਪ੍ਰਭਾਵਤ ਕਿਸਾਨਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕਰੇਗੀ। ਮੀਟਿੰਗ ਜਿਸ ਵਿਚ ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਚੇਅਰਮੈਨ ਰਾਜਵਿੰਦਰ ਕੌਰ ਥਿਆੜਾ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਕੀਤੇ ਕੇਸਾਂ ਵਿਚ ਮੁਆਵਜ਼ੇ ਵਿਚਲੇ ਵਖਰੇਵਿਆਂ ਤੇ ਪਾਣੀ ਨੂੰ ਡਾਫ ਲੱਗਣ ਦੇ ਖਦਸ਼ਿਆਂ ਨੂੰ ਦੂਰ ਕਰਨ ਲਈ ਆਪਸੀ ਸਹਿਮਤੀ ਨਾਲ ਤੁਰੰਤ ਕਾਰਵਾਈ ਕੀਤੀ ਜਾਵੇ । ਉਨ੍ਹਾਂ ਕਿਸਾਨਾਂ ਵਲੋਂ ਦਿੱਲੀ -ਕਟੜਾ, ਅੰਮ੍ਰਿਤਸਰ-ਬਠਿੰਡਾ ਤੇ ਜਲੰਧਰ ਰਿੰਗ ਰੋਡ ਪ੍ਰਾਜੈਕਟਾਂ ਸਬੰਧੀ ਡਿਵੀਜ਼ਨਲ ਕਮਿਸ਼ਨਰ ਕੋਲ ਬਕਾਇਆ ਪਏ ਕੇਸਾਂ ਦੇ ਜਲਦ ਨਿਪਟਾਰੇ ਦੇ ਨਿਰਦੇਸ਼ ਵੀ ਦਿੱਤੇ। ਕਿਸਾਨਾਂ ਵਲੋਂ ਪਾਣੀ ਦੇ ਕੁਦਰਤੀ ਵਹਾਅ ਵਿਚ ਅੜਿੱਕਾ ਪੈਣ ਸਬੰਧੀ ਕਿਸਾਨਾਂ ਵਲੋਂ ਉਠਾਏ ਮੁੱਦੇ 'ਤੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਇਸ ਸਬੰਧੀ ਪਹਿਲਾਂ ਹੀ ਹਰੇਕ ਉਪ ਮੰਡਲ ਪੱਧਰ 'ਤੇ ਸਬੰਧਿਤ ਐਸ. ਡੀ.ਐਮਜ਼ ਦੀ ਅਗਵਾਈ ਹੇਠ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਕੌਮੀ ਹਾਈਵੇ ਅਥਾਰਟੀ, ਡਰੇਨੇਜ ਵਿਭਾਗ ਅਧਿਕਾਰੀ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਮੇਟੀ ਸਬੰਧਿਤ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਖਦਸ਼ੇ ਦੂਰ ਕਰੇ ਅਤੇ ਪਾਣੀ ਦੀ ਨਿਕਾਸੀ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ। ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਵਧੀਕ ਡਿਪਟੀ ਕਮਿਸ਼ਨਰ, ਐਸ.ਡੀ.ਐਮਜ਼, ਮਾਲ ਵਿਭਾਗ ਦੇ ਅਧਿਕਾਰੀ ਤੇ ਕਿਸਾਨਾਂ ਦੇ ਪ੍ਰਤੀਨਿਧੀਆਂ ਨੇ ਮੀਟਿੰਗ ਵਿੱਚ ਭਾਗ ਲਿਆ ।

# ਤਿਵਾੜੀ ਨੇ ਵਾਰਡ ਨੰਬਰ 6 'ਚ ਓਪਨ ਏਅਰ ਜਿੰਮ ਲਈ 5 ਲੱਖ ਦਾ ਚੈੱਕ ਸੌਂਪਿਆ



**ਮੋਹਾਲੀ, (ਗੁਰਜੀਤ ਬਿੱਲਾ)** ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਮੋਹਾਲੀ ਦੇ ਵਾਰਡ ਨੰਬਰ 6 ਦੇ ਨਿਵਾਸੀਆਂ ਨੂੰ 5 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਹੋਣ ਵਾਲੇ ਓਪਨ ਏਅਰ ਜਿੰਮ ਲਈ 5 ਲੱਖ ਰੁਪਏ ਦੀ ਗ੍ਰਾਂਟ ਦਾ ਚੈਕ ਭੇਟ ਕੀਤਾ ਗਿਆ। ਇਸ ਮੌਕੇ ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਇਹ ਓਪਨ ਏਅਰ ਜਿੰਮ ਇਲਾਕੇ ਦੇ ਲੋਕਾਂ ਨੂੰ ਆਪਣੇ ਆਪ ਨੂੰ ਫਿੱਟ ਰੱਖਣ 'ਚ ਸਹਾਈ ਹੋਵੇਗਾ ਅਤੇ ਲੋਕ ਪਾਰਕ 'ਚ ਸੈਰ ਕਰਨ ਦੇ ਨਾਲ-ਨਾਲ ਤਾਜੀ ਹਵਾ ਵਿੱਚ ਕਸਰਤ ਵੀ ਕਰ ਸਕਨਗੇ।

ਇਸ ਮੌਕੇ ਲੋਕਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਲੋਕ ਸਭਾ ਹਲਕੇ ਦੇ ਵਿਕਾਸ ਲਈ ਭਵਿੱਖ 'ਚ ਵੀ ਫੰਡ ਜਾਰੀ ਕਰਨ ਦਾ ਭਰੋਸਾ ਦਿੱਤਾ। ਉਥੇ ਹੀ ਮੁਹਾਲੀ ਵਾਰਡ ਨੰਬਰ 6 ਦੇ ਕੌਂਸਲਰ ਅਤੇ ਸ਼ਹਿਰੀ ਕਾਂਗਰਸ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਗਿੱਲ ਨੇ ਬਰਸਾਤ ਦੇ ਮੌਸਮ ਦੌਰਾਨ ਚੰਡੀਗੜ੍ਹ ਦਾ ਪਾਣੀ ਮੁਹਾਲੀ 'ਚ ਦਾਖਲ ਹੋਣ ਕਾਰਨ ਹੋਏ ਨੁਕਸਾਨ ਦਾ ਮੁੱਦਾ ਉਠਾਉਂਦਿਆਂ ਸੰਸਦ ਮੈਂਬਰ ਤਿਵਾੜੀ ਨੂੰ ਇਹ ਮਾਮਲਾ ਲੋਕਲ ਬਾਡੀ ਵਿਭਾਗ ਦੇ ਉੱਚ ਅਧਿਕਾਰੀਆਂ ਕੋਲ ਉਠਾਉਣ ਦੀ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ, ਕੌਂਸਲਰ ਜਸਪ੍ਰੀਤ ਗਿੱਲ, ਕੌਂਸਲਰ ਪ੍ਰਮੋਦ ਮਿੱਤਰਾ, ਕੌਂਸਲਰ ਅਸ਼ੋਕ ਕੌਂਡਲ, ਸਰਪੰਚ ਕੁਲਵੰਤ, ਪਰਮਜੀਤ ਸਿੰਘ ਗਿੱਲ, ਮਾਸਟਰ ਮਦਨ ਸਿੰਘ, ਜੀ.ਐਸ ਤਿਵਾੜੀ, ਵਿਕਰਮ ਹੁੰਜਨ, ਪਰਮਿੰਦਰ ਰੀਹਲ, ਹਰਪ੍ਰੀਤ ਬੰਟੀ, ਗੁਰਮੀਤ ਸਿਆਣ, ਨਵਨੀਤ ਤੋਖੀ, ਕਿਸਟਿਜ ਸ਼ਾਰਦਾ ਆਦਿ ਹਾਜ਼ਰ ਸਨ।

# ਪ੍ਰੀਤਮ ਸਿੰਘ ਰੁਪਾਲ ਤੇ ਬਲਬੀਰ ਗਿੱਲ ਦਾ ਸਨਮਾਨ



**ਜਲੰਧਰ**-ਸੰਗੀਤ ਨਾਟ ਅਕਾਦਮੀ ਦੇ ਅਹੁਦੇਦਾਰ, ਰੰਗ ਮੰਚ, ਮਲਵਈ ਗਿੱਧਾ, ਰੇਡੀਓ ਪ੍ਰਸਾਰਣ ਸਮਾਗਮ, ਪ੍ਰੋ. ਅਜਮੇਰ ਸਿੰਘ ਔਲਖ ਦੇ ਲੋਕ ਕਲਾ ਮੰਚ ਨਾਲ ਜੁੜੇ ਰਹੇ ਪ੍ਰੀਤਮ ਸਿੰਘ ਰੁਪਾਲ ਅਤੇ ਉਹਨਾਂ ਦੇ ਸੰਗੀ ਸਾਥੀ ਰੰਗ ਮੰਚ ਦੇ ਕਲਾਕਾਰ ਬਲਬੀਰ ਸਿੰਘ ਗਿੱਲ ਦੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪੁੱਜਣ 'ਤੇ ਕਮੇਟੀ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਾਬਕਾ ਵਿੱਤ ਸਕੱਤਰ ਕਮੇਟੀ ਮੈਂਬਰ ਰਣਜੀਤ ਸਿੰਘ ਔਲਖ ਅਤੇ ਸਭਿਆਚਾਰਕ ਵਿੰਗ ਨਾਲ ਜੁੜੇ ਪੁਸ਼ਕਰ ਨੇ ਗਦਰ ਪਾਰਟੀ ਦਾ ਇਤਿਹਾਸ ਭੇਟ ਕਰਕੇ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ। ਮਿਊਜ਼ੀਅਮ, ਥੀਏਟਰ, ਲਾਈਟ ਐਂਡ ਸਾਊਂਡ, ਲਾਇਬਰੇਰੀ, ਵੱਖ-ਵੱਖ ਸਟੇਡੀਅਮ ਆਦਿ ਦੇਖ ਕੇ ਬਹੁਤ ਹੀ ਪ੍ਰਸੰਨ ਚਿੱਤ ਹੁੰਦਿਆਂ ਉਹਨਾਂ ਨੇ ਕਈ ਅਮੁੱਲੇ ਸੁਝਾਅ ਦਿੱਤੇ। ਆਪਸ ਵਿੱਚ ਵਿਚਾਰ ਵਟਾਂਦਰਾ ਕਰਦਿਆਂ ਉਹਨਾਂ ਕਿਹਾ ਕਿ ਇਤਿਹਾਸ, ਵਿਰਾਸਤ, ਸਾਹਿਤ ਅਤੇ ਕਲਾ ਦੇ ਖੇਤਰ ਵਿਚ ਮਿਸਾਲੀ ਕੰਮ ਕਰਦਿਆਂ ਦੇਸ਼ ਭਗਤ ਯਾਦਗਾਰ ਹਾਲ ਨੇ ਲੋਕਾਂ ਨੂੰ ਵਿਗਿਆਨਕ, ਦੇਸ਼ ਭਗਤ ਅਤੇ ਇਨਕਲਾਬੀ ਚੇਤਨਾ ਪ੍ਰਦਾਨ ਕਰਨ ਦੀ ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਹੁਣ ਤੋਂ ਚੱਲਦੀਆਂ ਵੇਖ ਕੇ ਉਹਨਾਂ ਨੇ ਖੁਸ਼ੀ ਦਾ ਇਜਹਾਰ ਕੀਤਾ ਅਤੇ ਮੇਲੇ ਵਿੱਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ।

# ਮੋਦੀ ਸਰਕਾਰ ਨੇ ਮਨਰੇਗਾ ਮਜ਼ਦੂਰਾਂ ਨੂੰ ਭੁੱਖੇ ਰਹਿਣ ਲਈ ਕੀਤਾ ਮਜਬੂਰ : ਬੱਡੋਆਣ

**ਹੁਸ਼ਿਆਰਪੁਰ, , (ਬਲਵੀਰ ਸਿੰਘ ਸੈਣੀ)**- ਇੱਥੇ ਸੀ ਪੀ ਆਈ ਐਮ ਦੇ ਸੱਦੇ 'ਤੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਚਲਾਈ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਭੱਜਲਾ, ਗੋਲੀਆ ਤੇ ਨੰਗਲ ਕਲਾਂ ਵਿਖੇ ਮਜਦੂਰਾਂ, ਕਿਸਾਨਾਂ, ਔਰਤਾਂ ਦੇ ਭਾਰੀ ਇਕੱਠ ਹੋਏ। ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਅਤੇ ਜ਼ਿਲ੍ਹਾ ਸਕੱਤਰ ਗੁਰਨੇਕ ਸਿੰਘ ਭੱਜਲ, ਜ਼ਿਲ੍ਹਾ ਸਕੱਤਰੇਤ ਮੈਂਬਰ ਮਹਿੰਦਰ ਕੁਮਾਰ ਬੱਡੋਆਣ, ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਨੀਲਮ ਬੱਡੋਆਣ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਦੀ ਸਰਕਾਰ ਲੋਕਾਂ ਨੂੰ ਪੰਦਰਾਂ ਲੱਖ ਰੁਪਏ, ਦੋ ਕਰੋੜ ਨੌਕਰੀਆਂ ਤੇ ਡੀਜਲ ਪੈਟਰੋਲ 35 ਰੁਪਏ ਲੀਟਰ, 300 ਰੁਪਏ ਦਾ ਗੈਸ ਸਿਲੰਡਰ ਦੇ ਲਾਰੇ ਲਾ ਕੇ ਗੱਦੀ 'ਤੇ ਆਈ ਹੈ ਪਰ ਕੰਮ ਇਸ ਤੋਂ ਉਲਟ ਕਰਕੇ ਡੀਜਲ ਪੈਟਰੋਲ ਦੀਆਂ ਕੀਮਤਾਂ ਸਿਖਰਾਂ 'ਤੇ ਪਹੁੰਚਾ ਦਿੱਤੀਆਂ, ਗੈਸ ਦਾ ਰੇਟ ਚਾਰ ਗੁਣਾ ਵਧਾ ਕੇ ਅਤੇ ਸਰਕਾਰੀ ਮਹਿਕਮੇ ਆਪਣੇ ਜੁੰਡੀ ਦੇ ਯਾਰਾਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਲੋਕਾਂ ਨਾਲ ਧੋਖਾ ਤੇ ਧ੍ਰੋਹ ਕਮਾਇਆ ਹੈ। ਇਸ ਦਾ ਖਮਿਆਜਾ ਮੋਦੀ ਸਰਕਾਰ ਨੂੰ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ। ਇਸੇ ਤਰ੍ਹਾਂ ਮੋਦੀ ਦੀ ਸਰਕਾਰ ਨੇ 10000 ਕਰੋੜ ਦਾ ਮਨਰੇਗਾ ਬਜਟ ਵਿੱਚ ਕੱਟ ਲਾ ਕੇ ਮਨਰੇਗਾ ਮਜ਼ਦੂਰਾਂ ਨੂੰ ਭੁੱਖੇ ਰਹਿਣ ਲਈ ਮਜ਼ਬੂਰ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਲੋਕਾਂ ਦੇ ਮੁੱਦਿਆਂ ਨੂੰ ਦਰਕਿਨਾਰ ਕਰਕੇ ਮਨੀਪੁਰ ਅਤੇ ਹਰਿਆਣੇ ਵਰਗੀਆਂ ਸ਼ਰਮਨਾਕ ਘਟਨਾਵਾਂ ਕਰਾ ਕੇ ਲੋਕਾਂ ਦਾ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਦੀ ਸਰਕਾਰ ਜਿਸ ਨੇ ਲੋਕਾਂ ਨਾਲ ਵਾਧਾ ਕੀਤਾ ਸੀ ਕਿ ਨਸ਼ਾ ਇੱਕ ਮਹੀਨੇ ਵਿੱਚ ਬੰਦ ਕਰ ਦੇਵਾਂਗੇ ਅਤੇ ਗੈਰ ਕਾਨੂੰਨੀ ਮਾਇਨਿੰਗ ਬੰਦ ਕਰ ਦਿੱਤੀ ਜਾਵੇਗੀ ਪਰ ਨਸ਼ੇ ਧੜਾ ਧੜ ਵਿਕ ਰਹੇ ਹਨ, ਗੈਰ ਕਾਨੂੰਨੀ ਮਾਇਨਿੰਗ ਲਗਾਤਾਰ ਵਧ ਰਹੀ ਹੈ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ ਕਤਲ ਰੋਜਾਨਾ ਹੋ ਰਹੇ ਹਨ, ਲੁੱਟਾ- ਖੋਹਾਂ ਚੋਰੀਆਂ ਵਧ ਰਹੀਆ ਹਨ। ਪ੍ਰਸ਼ਾਸ਼ਨ ਅਤੇ ਸਰਕਾਰ ਇਸ ਨੂੰ ਕਾਬੂ ਕਰਨ ਵਿੱਚ ਅਸਫਲ ਹੋਈ ਹੈ। ਆਗੂਆਂ ਨੇ ਕਿਹਾ ਇਨ੍ਹਾਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਸ਼ੰਘਰਸ਼ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਕਸ਼ਮੀਰ ਸਿੰਘ, ਰੇਸ਼ਮ ਸਿੰਘ, ਹੁਸ਼ਿਆਰ ਸਿੰਘ ਗੋਲਡੀ, ਬਲਬੀਰ ਕੌਰ, ਸਤਿਆ ਦੇਵੀ, ਸੱਤਪਾਲ, ਕੁਲਤਾਰ ਸਿੰਘ, ਸਤਨਾਮ ਸਿੰਘ, ਰਜਿੰਦਰ ਸਿੰਘ, ਸੋਹਣ ਸਿੰਘ, ਹਰਭਜਨ ਸਿੰਘ ਨੇ ਸਬੋਧਨ ਕੀਤਾ। ਸੱਤ ਸਤੰਬਰ ਨੂੰ ਲੋਕਾਂ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਐਸ ਡੀ ਐਮ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਗਵਰਨਰ ਪੰਜਾਬ ਨੂੰ ਭੇਜਿਆ ਜਾਵੇਗਾ।

# ਬਿਆਸ ਦਰਿਆ 'ਚ ਛਾਲ ਮਾਰ ਕੇ ਆਤਮ ਹੱਤਿਆ ਕਰਨ ਵਾਲੇ ਦੋ ਭਰਾਵਾਂ 'ਚੋਂ ਇੱਕ ਦੀ ਲਾਸ਼ ਬਰਾਮਦ

**ਕਪੂਰਥਲਾ, ( ਪ੍ਰੀਤ ਸੰਗੋਜਲਾ )**-ਜ਼ਿਲ੍ਹਾ ਕਪੂਰਥਲਾ ਦੇ ਥਾਣਾ ਤਲਵੰਡੀ ਚੌਧਰੀਆਂ ਅਧੀਨ ਪੈਂਦੇ ਗੋਇੰਦਵਾਲ ਨੇੜੇ ਬਿਆਸ ਦਰਿਆ 'ਤੇ ਬਣੇ ਪੁਲ ਤੋਂ ਖਬਰ ਮਿਲੀ ਸੀ ਕਿ ਦੋ ਵੱਡੇ ਵਪਾਰੀ ਭਰਾਵਾਂ ਨੇ ਕਥਿਤ ਤੌਰ 'ਤੇ ਜਲੰਧਰ ਪੁਲਸ ਸਟੇਸ਼ਨ ਡਵੀਜ਼ਨ ਨੰਬਰ 1 'ਚ ਅਪਮਾਨਿਤ ਕੀਤਾ ਗਿਆ ਸੀ, ਫਿਲਹਾਲ ਦੋਵੇਂ ਭਰਾਵਾਂ ਦੇ ਮਾਮਲੇ 'ਚ ਨਵਾਂ ਮੋੜ ਉਸ ਸਮੇਂ ਆਇਆ ਜਦੋਂ ਇਨ੍ਹਾਂ ਵਿੱਚੋਂ ਇੱਕ ਦੀ ਲਾਸ਼ ਦੇਰ ਰਾਤ ਮੰਡ ਬੂਹ 'ਚ ਮਿਲੀ, ਜਿਸ ਤੋਂ ਪੁਲਸ ਤੁਰੰਤ ਹਰਕਤ ਵਿੱਚ ਆਈ ਅਤੇ ਮ੍ਰਿਤਕ ਦੀ ਪਹਿਚਾਣ ਉਸ ਦੇ ਪਰਵਾਰ ਵਾਲਿਆਂ ਨੇ ਕੀਤੀ। ਜਿਸ ਤੋਂ ਬਾਅਦ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਪਰਚਾ ਦਰਜ ਕੀਤਾ ਗਿਆ। ਦੋ ਸਕੇ ਭਰਾਵਾਂ ਦੇ ਇਸ ਮਾਮਲੇ 'ਚ ਇਕ ਭਰਾ ਦੀ ਲਾਸ਼ ਦੀ ਸ਼ਨਾਖਤ ਤੋਂ ਬਾਅਦ ਪਰਵਾਰਕ ਮੈਂਬਰਾਂ ਅਤੇ ਦੋਸਤ ਦੇ ਬਿਆਨ ਦਰਜ ਕਰਨ ਤੋਂ ਬਾਅਦ ਥਾਣਾ ਸਦਰ ਨਵਦੀਪ ਸਿੰਘ, ਲੇਡੀ ਕਾਂਸਟੇਬਲ ਜਗਜੀਤ ਕੌਰ ਅਤੇ ਮੁਨਸ਼ੀ



ਬਲਵਿੰਦਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਆਤਮ ਹੱਤਿਆ ਲਈ ਮਜਬੂਰ ਕਰਨ ਦੇ ਦੋਸ਼ ਹੇਠ ਥਾਣਾ ਤਲਵੰਡੀ ਚੌਧਰੀਆਂ ਵਿਖੇ ਧਾਰਾ 306, 506 ਅਤੇ 34 ਹੋਰ ਕਾਨੂੰਨੀ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਸ ਦੀ ਪੁਸ਼ਟੀ ਡੀ ਐਸ ਪੀ ਸੁਲਤਾਨਪੁਰ ਲੋਧੀ ਬਬਨਦੀਪ ਸਿੰਘ ਨੇ ਕੀਤੀ। ਇਸੇ ਮਾਮਲੇ 'ਚ ਡੀ.ਐੱਸ.ਪੀ ਸੁਲਤਾਨਪੁਰ ਲੋਧੀ ਬਬਨਦੀਪ ਨੇ ਦੱਸਿਆ ਕਿ ਪੁਲਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਥਾਣਾ ਮੁਖੀ ਨਵਦੀਪ ਸਿੰਘ, ਲੇਡੀ ਕਾਂਸਟੇਬਲ ਜਗਜੀਤ ਕੌਰ ਅਤੇ ਮੁਨਸ਼ੀ ਬਲਵਿੰਦਰ ਸਿੰਘ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅਰੋਪੀ ਐੱਸ.ਐੱਚ.ਓ ਐਸ ਐਚ ਓ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਰਿਆਤ ਬਾਹਰਾ ਇੰਜਨੀਅਰਿੰਗ ਕਾਲਜ 'ਚ ਵਿਸ਼ਵ ਉੱਦਮਤਾ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਵਿਖੇ ਵਿਸ਼ਵ ਉੱਦਮੀ ਦਿਵਸ ਮਨਾਇਆ ਗਿਆ। ਜਿਸ ਵਿੱਚ ਕੰਪਿਊਟਰ ਸਾਇੰਸ ਇੰਜਨੀਅਰਿੰਗ ਅਤੇ ਆਈ.ਟੀ ਵਿਭਾਗ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਕਾਲਜ ਦੇ ਸਾਬਕਾ ਵਿਦਿਆਰਥੀ ਡਿਲੀਜੈਂਟ ਇਨਫੋਟੈਕ ਦੇ ਸੀ.ਈ.ਓ ਅਜੈ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਦਮੀ ਦਿਵਸ 'ਤੇ ਆਪਣੇ ਸੰਬੋਧਨ 'ਚ ਕਿਹਾ ਕਿ ਉੱਦਮਤਾ-ਨਵੀਆਂ ਸੰਸਥਾਵਾਂ ਸ਼ੁਰੂ ਕਰਨ ਦੀ ਭਾਵਨਾ ਹੈ। ਇੱਕ ਪਾਸੇ, ਉੱਦਮ ਵਿੱਚ ਭਾਰੀ ਮੁਨਾਫਾ ਕਮਾਉਣ ਦੀ ਸੰਭਾਵਨਾ ਹੈ, ਦੂਜੇ ਪਾਸੇ, ਅਨਿਸਚਿਤਤਾ ਅਤੇ ਹੋਰ ਜੋਖਮਾਂ ਦੀ ਵੀ ਪ੍ਰਬਲ ਸੰਭਾਵਨਾ ਹੈ। ਇਸ ਤੋਂ ਇਲਾਵਾ ਬੁਲਾਰੇ ਅਜੈ ਨੇ ਵਿਦਿਆਰਥੀਆਂ ਨਾਲ ਉੱਦਮਤਾ ਵਿੱਚ ਸਫਲਤਾ ਹਾਸਲ ਕਰਨ ਲਈ ਨੁਕਤੇ ਵੀ ਸਾਂਝੇ ਕੀਤੇ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ.ਜੋਤਸਨਾ ਨੇ ਵਿਦਿਆਰਥੀਆਂ ਨੂੰ ਉੱਦਮ ਨਾਲ ਜੁੜੀਆਂ ਚੁਣੌਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਅੰਤ ਵਿੱਚ ਕੰਪਿਊਟਰ ਸਾਇੰਸ ਇੰਜਨੀਅਰਿੰਗ ਅਤੇ ਆਈ.ਟੀ ਵਿਭਾਗ ਦੇ ਇੰਚਾਰਜ ਪ੍ਰੋ: ਸਿਮਰਪ੍ਰੀਤ ਸਿੰਘ ਨੇ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਉੱਦਮਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਡਾ: ਗੌਰਵ ਪਰਾਸ਼ਰ, ਪ੍ਰੋ: ਬ੍ਰਿਜੇਸ਼ ਸਿੰਘ, ਪ੍ਰੋ: ਗੀਤਿੰਦਰ ਸੈਣੀ, ਪ੍ਰੋ: ਪਰਮਜੀਤ ਕੌਰ ਅਤੇ ਪ੍ਰੋ: ਕਵਿਤਾ ਧੀਮਾਨ ਤੋਂ ਇਲਾਵਾ ਵਿਦਿਆਰਥੀ ਹਾਜਰ ਸਨ

## ਡੀ ਸੀ ਵੱਲੋਂ ਸਨਅਤਕਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਅਧਿਕਾਰੀਆਂ ਨਾਲ ਮੀਟਿੰਗ

**ਐੱਸ ਏ ਐੱਸ ਨਗਰ, (ਕ੍ਰਿਸ਼ਨ ਗਰਗ)** ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਨਅਤਕਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਤੇ ਸਨਅਤੀ ਵਿਕਾਸ ਲਈ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ। ਸ੍ਰੀਮਤੀ ਜੈਨ ਨੇ ਦੱਸਿਆ ਕਿ ਜਿਲ੍ਹੇ 'ਚ ਤੰਗੋਰੀ ਵਿਖੇ ਨਵਾਂ ਸਨਅਤੀ ਪਾਰਕ ਬਣਾਉਣ ਸੰਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਨਾਲ ਉਹਨਾਂ ਨੇ ਚਨਾਲੋਂ ਵਿਖੇ ਬਣਾਏ ਜਾਣ ਵਾਲਾ ਪਾਵਰਗ੍ਰਿਡ ਪ੍ਰੋਜੈਕਟ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਇਸ ਬਾਬਤ ਕਾਰਵਾਈ ਤੇਜ ਕਰਨ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਲੇਬਰ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੇਬਰ ਕਲੇਮਜ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਇਕ ਸੈੱਲ ਬਣਾਇਆ ਜਾਵੇ ਅਤੇ ਕਲੇਮਜ ਅਤੇ ਸ਼ਿਕਾਇਤਾਂ ਦਾ 04 ਹਫਤਿਆਂ ਦੇ ਅੰਦਰ ਅੰਦਰ ਨਿਪਟਾਰਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

## 76ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ 28 ਤੋਂ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਇੱਕ ਵਾਰ ਫਿਰ ਸਾਮਿਆਨਾਂ ਦਾ ਸੁੰਦਰ ਸਹਿਰ, ਸੰਤ ਨਿਰੰਕਾਰੀ ਅਧਿਆਤਮਿਕ ਸਥਾਨ ਸਮਾਲਖਾ ਦੇ ਵਿਸਾਲ ਮੈਦਾਨਾਂ 'ਚ ਨਜ਼ਰ ਆਵੇਗਾ। ਜਿੱਥੇ 76ਵਾਂ ਸਾਲਾਨਾ ਨਿਰੰਕਾਰੀ ਸੰਤ ਸਰਬ-ਸਾਂਝੀਵਾਲਤਾ ਅਤੇ ਸਰਬ-ਸਾਂਝੀਵਾਲਤਾ ਦਾ ਅਦੁੱਤੀ ਰੂਪ ਇੱਕ ਇਕੱਠ ਦੇ ਰੂਪ ਵਿੱਚ ਦੇਖਣ ਨੂੰ ਮਿਲੇਗਾ। ਓ ਪੀ ਨਿਰੰਕਾਰੀ ਜੋਨਲ ਇੰਚਾਰਜ ਚੰਡੀਗੜ੍ਹ ਜ਼ੋਨ ਅਤੇ ਨਵਨੀਤ ਪਾਠਕ ਸੰਯੋਜਕ ਚੰਡੀਗੜ੍ਹ ਬ੍ਰਾਂਚ ਨੇ ਦੱਸਿਆ ਕਿ 76ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ 28, 29, 30 ਅਕਤੂਬਰ 2023 ਨੂੰ ਹੋਣ ਜਾ ਰਿਹਾ ਹੈ। ਇਹ ਅਧਿਆਤਮਿਕ ਸੰਤ ਸਮਾਗਮ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਦੀ ਪਾਵਨ ਹਜੂਰੀ 'ਚ ਸ਼ਾਨਦਾਰ ਢੰਗ ਨਾਲ ਹੋਣ ਜਾ ਰਿਹਾ ਹੈ।

## ਕੁੱਤਿਆਂ ਦੀ ਨਸਬੰਦੀ ਮੁਹਿੰਮ ਸ਼ੁਰੂ ਕੀਤੀ

**ਮੋਹਾਲੀ,(ਗੁਰਜੀਤ ਬਿੱਲਾ)** ਮੁਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਸਿੱਧੂ ਨੇ ਇਥੇ ਕਿਹਾ ਹੈ ਕਿ ਅਵਾਰਾ ਕੁੱਤਿਆਂ ਦੀ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਨਾਲ ਨਜਿੱਠਣ ਲਈ ਉਲੀਕੇ ਗਏ ਖਾਕੇ ਦੀ ਇਕ ਕੜੀ ਵਜੋਂ ਕੁੱਤਿਆਂ ਦੀ ਨੁਸਬੰਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਹਫਤੇ ਦੌਰਾਨ ਨਸਬੰਦੀ ਦੇ ਕੰਮ ਵਿੱਚ ਹੋਰ ਤੇਜੀ ਲਿਆਂਦੀ ਜਾਵੇਗੀ। ਮੇਅਰ ਨੇ ਕਿਹਾ ਕਿ ਪਿਛਲੇ ਦਿਨਾਂ ਵਿਚ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਵਧਣ ਨਾਲ ਲੋਕਾਂ ਵਿੱਚ ਡਰ ਅਤੇ ਸਹਿਮ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਆਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ ਅਤੇ ਸ਼ੁਰੂ ਕੀਤੀ ਗਈ ਨਸਬੰਦੀ ਮੁਹਿੰਮ ਨੂੰ ਪੂਰੀ ਮੁਸ਼ਤੈਦੀ ਅਤੇ ਵਿਉਂਤਬੰਦੀ ਨਾਲ ਨੇਪਰੇ ਚਾੜਿਆ ਜਾਵੇਗਾ ਤਾਂ ਕਿ ਮਿਥਿਆ ਗਿਆ ਟੀਚਾ ਹਾਸਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਨਸਬੰਦੀ ਲਈ ਅਵਾਰਾ ਕੁੱਤਿਆਂ ਨੂੰ ਫੜਨ ਤੋਂ ਪਹਿਲਾਂ, ਨਗਰ ਨਿਗਮ ਸਥਾਨਕ ਨਿਵਾਸੀਆਂ ਨੂੰ ਜਨਤਕ ਨੋਟਿਸਾਂ, ਐਲਾਨਾਂ ਅਤੇ ਬੈਨਰਾਂ ਰਾਹੀਂ ਸੂਚਿਤ ਕਰੇਗਾ ਤਾਂ ਜੋ ਕਿਸੇ ਵੀ ਦੁਰਘਟਨਾ ਦੀ ਗੁੰਜਾਇਸ ਤੋਂ ਬਚਿਆ ਜਾ ਸਕੇ।

# ਸ਼ਹੀਦ ਭਾਈ ਚੰਨਾ ਦੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਲਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਸੰਸਥਾ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਪੰਜਾਬ ਤੇ ਪੰਥ ਦੇ ਹੱਕਾਂ, ਐੱਸ ਵਾਈ ਐੱਲ ਲਈ ਜੂਝਣ ਵਾਲੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ, ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਸਾਲਾਨਾ ਬਰਸੀ ਮੌਕੇ ਸਥਾਨਕ ਇਤਿਹਾਸਕ ਗੁਰਦੁਆਰਾ ਸ਼੍ਰੀ ਕਤਲਗੜ੍ਹ ਸਾਹਿਬ ਵਿਖੇ 659ਵਾਂ ਮਹਾਨ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਭਰਾ ਸਤਪਾਲ ਸਿੰਘ, ਜਗਤਾਰ ਸਿੰਘ ਝੱਲੀਆ, ਦਮਨਜੀਤ ਸਿੰਘ, ਭੈਣਾਂ ਰਜਿੰਦਰ ਕੌਰ, ਰਣਜੀਤ ਕੌਰ, ਗੁਰਮੀਤ ਕੌਰ, ਕਾਂਤਾ ਕੌਰ ਅਤੇ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ 'ਚੋਂ ਭਾਈ ਅਵਤਾਰ ਸਿੰਘ ਜਟਾਣਾ, ਪਵਨ ਸਿੰਘ ਜਟਾਣਾ, ਭੈਣ ਸੁਰਿੰਦਰ ਕੌਰ ਨੇ ਕੈਂਪ ਵਿਚ ਸਾਂਝੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸਿਮਰਨਜੀਤ ਸਿੰਘ ਮਾਨ ਐੱਮ.ਪੀ ਅਤੇ ਕੌਮੀ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਰਾਖੇ ਵੱਜੋਂ ਜਾਣੇ ਜਾਂਦੇ ਅਣਖੀ ਯੋਧੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਕੁਰਬਾਨੀ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਲਿਖੀ ਜਾਵੇਗੀ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਨਿਸ਼ਕਾਮ ਸੇਵਾਵਾਂ ਲਈ ਸਨਮਾਨਿਤ ਕੀਤਾ।

ਇਸ ਮੌਕੇ ਸ੍ਰੋਮਣੀ ਅਕਾਲੀ ਦਲ ਮਾਨ ਦੇ ਕੌਮੀ ਜਨਰਲ ਸਕੱਤਰ ਭਾਈ ਅੰਮ੍ਰਿਤਪਾਲ ਸਿੰਘ ਛੰਦੜਾਂ ਦੀ ਅਗਵਾਈ ਹੇਠ ਲਗਾਏ ਖੂਨਦਾਨ ਕੈਂਪ 'ਚ ਨੌਜਵਾਨਾਂ 50 ਯੂਨਿਟ ਖੂਨਦਾਨ ਕੀਤਾ। ਇਸ ਮੌਕੇ ਕੁਸ਼ਲਪਾਲ ਸਿੰਘ ਮਾਨ, ਪ੍ਰੋਫੈਸਰ ਮਿੰਦਰ ਪਾਲ ਸਿੰਘ, ਗੁਰਸੇਵਕ ਸਿੰਘ ਜਵਾਹਰਕੇ , ਉਪਰਕਾਰ ਸੰਧੂ, ਹਰਪਾਲ ਸਿੰਘ ਬਲੇਰ, ਕੁਲਦੀਪ ਸਿੰਘ ਭਾਗੋਵਾਲ, ਕੰਵਰਪਾਲ ਸਿੰਘ ਬਿਟੂ ਦਲ ਖਾਲਸਾ, ਪਰਮਜੀਤ ਸਿੰਘ ਮੰਡ ਦਲ ਖਾਲਸਾ, ਰਣਜੀਤ ਸਿੰਘ ਸੰਤੋਖਗੜ੍ਹ ਜ਼ਿਲ੍ਹਾ ਪ੍ਰਧਾਨ ਰੋਪੜ, ਗੁਰਪ੍ਰੀਤ ਸਿੰਘ ਮੜੌਲੀ, ਜੱਥੇ: ਹਰਜਿੰਦਰ ਸਿੰਘ, ਅਜਾਇਬ ਸਿੰਘ, ਰਜਿੰਦਰ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ, ਗੁਰਮੀਤ ਸਿੰਘ, ਮਨਪ੍ਰੀਤ ਸਿੰਘ, ਸਿਮਰਪ੍ਰੀਤ ਸਿੰਘ, ਬੀਬੀ ਤੇਜ ਕੌਰ ਜਿਲ੍ਹਾਂ ਪ੍ਰਧਾਨ, ਬਲਵਿੰਦਰ ਸਿੰਘ ਸਰਕਲ ਪ੍ਰਧਾਨ, ਨਵਦੀਪ ਸਿੰਘ, ਇਕਬਾਲ ਸਿੰਘ ਟਿਵਾਣਾ, ਗੁਰਜੰਟ ਸਿੰਘ, ਸ਼ਿੰਗਾਰਾ ਸਿੰਘ, ਧਰਮ ਸਿੰਘ ਕਲੌੜ, ਹਰਜੀਤ ਸਿੰਘ ਚਤਾਮਲਾ, ਤੇਜਿੰਦਰ ਸਿੰਘ ਦਿਓਲ, ਜਤਿੰਦਰ ਸਿੰਘ ਬਿੰਦੂ, ਜਗਜੀਤ ਸਿੰਘ ਫਿਰੋਜਪੁਰ, ਜਸਵਿੰਦਰ ਸਿੰਘ ਸ੍ਰੀ ਚਮਕੌਰ ਸਾਹਿਬ, ਹਰਭਜਨ ਸਿੰਘ, ਪ੍ਰਗਟ ਸਿੰਘ, ਸੁਰਜੀਤ ਸਿੰਘ, ਦਿਲਬਾਗ ਸਿੰਘ ਬੁਰਜਵਾਲਾ ਅਤੇ ਸੁਖਦੇਵ ਸਿੰਘ ਹਾਜਰ ਸਨ।

# ਸਥਾਨਕ ਸਰਕਾਰਾਂ ਮੰਤਰੀ ਵੱਲੋਂ ਵਿਕਾਸ ਕੰਮਾਂ ਦਾ ਜਾਇਜ਼ਾ



**ਜਲੰਧਰ ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਜਲੰਧਰ ਸ਼ਹਿਰ ਦੇ ਅਰਬਨ ਅਸਟੇਟ ਵਿਖੇ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜਾ ਲਿਆ ਗਿਆ । ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵਿਕਾਸਮੁਖੀ ਏਜੰਡੇ ਉੱਪਰ ਕੰਮ ਕੀਤਾ ਜਾ ਰਿਹਾ ਹੈ, ਜਿਸ ਲਈ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰਾਂ ਅੰਦਰ ਵਿਕਾਸ ਕੰਮਾਂ ਦੀ ਗਤੀ ਨੂੰ ਤੇਜ ਕੀਤਾ ਗਿਆ ਹੈ । ਉਨਾਂ ਇਸ ਮੌਕੇ ਨਗਰ ਨਿਗਮ ਕਮਿਸ਼ਨਰ ਰਿਸ਼ੀਪਾਲ ਸਿੰਘ ਤੇ ਹੋਰਨਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਹਫਤਾਵਾਰੀ ਤੌਰ 'ਤੇ ਵਿਕਾਸ ਕੰਮਾਂ ਦੀ ਸਮੀਖਿਆ ਕਰਨ ਤਾਂ ਜੋ ਇਨਾਂ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਉਣ ਦੇ ਨਾਲ- ਨਾਲ ਕੰਮ ਦੀ ਗੁਣਵੱਤਾ ਨੂੰ ਵੀ ਯਕੀਨੀ ਬਣਾਇਆ ਜਾ ਸਕੇ । ਉਨਾਂ ਅਰਬਨ ਅਸਟੇਟ ਵਿਖੇ ਚੱਲ ਰਹੇ ਵਿਕਾਸ ਕੰਮਾਂ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ । ਇਸ ਤੋਂ ਇਲਾਵਾ ਅਧਿਕਾਰੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਟਾਕਰੇ ਲਈ ਵਿਆਪਕ ਯੋਜਨਾਬੰਦੀ ਤੇ ਨਵੇਂ ਪ੍ਰਾਜੈਕਟਾਂ ਲਈ ਖਾਕਾ ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ । ਇਸ ਮੌਕੇ ਚੇਅਰਮੈਨ ਰਾਜਵਿੰਦਰ ਕੌਰ ਥਿਆੜਾ ਤੇ ਨਗਰ ਨਿਗਮ ਦੇ ਹੋਰ ਅਧਿਕਾਰੀ ਵੀ ਹਾਜਰ ਸਨ ।

# ਰਿਦਮ ਮਹਿਤਾ ਨੇ ਯੂਥ ਕਾਂਗਰਸ ਹਲਕਾ ਵਾਈਸ ਪ੍ਰਧਾਨ ਵਜੋਂ ਚੁੱਕੀ ਸਹੁੰ

**ਆਦਮਪੁਰ (ਪਰਮਜੀਤ ਸਿੰਘ)**- ਪੰਜਾਬ ਕਾਂਗਰਸ ਭਵਨ, ਚੰਡੀਗੜ੍ਹ ਵਿਖੇ ਯੂਥ ਕਾਂਗਰਸ ਵੱਲੋਂ ਕਰਵਾਏ ਗਏ 'ਅਹੁਦਾ ਸੰਭਾਲ ਸਮਾਰੋਹ' ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਆਲ ਇੰਡੀਆ ਦੇ ਯੂਥ ਕਾਂਗਰਸ ਦੇ ਪ੍ਰਧਾਨ ਨਿਵਾਸ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੀ ਏ ਲ ਪੀ ਲੀਡਰ ਪ੍ਰਤਾਪ ਸਿੰਘ ਬਾਜਵਾ ਅਤੇ ਅਨੇਕਾਂ ਵਿਧਾਇਕ ਤੇ ਸਾਬਕਾ ਮੰਤਰੀ ਹਾਜਰ ਹੋਏ। ਇਸ ਮੌਕੇ ਮੋਹਿਤ ਮਹਿੰਦਰਾ ਵਲੋਂ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਵਜੋਂ ਸਹੁੰ ਚੁੱਕੀ ਗਈ ਤੇ ਉਹਨਾ ਦੀ ਤਾਜਪੋਸ਼ੀ ਕੀਤੀ ਗਈ। ਉਹਨਾ ਨਾਲ ਅਨੇਕਾਂ ਸੂਬਾ ਸਕੱਤਰਾਂ, ਜਿਲ੍ਹਾ ਅਤੇ ਹਲਕੇ ਦੇ ਪ੍ਰਧਾਨ ਨੇ ਹਿੱਸਾ ਲਿਆ ਜਿਸ ਵਿਚ ਰਿਦਮ ਮਹਿਤਾ ਵਲੋਂ ਹਲਕਾ ਆਦਮਪੁਰ ਦੇ ਵਾਈਸ ਪ੍ਰਧਾਨ ਵਜੋਂ ਸਹੁੰ ਚੁੱਕੀ ਗਈ। ਉਹਨਾ ਨੇ ਵਿਸ਼ਵਾਸ਼ ਦਿੱਤਾ ਕਿ ਉਹ ਹਰ ਸਮਾਂ ਕਾਂਗਰਸ ਪਾਰਟੀ ਦੇ ਇਕ ਵਫਾਦਾਰ ਸਿਪਾਹੀ ਬਣਕੇ ਰਹਿਣਗੇ ਅਤੇ ਹਲਕੇ ਦੀ ਯੂਥ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਰਹਿਣਗੇ।

# ਕਾਲਾ ਸੰਘਿਆਂ ਘੋਲ ਦੇ ਸ਼ਹੀਦਾਂ ਦੀ ਯਾਦ 'ਚ ਇਨਕਲਾਬੀ ਕਾਨਫਰੰਸ 9 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਜਥੇਬੰਦੀ ਵੱਲੋਂ 9 ਸਤੰਬਰ ਨੂੰ ਕਸਬਾ ਕਾਲਾ ਸੰਘਿਆਂ ਜਿਲਾ ਕਪੂਰਥਲਾ ਵਿਖੇ ਕਾਲਾ ਸੰਘਿਆਂ ਘੋਲ ਦੇ ਸ਼ਹੀਦਾਂ ਦੀ ਯਾਦ 'ਚ ਇੱਕ ਇੰਕਲਾਬੀ ਕਾਨਫਰੰਸ ਕੀਤੀ ਜਾ ਰਹੀ ਹੈ ਇਸ ਕਾਨਫਰੰਸ 'ਚ ਜਿੱਥੇ ਘੋਲ ਦੌਰਾਨ



ਸ਼ਹੀਦ ਹੋਏ ਸਾਥੀਆਂ ਨੂੰ ਸਰਧਾਂਜ਼ਲੀਆਂ ਭੇਟ ਕੀਤੀਆਂ ਜਾਣਗੀਆਂ ਉੱਥੇ ਹੀ ਇੰਦਰਜੀਤ ਸਿੰਘ ਰੁਪੇਵਾਲੀ ਦੀ ਟੀਮ ਵੱਲੋਂ ਇੰਕਲਾਬੀ ਨਾਟਕ ਤੇ ਕੋਰੀਉਗ੍ਰਾਫੀਆ ਵੀ ਪੇਸ਼ ਕੀਤੀਆਂ ਜਾਣਗੀਆਂ। 1973 'ਚ ਕਾਲਾ ਸੰਘਿਆਂ ਵਿਖੇ ਪਿੰਡ ਦੇ ਦਲੇਰ ਤੇ ਸੂਝਵਾਨ ਨੌਜਵਾਨਾਂ ਨੇ ਮਾਸਟਰ ਤੇਜਾ ਸਿੰਘ ਦੀ ਅਗਵਾਈ ਵਿੱਚ ਕਿਸਾਨ ਜਥੇਬੰਦੀਆਂ (ਕਿਰਤੀ ਕਿਸਾਨ ਸਭਾ) ਬਣਾ ਕੇ ਪਿੰਡ ਤੇ ਇਲਾਕੇ ਦੀਆਂ ਸਮੱਸਿਆਂਵਾਂ ਨੂੰ ਲੈ ਕੇ ਸਰਗਰਮੀਆਂ ਸ਼ੁਰੂ ਕੀਤੀਆਂ ਇਨ੍ਹਾਂ ਲੋਕ ਪੱਖੀ ਸਰਗਰਮੀਆਂ ਨੇ ਪਿੰਡ ਤੇ ਇਲਾਕੇ ਨੇ ਆਪਣੀ ਲਪੇਟ 'ਚ ਲੈ ਲਿਆ ਪਿੰਡ ਪੱਧਰ 'ਤੇ ਸ਼ੁਰੂ ਹੋਇਆ ਘੋਲ ਇਲਾਕੇ ਦੀਆਂ ਹੱਦਾਂ ਤੋਂ ਪਾਰ ਤੱਕ ਮਿਹਨਤਕਸ ਲੋਕਾਂ ਨੂੰ ਆਪਣੀ ਲਪੇਟ 'ਚ ਲੈਣ ਲੱਗਾ, ਇਸ ਘੋਲ ਦਾ ਇਨਾਂ ਪ੍ਰਭਾਵ ਪਿਆ ਸੀ ਕਿ ਲੋਕ ਆਪਣੇ ਮੁਕਦਮੇ ਅਦਾਲਤਾਂ ਤੋਂ ਵਾਪਸ ਲੈ ਕੇ ਜਥੇਬੰਦੀ ਦੇ ਕੋਲ ਆਉਣ ਲੱਗੇ ਇੱਥੇ ਜਿਕਰਯੋਗ ਹੈ ਕਿ 9 ਸਤੰਬਰ ਨੂੰ ਹੋਣ ਵਾਲੇ ਪ੍ਰੋਗਰਾਮ ਦੀ ਤਿਆਰੀ ਬਲਵਿੰਦਰ ਸਿੰਘ ਬਾਜਵਾ, ਪਲਵਿੰਦਰ ਸਿੰਘ ਕਾਲਾ ਸੰਘਿਆਂ ਦੀ ਅਗਵਾਈ 'ਚ ਆਪਣੇ ਸਾਥੀਆਂ ਟਹਿਲ ਸਿੰਘ, ਬਲਜਿੰਦਰ ਸਿੰਘ, ਪਰਗਣ ਸਿੰਘ ਤੇ ਹੋਰ ਸਾਥੀਆਂ ਨਾਲ ਲਗਾਤਾਰ ਸਰਗਰਮੀਆਂ ਨਾਲ ਕੰਮ ਕਰ ਰਹੇ ਹਨ।

# ਲੋਕ ਸੰਪਰਕ ਮੁਹਿੰਮ ਜਾਰੀ



**ਨੰਗਲ (ਸੁਰਜੀਤ ਢੇਰ)** ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਕੇਂਦਰੀ ਤੇ ਪੰਜਾਬ ਰਾਜ ਕਮੇਟੀ ਦੇ ਸੱਦੇ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਹਫਤਾ ਭਰ ਚਲਾਈ ਜਾ ਰਹੀ ਲੋਕ ਸੰਪਰਕ ਮੁਹਿੰਮ ਪਿੰਡ ਕਲਿੱਤਰਾ, ਦਬਕੇਹੜਾ ਹੇਠਲਾ, ਦਬਕੇਹੜਾ ਉਪਰਲਾ, ਅਜੌਲੀ ਵਿਖੇ ਭਰਵੇਂ ਇਕੱਠ ਲੋਕਾਂ ਦੇ ਕੀਤੇ ਗਏ। ਜਿਸ ਨੂੰ ਵੱਖ ਵੱਖ ਪਿੰਡਾਂ 'ਚ ਭਰਪੂਰ ਸਮਰਥਨ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਹੈ। ਇਸ ਜਥੇ ਦੀ ਅਗਵਾਈ ਜ਼ਿਲ੍ਹਾ ਸਕੱਤਰ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਰਾਮ ਕਿਸਨ ਦਬਕੇਹੜਾ, ਰਘਬੀਰ ਸਿੰਘ ਦਰਸੀ, ਸੁਖਦੇਵ ਸਿੰਘ ਨੰਗਲ ਕਰ ਰਹੇ ਹਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਦੇਸ ਅੰਦਰ ਮੋਦੀ ਸਰਕਾਰ ਫਿਰਕੂ ਨਫਰਤ ਫੈਲਾਉਣ 'ਚ ਬਹੁਤ ਵੱਡਾ ਰੋਲ ਅਦਾ ਕਰ ਰਹੀ। ਘੱਟ ਗਿਣਤੀਆਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੰਵਿਧਾਨ ਨੂੰ ਤੋੜਿਆ ਜਾ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿੱਚ ਜੋ ਵਾਅਦੇ ਲੋਕਾਂ ਨਾਲ ਕੀਤੇ ਉਹ ਪੂਰੇ ਨਹੀਂ ਕੀਤੇ ਗਏ।

ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ, ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬ ਦੇ ਪਾਣੀਆਂ ਦਾ ਮਸਲਾ ਰਾਜੀਵ ਲੌਂਗੋਵਾਲ ਸਮਝੌਤਾ ਅਨੁਸਾਰ ਕੀਤਾ ਜਾਵੇ, ਕਿਸਾਨਾਂ ਮਜਦੂਰਾਂ ਅਤੇ ਛੋਟੇ ਦੁਕਾਨਦਾਰਾਂ ਸਿਰ ਚੜ੍ਹਿਆ ਕਰਜਾ ਮੁਆਫ ਕੀਤਾ ਜਾਵੇ। ਇਸ ਮੌਕੇ ਤਰਸੇਮ ਲਾਲ ਅਜੌਲੀ, ਰਾਮ ਲਾਲ ਜਾਦਲਾ, ਦਰਸਨ ਸਿੰਘ ਕਲਿੱਤਰਾ, ਜਸਵੀਰ ਸਿੰਘ ਬੈਂਸ, ਸੋਮ ਨਾਥ ਅਜੌਲੀ, ਸੈਲੀ ਦੁਬੇਟਾ, ਸੇਵਾ ਮੁਕਤ ਪ੍ਰਿੰਸੀਪਲ ਰਾਜੀਵ ਮੇਜਰ, ਲੰਬੜਦਾਰ ਸੁਭਾਸ, ਸੁਨੀਤਾ,ਰਾਜ ਕੁਮਾਰ, ਰੇਖਾ ਰਾਣੀ, ਭੁਪਿੰਦਰ ਸਿੰਘ ਦੜੌਲੀ, ਜਸਵੀਰ ਸਿੰਘ, ਮਹਿੰਦਰ ਸਿੰਘ ਦੜੌਲੀ, ਸਰਪੰਚ ਰਜਿੰਦਰ ਸਿੰਘ ਡੋਡ, ਪ੍ਰੇਮ ਸਿੰਘ ਅਟਵਾਲ, ਰਾਜੂ ਵੀ ਹਾਜ਼ਰ ਸਨ।

# ਕਾਫਲਾ ਬੱਬਰਾਂ ਦੀ ਧਰਤੀ ਨੂੰ ਸਲਾਮ ਕਰਕੇ ਪਿੰਡ-ਪਿੰਡ ਤੁਰਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇੱਥੇ ਸੀ ਪੀ ਆਈ (ਐਮ) ਵੱਲੋਂ ਜੋ 1 ਤੋਂ 7 ਸਤੰਬਰ ਤੱਕ ਲੋਕਾਂ ਨਾਲ ਜਨ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ। ਇਸ ਜਥੇ ਦੀ ਅਗਵਾਈ ਤਹਿਸੀਲ ਸਕੱਤਰ ਚਰਨਜੀਤ ਸਿੰਘ ਦੌਲਤਪੁਰ ਵੱਲੋਂ ਕੀਤੀ ਗਈ। ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਬੱਬਰ, ਅਕਾਲੀਆਂ, ਦੇਸ਼ ਭਗਤਾਂ ਤੇ ਕਮਿਊਨਿਸਟਾਂ ਨੇ ਅੰਗਰੇਜ ਹਕੂਮਤ ਨੂੰ ਭਾਰਤ ਤੋਂ ਬਾਹਰ ਕੱਢਣ ਲਈ ਅਥਾਂਹ ਕੁਰਬਾਨੀਆਂ ਕੀਤੀਆਂ, ਪਰ ਅੱਜ ਦੇਸ਼ ਦੀ ਗੱਦੀ ਤੇ ਕਾਬਜ ਫਾਸੀਵਾਦੀ ਅਤੇ ਪਿਛਾਂਹ ਖਿੱਚੂ ਵਿਚਾਰਧਾਰਾ ਦੇ ਲੋਕ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਗੰਭੀਰ ਖਤਰਾ ਪੈਦਾ ਕਰ ਰਹੇ ਹਨ। ਮਨੀਪੁਰ ਦੀਆਂ ਘਟਨਾਵਾਂ ਨੇ ਦੁਨੀਆਂ ਭਰ 'ਚ ਭਾਰਤ ਦਾ ਸਿਰ ਨੀਵਾਂ ਕਰ ਦਿੱਤਾ ਹੈ। ਹਰਿਆਣਾ, ਯੂ ਪੀ ਤੇ ਰਾਜਸਥਾਨ ਦੇ ਫਿਰਕੂ ਦੰਗੇ ਵੀ ਦੇਸ ਦੇ ਜਮਹੂਰੀਅਤ ਲਈ ਖਤਰਾ ਹਨ। ਇਸ ਲਈ ਸਾਡਾ ਇਹ ਜਥਾ ਪਿੰਡ ਪਿੰਡ ਜਾ ਕੇ ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ ਲੋਕਾਂ ਨੂੰ ਜਾਗਰੂਕ ਕਰੇਗਾ। ਸੀ ਪੀ ਆਈ ਐਮ ਦੇ ਤਹਿਸੀਲ ਸਕੱਤਰ ਚਰਨਜੀਤ ਸਿੰਘ ਦੌਲਤਪੁਰ ਨੇ ਕਿਹਾ ਕਿ 17 ਸਤੰਬਰ ਨੂੰ ਦੌਲਤਪੁਰ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਜਥਾ ਪਿੰਡ ਦੌਲਤਪੁਰ, ਕਿਸਨਪੁਰਾ, ਭਾਨਮਜਾਰਾ, ਬੜਵਾ ਬਘੌਰਾਂ ਬਰਨਾਲਾ, ਸੋਨਾ ਮੁਬਾਰਕ ਪੁਰ ਕੁਲਾਮ ਮਹਿੰਦੀਪੁਰ ਦੁਰਗਾਪੁਰ ਤੇ ਭੀਣ ਪੁੱਜਾ। ਇਸ ਜਥੇ 'ਚ ਜਿਲ੍ਹਾ ਸਕੱਤਰੇਤ ਮੈਂਬਰ ਸਤਨਾਮ ਸਿੰਘ ਜਾਨੀਵਾਲ, ਸਰਾਧੂ ਰਾਮ ਤਾਜੋਵਾਲ, ਕਰਨੈਲ ਸਿੰਘ ਬਘੌਰਾਂ ਕਰਮਜੀਤ ਜਾਡਲਾ ਰਣਜੀਤ ਸਿੰਘ ਰਾਣਾ ਦੌਲਤਪੁਰ ਸਰਜੀਵਨ ਸਿੰਘ ਗੁਰਨਾਮ ਸਿੰਘ ਭਾਨਮਜਾਰਾ, ਹਕੀਕਤ ਸਿੰਘ, ਪਾਲ ਚੰਦ ਪਰਮਜੀਤ ਸਿੰਘ ਬਲਰਾਜ ਸਿੰਘ ਭਾਨਮਜਾਰਾ ਧਰਮਪਾਲ ਤੇ ਅਵਤਾਰ ਸਿੰਘ ਮੁਬਾਰਕ ਪੁਰ ਅਤੇ ਸਾਥੀ ਮਨਜੀਤ ਸਿੰਘ ਭੀਣ ਸ਼ਾਮਲ ਸਨ।

# ਕੇਂਦਰ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਵਿਰੁੱਧ ਸੰਘਰਸ਼ ਤੇਜ਼ ਕਰਨ ਲਈ ਲੋਕ ਮੁਹਿੰਮ



**ਮਾਹਿਲਪੁਰ (ਸਫਰੀ)** -ਪਿੰਡ ਲਹਿਰਾ, ਸਲਾਹਪੁਰ ਭੰਮੀਆਂ 'ਚ ਬੀਬੀਆਂ-ਭੈਣਾਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਬੀਬੀ ਸੁਭਾਸ਼ ਮੱਟੂ ਸੂਬਾ ਕਮੇਟੀ ਮੈਂਬਰ, ਬੀਬੀ ਸੁਰਿੰਦਰ ਕੌਰ ਚੁੰਬਰ ਬਲਾਕ ਸੰਮਤੀ ਮੈਂਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਔਰਤ ਨੂੰ ਲਕਸ਼ਮੀ, ਦੁਰਗਾ, ਸਰਸਵਤੀ ਕਹਿਕੇ ਪੂਜਿਆ ਜਾਂਦਾ ਹੈ, ਕੰਜਕਾਂ ਬਿਠਾਈਆਂ ਜਾਂਦੀਆਂ ਹਨ, ਕੇਂਦਰ ਸਰਕਾਰ ਦੀ ਸ਼ਹਿ 'ਤੇ ਮਨੀਪੁਰ ਬਿਰੇਨ ਸਰਕਾਰ ਦੇ ਹਮਾਇਤੀਆਂ ਵਲੋਂ ਔਰਤਾਂ ਨੂੰ ਨੰਗੀਆਂ ਕਰਕੇ ਸੜਕਾਂ 'ਤੇ ਘੁਮਾਇਆ ਗਿਆ, ਕਾਰਗਲ ਲੜਾਈ ਲੜਣ ਵਾਲੇ ਫੌਜੀ ਦੀ ਵੇਦਨਾ ਸੁਣੀ ਨਹੀਂ ਜਾਂਦੀ ਸੀ, ਉਹ ਕਹਿ ਰਿਹਾ ਸੀ ਕਿ ਮੈਂ ਕਰਗਿਲ ਲੜਾਈ ਲੜੀ ਤੇ ਜਿੱਤੀ, ਪਰ ਆਪਣਾ ਘਰ ਤੇ ਪਤਨੀ ਨਹੀਂ ਬਚਾ ਸਕਿਆ, ਬਹੁਤ ਸਾਰੀਆਂ ਔਰਤਾਂ ਨਾਲ ਬਲਾਤਕਾਰ ਕਰਕੇ ਅਤੇ ਬੱਚਿਆ ਨੂੰ ਮਾਰ ਦਿੱਤਾ ਗਿਆ। ਇਸ ਲਈ 2024 'ਚ ਮੋਦੀ ਸਰਕਾਰ ਨੂੰ ਚਲਦਾ ਕਰਨਾ ਪਵੇਗਾ ਅਤੇ ਮਨੀਪੁਰ 'ਚ ਰਾਸ਼ਟਰਪਤੀ ਰਾਜ ਲਗਾਇਆ ਜਾਵੇ। ਇਸ ਮੌਕੇ ਕਸ਼ਮੀਰ ਕੌਰ, ਰਜਨੀ ਰਾਣੋ, ਤਾਰੀ ਦੇਵੀ, ਸ਼ਿੰਦੋ, ਰੀਨਾ, ਕਮਲਜੀਤ ਕੌਰ ਸਰਪੰਚ, ਅਮਰਜੀਤ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸੀ।

# 8 ਤੋਂ 16 ਸਾਲ ਦੇ ਬੱਚਿਆਂ ਲਈ ਗੁਰਬਾਣੀ ਕੰਠ ਮੁਕਾਬਲੇ ਕਰਵਾਏ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਵੱਲੋਂ ਬੱਚਿਆਂ ਨੂੰ ਪਤਿੱਤਪੁਣੇ ਤੋਂ ਬਚਾਉਣ ਤੇ ਗੁਰਮਤਿ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਪਿੰਡ ਤੰਗੋਰੀ ਵਿਖੇ 8 ਤੋਂ ਲੈ ਕੇ 16 ਸਾਲ ਦੇ ਬੱਚਿਆਂ ਦੇ 'ਗੁਰਬਾਣੀ ਕੰਠ ਤੇ ਦਸਤਾਰ ਮੁਕਾਬਲੇ' ਕਰਵਾਏ ਗਏ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਹਲਕਾ ਮੁਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਨਾ ਨੇ ਜੇਤੂ ਬੱਚਿਆਂ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪਰਵਿੰਦਰ ਸਿੰਘ ਸੋਹਾਨਾ ਨੇ ਬੋਲਦੇ ਹੋਏ ਕਿਹਾ ਕਿ ਇਸ ਸਮਾਗਮ ਦੀ ਵਿਲੱਖਣਤਾ ਇਹ ਰਹੀ ਕਿ ਸੈਂਕੜੇ ਬੱਚੇ ਇਨਾਂ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਪਹੁੰਚੇ ਜਿਸਨੂੰ ਦੇਖ ਕੇ ਮਨ ਨੂੰ ਬਹੁਤ ਸਕੂਨ ਮਿਲਿਆ। ਉਨ੍ਹਾਂ ਕਿਹਾ ਕਿ ਜੋ ਕੌਮਾਂ ਆਪਣੇ ਵਿਰਸੇ ਅਤੇ ਵਿਰਾਸਤ ਨੂੰ ਵਿਸਾਰ ਦਿੰਦੀਆਂ ਹਨ ਉਹ ਕੌਮਾਂ ਅਲੋਪ ਹੋ ਜਾਂਦੀਆਂ ਹਨ ਇਸ ਲਈ ਹਰ ਸਿੱਖ ਨੂੰ ਆਪਣੇ ਧਰਮ ਅਤੇ ਵਿਰਸੇ ਦੀ ਮਜਬੂਤੀ ਲਈ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਪਰਵਿੰਦਰ ਸਿੰਘ ਸੋਹਾਨਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਇਹ ਮੁਕਾਬਲੇ ਹਲਕੇ ਦੇ ਵੱਖ ਵੱਖ ਹਿੱਸਿਆਂ 'ਚ ਕਰਵਾਏ ਜਾਣਗੇ ਅਤੇ ਪੂਰੇ ਹਲਕੇ 'ਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਵਿਸ਼ੇਸ਼ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮੰਤਵ ਦੀ ਪ੍ਰਾਪਤੀ ਲਈ ਸ੍ਰੋਮਣੀ ਅਕਾਲੀ ਦਲ ਦੀ ਮੋਹਾਲੀ ਹਲਕੇ ਦੀ ਪੂਰੀ ਟੀਮ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਮੌਕੇ ਪਰਵਿੰਦਰ ਸਿੰਘ ਸੋਹਾਨਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੰਗੋਰੀ ਤੇ ਬੀਬੀ ਪਰਮਜੀਤ ਕੌਰ ਲਾਡਰਾਂ ਮੈਂਬਰ ਐਸ ਜੀ ਪੀ ਸੀ, ਭਾਈ ਜਤਿੰਦਰ ਸਿੰਘ ਪ੍ਰਚਾਰਕ, ਜਗਤਾਰ ਸਿੰਘ ਤੰਗੋਰੀ, ਹਰਵਿੰਦਰ ਸਿੰਘ ਨੰਬਰਦਾਰ ਸੋਹਾਣਾ ਦਾ ਵਿਸੇਸ ਤੌਰ ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਕਾਰਜ 'ਚ ਵੱਡਮੁੱਲਾ ਯੋਗਦਾਨ ਪਾਇਆ।

# ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ



**ਫਿਲੌਰ, ਜਲੰਧਰ (ਨਿਰਮਲ, ਸੁਰਿੰਦਰ ਕੁਮਾਰ)**- ਇਥੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦਾ ਅਯੋਜਨ ਕੀਤਾ ਗਿਆ ਜਿਸ 'ਚ ਉਚੇਚੇ ਤੌਰ 'ਤੇ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ ਉਚੇਚੇ ਤੌਰ 'ਤੇ ਪਹੁੰਚੇ। ਇਹ ਸ਼ੋਭਾ ਯਾਤਰਾ ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ ਤੋਂ ਸ਼ੁਰੂ ਹੋਈ ਜਿਸ ਦੀ ਸ਼ੁਰੂਆਤ ਕੈਬਨਿਟ ਮੰਤਰੀ ਅਮਨ ਅਰੋੜਾ, ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਅਤੇ ਜਲੰਧਰ ਤੋਂ ਆਏ ਬੀਬੀ ਰਾਜਵਿੰਦਰ ਕੌਰ ਥਿਆੜਾ ਨੇ ਜੋਤ ਜਗ੍ਹਾ ਕੇ ਕੀਤੀ। ਅਮਨ ਅਰੋੜਾ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ 'ਤੇ ਸ਼ਰਧਾਲੂਆਂ ਨੂੰ ਹਾਰਦਿਕ ਵਧਾਈ ਦਿੱਤੀ। ਕੈਬਨਿਟ ਮੰਤਰੀ ਅਰੋੜਾ, ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਅਤੇ ਬੀਬੀ ਥਿਆੜਾ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੀ ਤਸਵੀਰ ਭੇਟ ਕਰਕੇ ਮੰਦਰ ਕਮੇਟੀ ਦੇ ਪ੍ਰਧਾਨ ਰਛਪਾਲ ਸਿੰਘ ਹੈਪੀ, ਕੇਵਲ ਕ੍ਰਿਸ਼ਨ, ਲਖਨ ਜੁਨੇਜਾ ਨੇ ਸਨਮਾਨਿਤ ਕੀਤਾ। ਸ਼ੋਭਾ ਯਾਤਰਾ ਮੌਕੇ ਅਨੇਕਾਂ ਵਾਹਨਾਂ 'ਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ 'ਤੇ ਅਧਾਰਤ ਖ਼ੂਬਸੂਰਤ ਝਾਕੀਆਂ ਸਜਾਈਆਂ ਹੋਈਆਂ ਸਨ। ਸ਼ਰਧਾਲੂਆਂ ਨੇ ਥਾਂ ਥਾਂ ਸਵਾਗਤੀ ਗੇਟ ਬਣਾ ਕੇ ਸ਼ਹਿਰ ਨੂੰ ਸਜਾਇਆ ਹੋਇਆ ਸੀ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ, ਭਾਜਪਾ ਜਲੰਧਰ ਦਿਹਾਤੀ ਦੇ ਪ੍ਰਧਾਨ ਰਣਜੀਤ ਪਵਾਰ, ਕਾਂਗਰਸੀ ਆਗੂ ਅੰਮ੍ਰਿਤ ਭੌਂਸਲੇ, ਕੌਂਸਲਰ ਡਾ. ਵੈਭਵ ਸ਼ਰਮਾ, ਕੌਂਸਲਰ ਸ਼ੰਕਰ ਸੰਧੂ, ਕੌਂਸਲਰ ਬੀਬੀ ਦੇ ਪਤੀ ਲਖਵਿੰਦਰ ਜੌਹਲ, ਕੌਂਸਲਰ ਬੀਬੀ ਦੇ ਪਤੀ ਅਮਿਤ ਪੰਮਾ ਸੋਨੂੰ, ਕੌਂਸਲਰ ਬੀਬੀ ਦੇ ਪਤੀ ਰਾਏ ਵਰਿੰਦਰ, ਰਜਿੰਦਰ ਸੰਧੂ, ਮਨੀ ਧਾਲੀਵਾਲ, ਗੋਵਿੰਦ ਸੇਠੀ, ਵਰਿੰਦਰ ਸੈਣੀਆਦਿ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਜਨਸੰਵਾਦ ਪ੍ਰੋਗਰਾਮ ਦਾ ਅਗਲਾ ਪੜਾਅ ਹਿਸਾਰ ਜ਼ਿਲ੍ਹਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਵੱਲੋਂ ਜ਼ਮੀਨੀ ਪੱਧਰ 'ਤੇ ਸਰਕਾਰੀ ਯੋਜਨਾਵਾਂ ਦੇ ਲਾਗੂ ਕਰਨ ਸੰਬੰਧੀ ਅਤੇ ਨਾਗਰਿਕਾਂ ਦੀ ਸੱਮਸਿਆਵਾਂ ਕਰੀਬ ਤੋਂ ਜਾਨਣ ਤਹਿਤ ਸ਼ੁਰੂ ਕੀਤੇ ਗਏ ਜਨ ਸੰਵਾਦ ਪ੍ਰੋਗਰਾਮ ਦਾ ਪੜਾਅ ਹੁਣ ਹਿਸਾਰ ਜਿਲ੍ਹਾ ਪਹੁੰਚ ਚੁੱਕਾ ਹੈ। 6 ਤੋਂ 8 ਸਤੰਬਰ ਤੱਕ ਤਿੰਨ ਦਿਨ ਹਿਸਾਰ ਦੇ ਲਗਭਗ 9 ਪਿੰਡਾਂ 'ਚ ਮੁੱਖ ਮੰਤਰੀ ਗ੍ਰਾਮੀਣਾਂ ਨਾਲ ਸੰਵਾਦ ਕਰ ਉਨ੍ਹਾਂ ਦੀ ਸਮਸਿਆਵਾਂ ਸੁਨਣਗੇ। 6 ਸਤੰਬਰ ਨੂੰ ਮੁੱਖ ਮੰਤਰੀ ਸਵੇਰੇ ਥੁਰਾਨਾ ਪਿੰਡ 'ਚ ਜਨਸੰਵਾਦ ਪ੍ਰੋਗਰਾਮ ਦੀ ਸ਼ੁਰੂਆਤ ਕਰਨਗੇ। ਉਸ ਤੋਂ ਬਾਅਦ ਦੁਪਹਿਰ ਨੂੰ ਪਿੰਡ ਢਾਣਾ ਕਲਾਂ ਅਤੇ ਸ਼ਾਮ ਨੂੰ ਪਿੰਡ ਕੁਲਾਨਾ 'ਚ ਲੋਕਾਂ ਨਾਲ ਸੰਵਾਦ ਕਰਨਗੇ। 7 ਸਤੰਬਰ ਨੂੰ ਸਵੇਰੇ ਸਾਤਰੋਡ ਖਾਸ ਪਿੰਡ ਵਿਚ ਜਨਸੰਵਾਦ ਹੋਵੇਗਾ। ਉਸ ਦੇ ਬਾਅਦ ਦੁਪਹਿਰ ਵਿੱਚ ਮਿਰਜਾਪੁਰ ਪਿੰਡ ਅਤੇ ਸ਼ਾਮ ਨੂੰ ਬਹਿਬਲਪੁਰ ਪਿੰਡ ਵਿਚ ਜਨਸੰਵਾਦ ਪ੍ਰੋਗ੍ਰਾਮ ਪ੍ਰਬੰਧਿਤ ਹੋਵੇਗਾ। ਇਸੀ ਤਰ੍ਹਾ 8 ਸਤੰਬਰ ਨੂੰ ਮੁੱਖ ਮੰਤਰੀ ਗੁਰਾਨਾ ਪਿੰਡ ਤੋਂ ਜਨਸੰਵਾਦ ਪ੍ਰੋਗ੍ਰਾਮ ਦੀ ਸ਼ੁਰੂਆਤ ਕਰਨ ਅਤੇ ਉਸ ਦੇ ਬਾਅਦ ਨਾਰਨੌਂਦ ਟਾਊਨ ਅਤੇ ਊਗਾਲਨ ਪਿੰਡ ਵਿਚ ਜਨਸੰਵਾਦ ਕਰਨਗੇ।

# ਸਬਸਿਡੀ 'ਤੇ ਸਰਫੇਸ ਸੀਡਰ ਮਸ਼ੀਨ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਕਿਸਾਨ ਕਰਨ ਅਪਲਾਈ : ਡਿਪਟੀ ਕਮਿਸ਼ਨਰ

**ਐੱਸ.ਏ.ਐੱਸ ਨਗਰ, (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਫਸਲਾਂ ਦੀ ਰਹਿੰਦ ਖੂਹੰਦ ਨੂੰ ਅੱਗ ਲਾਉਣ ਨਾਲ ਹੁੰਦੇ ਪ੍ਰਦੂਸ਼ਣ ਦੇ ਪੱਕੇ ਹੱਲ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਜਿਲ੍ਹੇ ਦੇ ਕਿਸਾਨਾਂ ਨੂੰ ਸਬਸਿਡੀ 'ਤੇ ਸਰਫੇਸ ਸੀਡਰ ਮਸ਼ੀਨਾਂ ਦਿੱਤੀਆਂ ਜਾਣੀਆਂ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਮਸੀਨਾਂ ਦੀ ਵੰਡ ਸਬੰਧੀ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੇਤੀਬਾੜੀ ਵਿਭਾਗ ਸਮੇਤ ਸੱਦੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਡਿਪਟੀ ਕਮਿਸਨਰ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕਿ ਇਸ ਦੇ ਸੁਚੱਜੇ ਪ੍ਰਬੰਧ ਕਰਨ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮਸ਼ੀਨਾਂ ਲਈ ਆਨਲਾਇਨ ਅਰਜੀਆਂ ਦੇਣ ਦੀ 18 ਅਗਸਤ ਨੂੰ ਸਮਾਪਤ ਹੋ ਗਈ ਸੀ। ਸਰਕਾਰ ਵੱਲੋਂ ਵਿਅਕਤੀਗਤ ਕਿਸਾਨਾਂ ਨੂੰ 50 ਪ੍ਰਤੀਸ਼ਤ ਸਬਸਿਡੀ ਅਤੇ ਸਹਿਕਾਰੀ ਸਭਾਵਾਂ/ ਪੰਚਾਇਤਾਂ/ ਐਫ.ਪੀ.ਓ./ ਕਿਸਾਨ ਗਰੁੱਪਾਂ ਨੂੰ 80 ਪ੍ਰਤੀਸ਼ਤ ਸਬਸਿਡੀ 'ਤੇ ਪਰਾਲੀ ਸੰਭਾਲਣ ਵਾਲੀ ਮਸ਼ੀਨਰੀ ਦੀ ਸੂਚੀ ਵਿੱਚ ਸਰਫੇਸ ਸੀਡਰ ਮਸ਼ੀਨ ਦੀ ਖ੍ਰੀਦ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਕਿ ਪਹਿਲਾਂ ਦਿੱਤੀਆਂ ਜਾ ਰਹੀਆਂ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਆਦਿ ਮਸ਼ੀਨਾਂ ਦੇ ਮੁਕਾਬਲੇ ਛੋਟੇ ਟਰੈਕਟਰਾਂ ਨਾਲ ਵੀ ਚਲਾਈ ਜਾ ਸਕਦੀ ਹੈ। ਇਸ ਮਸ਼ੀਨ ਨਾਲ 2 ਏਕੜ ਪ੍ਰਤੀ ਘੰਟਾ ਬਿਜਾਈ ਦੇ ਹਿਸਾਬ ਨਾਲ 16 ਏਕੜ ਪ੍ਰਤੀ ਦਿਨ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਮਸ਼ੀਨ ਦੀ ਖ੍ਰੀਦ ਲਈ ਕਿਸਾਨਾਂ ਪਾਸੋਂ ਅਰਜੀਆਂ ਦੀ ਮੰਗ 10 ਸਤੰਬਰ ਤੱਕ ਕੀਤੀ ਗਈ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸਨਰ (ਵਿਕਾਸ) ਗੀਤਿਕਾ ਸਿੰਘ, ਐੱਸ ਡੀ ਐਮ ਖਰੜ ਰਵਿੰਦਰ ਸਿੰਘ, ਐੱਸ ਡੀ ਐਮ ਡੇਰਾਬਸੀ ਹਿਮਾਂਸ਼ੂ ਗੁਪਤਾ, ਐੱਸ ਡੀ ਐਮ ਚੰਦਰ ਜਯੋਤੀ, ਮੁੱਖ ਖੇਤੀਬਾੜੀ ਅਫਸਰ ਡਾ. ਗੁਰਮੇਲ ਸਿੰਘ, ਖੇਤੀਬਾੜੀ ਵਿਕਾਸ ਅਫਸਰ ਗੁਰਦਿਆਲ ਕੁਮਾਰ, ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

6-Sep-PAGE- 9 qxd.qxd 9/5/2023 10:40 PM Page 1



# ਰੰਧਾਵਾ ਵੱਲੋਂ ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਖੇਡਾਂ ਦੇ ਪਹਿਲੇ ਦਿਨ ਦਾ ਉਦਘਾਟਨ



**ਡੇਰਾਬੱਸੀ (ਗਰਗ)**- ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿ?ਲ੍ਹੇ ਦੇ ਬਲਾਕ ਡੇਰਾ ਬੱਸੀ ਦੇ ਸਰਕਾਰੀ ਕਾਲਜ ਵਿਖੇ ਖੇਡ ਵਤਨ ਪੰਜਾਬ ਦੀਆਂ ਦਾ ਰਸਮੀ ਉਦਘਾਟਨ ਐਮ ਐਲ ਏ ਕੁਲਜੀਤ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ। ਉਨ੍ਹਾਂ ਇਸ ਮੌਕੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਪੰਜਾਬ ਵਿੱਚ ਖੇਡਾਂ ਅਤੇ ਖਿਡਾਰੀਆਂ ਦੇ ਵਿਕਾਸ ਲਈ ਪੁਰਜ਼ੋਰ ਯਤਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਲਗਾਤਾਰ ਦੂਸਰੇ ਸਾਲ ਖੇਡਾਂ ਦਾ ਆਯੋਜਨ ਇਸ ਗੱਲ ਦਾ ਪ੍ਰਤੀਕ ਹੈ ਕਿ ਪੰਜਾਬ ਸਰਕਾਰ ਸੂਬੇ ਨੂੰ ਖੇਡਾਂ ਦੇ ਖੇਤਰ ਵਿੱਚ ਦੇਸ਼ ਭਰ ਵਿੱਚ ਨੰਬਰ ਇੱਕ ਤੇ ਲਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਦੇ ਉਤਸ਼ਾਹ ਨੂੰ ਵਧਾਉਣ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦੇ ਨਾਲ ਨਾਲ ਨਗਦ ਇਨਾਮਾਂ ਦੀ ਰਾਸ਼ੀ 'ਚ ਵਧਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਮੌਜੂਦ ਡੇਰਾਬੱਸੀ ਦੇ ਐਸ ਡੀ ਐਮ ਹਿਮਾਂਸ਼ੂ ਗੁਪਤਾ ਨੇ ਕਿਹਾ ਕਿ ਬਲਾਕ ਪੱਧਰੀ ਮੁਕਾਬਲੇ ਅੱਜ ਬੜੀ ਧੂਮਧਾਮ ਨਾਲ ਸ਼ੁਰੂ ਕੀਤੇ ਗਏ ਹਨ ਅਤੇ ਛੇ ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਜਾਰੀ ਰਹਿਣਗੇ। ਜ਼ਿਲ੍ਹਾ ਖੇਡ ਅਫਸਰ ਗੁਰਦੀਪ ਕੌਰ ਨੇ ਅੱਜ ਦੇ ਖੇਡ ਮੁਕਾਬਲਿਆਂ ਦੇ ਨਤੀਜਿਆਂ ਦੇ ਵੇਰਵੇ ਦਿੰਦਿਆ ਦੱਸਿਆ ਕਿ ਵਾਲੀਬਾਲ ਅੰਡਰ 17 ਸਾਲ ਲੜਕੇ ਵਿੱਚ ਪੰਡਵਾਲਾ ਨੇ ਡੇਰਾਬੱਸੀ, ਭਬਾਤ -2 ਨੇ ਲਾਲੜੂ ਪਿੰਡ, ਸਰਕਾਰੀ ਹਾਈ ਸਕੂਲ ਹੁਲਕਾ ਨੇ ਸਰਕਾਰੀ ਹਾਈ ਸਕੂਲ ਛੱਤ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਗੌਲੀ ਨੇ ਬਾਕਰਪੁਰ ਨੂੰ ਹਰਾਇਆ। ਰੱਸਾਕਸ਼ੀ ਅੰਡਰ 17 ਸਾਲ ਲੜਕੇ ਵਿੱਚ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੀੜਾ ਨੇ ਪਹਿਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੂਥਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਰੱਸਾਕਸ਼ੀ ਲੜਕੀਆਂ ਦੇ ਅੰਡਰ 14 ਉਮਰ ਵਰਗ ਮੁਕਾਬਲਿਆਂ ਵਿੱਚ ਹੋਲੀ ਮੈਰੀ ਸਕੂਲ ਨੇ ਪਹਿਲਾ, ਸਰਕਾਰੀ ਹਾਈ ਸਕੂਲ ਰਾਜੋ ਮਾਜਰਾ ਨੇ ਦੂਜਾ ਸਥਾਨ ਹਾਸਲ ਕੀਤਾ। ਫੁੱਟਬਾਲ ਅੰਡਰ 14 ਉਮਰ ਵਰਗ ਵਿੱਚ ਸਵਿਫਟਰ ਸਪੋਰਟਿੰਗ ਨੇ ਸਰਕਾਰੀ ਸਕੂਲ ਟੰਗੋਰੀ ਨੂੰ 5-1 ਨਾਲ ਹਰਾਇਆ।

# ਡਾਡੀਆਂ ਵਿਖੇ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ 'ਚ ਚੌਕੀਆਂ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਡਾਡੀਆਂ ਵਿਖੇ ਦਰਬਾਰ ਬਾਬਾ ਗੁੱਗਾ ਜਾਹਰ ਪੀਰ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 11 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਮੋਹਣ ਸਿੰਘ ਡਾਡੀਆਂ ਨੇ ਦੱਸਿਆ ਕਿ ਬਾਬਾ ਗੁੱਗਾ ਜਾਹਰ ਪੀਰ ਦੇ ਸਾਲਾਨਾ ਜੋੜ ਮੇਲੇ ਸਬੰਧੀ ਬਾਬਾ ਗੁੱਗਾ ਜਾਹਰ ਪੀਰ ਦੀਆਂ ਚੌਕੀਆਂ ਜਾਰੀ ਹਨ ਜੋ ਕਿ 6 ਸਤੰਬਰ ਤੱਕ ਚੱਲਣਗੀਆਂ। 11 ਸਤੰਬਰ ਨੂੰ ਪੂਜਾ ਅਰਚਨਾ ਕੀਤੀ ਜਾਵੇਗੀ। ਉਪਰੰਤ ਸਾਲਾਨਾ ਲੰਗਰ ਭੰਡਾਰਾ ਲਗਾਇਆ ਜਾਵੇਗਾ। 11 ਸਤੰਬਰ ਨੂੰ ਸ਼ਾਮ 4 ਵਜੇ ਛਿੰਝ ਮੇਲਾ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਾਬਾ ਗੁੱਗਾ ਜਾਹਰ ਪੀਰ ਦੇ ਸਾਲਾਨਾ ਜੋੜ ਮੇਲੇ ਮੌਕੇ ਮੁੱਖ ਮਹਿਮਾਨ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਸੰਤ ਬਾਬਾ ਕਸ਼ਮੀਰਾ ਸਿੰਘ ਡਾਡੀਆਂ ਆਦਿ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਸਾਂਝੇ ਤੌਰ 'ਤੇ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਜੋਗਿੰਦਰ ਸਿੰਘ, ਬਲਬੀਰ ਸਿੰਘ ਲੱਖੂ, ਗੋਰਾ, ਹਮੀਤ ਸਿੰਘ, ਜੁਗਿੰਦਰ ਸਿੰਘ, ਗੋਰਾ, ਹਮੀਤ ਸਿੰਘ, ਸੌਰਵ, ਜਸਬੀਰ ਸਿੰਘ, ਸੁਰਪ੍ਰੀਤ, ਅਸ਼ੂ, ਦਰਸ਼ਨ ਕੌਰ, ਸ਼ੈਰੀ ਡਾਡੀਆਂ, ਗਿਆਨ ਸਿੰਘ, ਰਾਖੀ, ਮਨਸੋ, ਬਿੰਬੋ, ਵੀਰੋ, ਸਾਬੀ, ਗਿਆਨ ਕੌਰ, ਰੇਖਾ, ਭਜਨੋ ਆਦਿ ਹਾਜ਼ਰ ਸਨ।

# ਉਮੈਕਸ ਨਿਊ ਵਾਸੀਆਂ ਨੇ ਪ੍ਰਬੰਧਕਾਂ ਖਿਲਾਫ ਕੀਤਾ ਰੋਸ ਪ੍ਰਦਰਸ਼ਨ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**-ਨਿਊ ਚੰਡੀਗੜ੍ਹ ਵਿੱਚ ਉਮੈਕਸ ਦੇ ਵੱਡੀ ਗਿਣਤੀ ਵਸਨੀਕਾਂ ਨੇ ਦੇਰ ਸ਼ਾਮ ਵੇਲੇ ਰੋਸ ਪ੍ਰਦਰਸ਼ਨ ਕਰਦਿਆਂ ਮੋਮਬੱਤੀਆਂ ਜਲਾ ਕੇ ਕੰਪਨੀ ਦੇ ਪ੍ਰਬੰਧਕਾਂ ਨੂੰ ਜਗਾਉਣ ਲਈ ਮਾਰਚ ਕੀਤਾ। ਉਮੈਕਸ ਰੈਜ਼ੀਡੈਂਟਸ ਵੈਲਫੇਅਰ ਅਸੋਸੀਏਸ਼ਨ ਨਿਊ ਚੰਡੀਗੜ੍ਹ ਦੇ ਪ੍ਰਧਾਨ ਪ੍ਰਦੀਪ ਕੁਮਾਰ ਗੁਪਤਾ, ਜਨਰਲ ਸਕੱਤਰ ਪ੍ਰਵੀਨ ਮਲਹੋਤਰਾ ਅਤੇ ਰਜਿੰਦਰ ਵਾਲੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪਾਵਰਕਾਮ ਤੋਂ ਬਿਜਲੀ ਸਪਲਾਈ ਨਾ ਹੋਣ ਵੇਲੇ ਡੀਜ਼ਲ ਵਾਲੇ ਜੈਨਰੇਟਰਾਂ ਤੋਂ ਹੁੰਦੀ ਬਿਜਲੀ ਸਪਲਾਈ ਦੇ ਚਾਰਜ ਵਿੱਚ 13 ਰੁਪਏ ਤੋਂ ਵਧਾ ਕੇ 32 ਰੁਪਏ ਯੂਨਿਟ ਵਾਧਾ ਕਰ ਦਿੱਤਾ ਸੀ ਜੋ ਕਿ ਨਜਾਇਜ਼ ਹੈ। ਲੋਕਾਂ ਅਨੁਸਾਰ ਕੰਪਨੀ ਦੇ ਖੇਤਰ ਵਿੱਚ ਸਫਾਈ ਦੀ ਘਾਟ ਹੈ। ਅਵਾਰਾ ਜਾਨਵਰ ਮੁੱਖ ਸੜਕਾਂ ਵਿੱਚ ਦਿਨ ਰਾਤ ਘੁੰਮ ਰਹੇ ਹਨ ਜੋ ਹਾਦਸਿਆਂ ਦਾ ਕਾਰਨ ਬਣਦੇ ਹਨ। ਲੋਕਾਂ ਅਨੁਸਾਰ ਘਰੇਲੂ ਪ੍ਰੋਗਰਾਮ ਕਰਨ ਲਈ ਕੋਈ ਕਮਿਊਨਿਟੀ ਸੈਂਟਰ ਦਾ ਪ੍ਰਬੰਧ ਨਹੀਂ। ਸ਼ਹਿਰ ਵਿੱਚ ਆਉਣ ਜਾਣ ਵਾਲੇ ਲੋਕਾਂ ਲਈ ਕੋਈ ਬਾਥਰੂਮ ਨਹੀਂ ਹੈ, ਖੁੱਲ੍ਹੀਆਂ ਥਾਵਾਂ ਵਿੱਚ ਘਾਹ ਫੂਸ ਉਗਿਆ ਜੰਗਲਾਂ ਦਾ ਰੂਪ ਧਾਰਨ ਕਰ ਰਿਹਾ ਹੈ। ਫਲੈਟਾਂ ਵਿੱਚ ਲਿਫਟ ਸਹੂਲਤ ਨਾਮਾਤਰ ਹੋਣ ਕਰਕੇ ਬਜ਼ੁਰਗ ਜ਼ਿਆਦਾ ਪ੍ਰੇਸ਼ਾਨ ਰਹਿੰਦੇ ਹਨ। ਪਿੰਡ ਰਾਣੀ ਮਾਜਰਾ ਤੋਂ ਬੂਥਗੜ੍ਹ ਅਤੇ ਟਰੇਡ ਟਾਵਰ ਵੱਲ ਜਾਂਦੀ ਮੁੱਖ ਭੱਦੀ ਹਾਲਤ ਵਾਲੀ ਸੜਕ ਉਤੇ ਲਗਾਈਆਂ ਲਾਈਟਾਂ ਜ਼ਿਆਦਾਤਰ ਬੰਦ ਹੀ ਰਹਿੰਦੀਆਂ ਹਨ ਅਤੇ ਹਨੇਰਾ ਹੋਣ ਕਰਕੇ ਸ਼ਹਿਰ ਵਾਸੀਆਂ ਤੇ ਹੋਰਨਾਂ ਰਾਹਗੀਰਾਂ ਨਾਲ ਲੁੱਟ ਖੋਹਾਂ ਕਰਕੇ ਚੋਰ ਲੁਟੇਰੇ ਫਾਇਦਾ ਲੈ ਰਹੇ ਹਨ। ਸਿਕਿਊਰਟੀ ਅਤੇ ਪੁਲਸ ਦੇ ਨਾਮਾਤਰ ਪ੍ਰਬੰਧ ਹਨ ਅਤੇ ਮੁਢਲੀਆਂ ਸਹੂਲਤਾਂ ਦੀ ਘਾਟ ਹੈ।

# ਨਵ-ਨਿਯੁਕਤ ਪ੍ਰਧਾਨ ਮਿਨਹਾਸ ਦਾ ਡਰੋਲੀ ਖੁਰਦ ਵਿਖੇ ਕਰਵਾਇਆ ਸਨਮਾਨ ਸਮਾਰੋਹ



**ਆਦਮਪੁਰ ( ਪਰਮਜੀਤ ਸਿੰਘ )**-ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੇ ਮੀਡੀਆ ਸਕੱਤਰ ਕੁਲਦੀਪ ਸਿੰਘ ਦੀਪਾ ਇਟਾਲੀ ਨੇ ਵਿਸ਼ਵ ਦੋਆਬਾ ਰਾਜਪੂਤ ਸਭਾ ਦੇ ਨਵ-ਨਿਯੁਕਤ ਪ੍ਰਧਾਨ ਓਂਕਾਰ ਸਿੰਘ ਮਿਨਹਾਸ ਨੂੰ ਉਨ੍ਹਾਂ ਦੇ ਘਰ ਪਿੰਡ ਡਰੋਲੀ ਖੁਰਦ ਵਿਖੇ ਸਨਮਾਨਤ ਕਰਨ ਲਈ ਵਿਸ਼ੇਸ਼ ਸਮਾਗਮ ਦਾ ਆਯੋਜਨ ਕਰਵਾਇਆ। ਜਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਸਭਾ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੁਲਦੀਪ ਸਿੰਘ ਦੀਪਾ ਇਟਲੀ ਦੇ ਪਿਤਾ ਬਲਬੀਰ ਸਿੰਘ ਮਿਨਹਾਸ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ ਕਿ ਓਂਕਾਰ ਸਿੰਘ ਮਿਨਹਾਸ ਨੂੰ ਸਭਾ ਦਾ ਪ੍ਰਧਾਨ ਬਣਾਉਣਾ ਆਉਣ ਵਾਲੇ ਸਮੇਂ ਵਿੱਚ ਸਭਾ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਰਾਜਪੂਤ ਭਾਈਚਾਰੇ ਦੀ ਆਵਾਜ਼ ਬੁਲੰਦ ਕਰਨਗੇ ਅਤੇ ਉਨ੍ਹਾਂ ਦੇ ਹੱਕਾਂ ਲਈ ਲੜਨਗੇ। ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਪੱਪੀ ਪਰਮਾਰ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਕਜੁੱਟ ਹੋ ਕੇ ਅੱਗੇ ਆਉਣ, ਤਾਂ ਹੀ ਅਸੀਂ ਆਪਣੇ ਹੱਕਾਂ ਦੀ ਰਾਖੀ ਕਰ ਸਕਾਂਗੇ, ਇਸ ਲਈ ਸਾਨੂੰ ਆਪਣੇ ਸਮਾਜ ਨੂੰ ਜਾਗਰੂਕ ਕਰ ਅੱਗੇ ਲੈ ਕੇ ਆਉਣਾ ਪਵੇਗਾ। ਉਨ੍ਹਾਂ ਇਟਲੀ ਵਿੱਚ ਬੈਠੇ ਕੁਲਦੀਪ ਸਿੰਘ ਦੀਪਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਅੱਜ ਉਨ੍ਹਾਂ ਦੇ ਸਮਾਜ ਦੇ ਲੋਕ ਵੀ ਕੁਲਦੀਪ ਸਿੰਘ ਦੀਪਾ ਦੀ ਸੋਚ ਵਾਂਗ ਆਪਣੇ 'ਚ ਕੰਮ ਕਰਨ ਦਾ ਜਨੂੰਨ ਪੈਦਾ ਕਰ ਲੈਣ ਤਾਂ ਉਹ ਦਿਨ ਦੂਰ ਨਹੀਂ ਜਦੋਂ ਉਨ੍ਹਾਂ ਦੇ ਸਮਾਜ ਦੀ ਦੁਨੀਆ ਵਿੱਚ ਵੱਖਰੀ ਪਛਾਣ ਹੋਵੇਗੀ। ਇਸ ਮੌਕੇ ਸਭਾ ਦੇ ਸਰਪ੍ਰਸਤ ਫਤਹਿ ਸਿੰਘ ਪ੍ਰਹਾਰ ਅਤੇ ਚੇਅਰਮੈਨ ਜਸਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਭਾ ਦਾ ਮੁੱਖ ਉਦੇਸ਼ ਰਾਜਪੂਤ ਸਮਾਜ ਨੂੰ ਇਕਜੁੱਟ ਕਰਨਾ ਅਤੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਦੂਰ ਕਰਨਾ ਹੈ। ਨਵ-ਨਿਯੁਕਤ ਪ੍ਰਧਾਨ ਓਂਕਾਰ ਸਿੰਘ ਨੇ ਕਿਹਾ ਕਿ ਸਭਾ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਹ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨਗੇ। ਗੁਰਦੀਪ ਸਿੰਘ ਕਾਲਰਾ ਨੂੰ ਵਿਸ਼ਵ ਦੋਆਬਾ ਰਾਜਪੂਤ ਸਭਾ ਯੂਥ ਵਿੰਗ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਸਭਾ ਦੇ ਸਰਪ੍ਰਸਤ ਫਤਹਿ ਸਿੰਘ ਪਰਮਾਰ, ਜਨਰਲ ਸਕੱਤਰ ਸਤਵੀਰ ਸਿੰਘ, ਸੁਖਜੀਤ ਸਿੰਘ ਪੱਪੀ ਪਰਮਾਰ ਸੀਨੀਅਰ ਮੀਤ ਪ੍ਰਧਾਨ ਪੰਜਾਬ, ਅਵਤਾਰ ਸਿੰਘ ਡਾਂਡੀਆ, ਆਸਟਰੀਆ ਦੇ ਸਰਪ੍ਰਸਤ ਜੋਰਾਵਰ ਸਿੰਘ ਡਰੋਲੀ ਖੁਰਦ, ਸੋਹਣ ਸਿੰਘ ਮਿਨਹਾਸ ਡਰੋਲੀ ਖੁਰਦ, ਜਥੇਦਾਰ ਬਲਵਿੰਦਰ ਸਿੰਘ ਕਾਲਰਾ, ਰਾਜਪੂਤ ਸਭਾ ਰਾਮਾ ਮੰਡੀ ਜਲੰਧਰ ਦੇ ਪ੍ਰਧਾਨ ਸੰਤੋਖ ਸਿੰਘ ਸਰੋਆ, ਮੰਨਾ ਸਿੰਘ ਮਿਨਹਾਸ, ਪ੍ਰੋਫੈਸਰ ਜਸਵਿੰਦਰ ਸਿੰਘ ਜਸਵਾਲ, ਅਮਰਜੀਤ ਸਿੰਘ ਡਰੋਲੀ ਖੁਰਦ, ਹਰਭਜਨ ਸਿੰਘ ਡਰੋਲੀ ਖੁਰਦ, ਜਰਨੈਲ ਸਿੰਘ, ਬਹਾਦਰ ਸਿੰਘ, ਤਰਸੇਮ ਸਿੰਘ ਚੁਖੀਆਰਾ, ਬਲਬੀਰ ਸਿੰਘ, ਗੁਰਮੀਤ ਸਿੰਘ, ਸੁਰਜੀਤ ਸਿੰਘ, ਰਘੁਵੀਰ ਸਿੰਘ, ਸੁਖਵਿੰਦਰ ਸਿੰਘ, ਤਰਸੇਮ ਸਿੰਘ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# 'ਅੱਖਰ ਮਹਿਲ' ਵਿੱਦਿਆ ਦੇ ਪਸਾਰ ਲਈ ਅਹਿਮ ਭੂਮਿਕਾ ਨਿਭਾਏਗੀ : ਰੀਟਾ ਚੌਹਾਨ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** -"ਵਿਦਿਆ ਵੀਚਾਰੀ ਤਾਂ ਪਰਉਪਕਾਰੀ "। ਜੇਕਰ ਕੋਈ ਵਿਅਕਤੀ ਵਿੱਦਿਆ ਗ੍ਰਹਿਣ ਕਰਕੇ ਇਸ ਦਾ ਮਨੁੱਖਤਾ ਦੇ ਭਲੇ ਲਈ ਪ੍ਰਯੋਗ ਕਰੇ ਤਾਂ ਉਹ ਪਰਉਪਕਾਰੀ ਹੋ ਸਕਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ "ਅੱਖਰ ਮਹਿਲ" ਨਾਂ ਹੇਠ ਬਣੀ ਨਵੀਂ ਸੰਸਥਾ ਦੀ ਪ੍ਰਧਾਨ ਰੀਟਾ ਚੌਹਾਨ ਨੇ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਜਿਹੜੇ ਬੱਚੇ ਵਿੱਦਿਆ ਤੋਂ ਵਾਂਝੇ ਰਹਿ ਜਾਂਦੇ ਹਨ ਉਹ ਆਪਣੇ ਜੀਵਨ ਵਿੱਚ ਆਏ ਲਾਭਕਾਰੀ ਮੌਕਿਆਂ ਦਾ ਫਾਇਦਾ ਨਹੀਂ ਉਠਾਅ ਪਾਉਂਦੇ ਅਤੇ ਉਨ੍ਹਾਂ ਦਾ ਭਵਿੱਖ ਅੰਧਕਾਰਮਈ ਹੁੰਦਾ ਹੈ। ਸਮੇਂ ਸਮੇਂ ਤੇ ਸਰਕਾਰ ਨੇ ਵਿੱਦਿਆ ਦੇ ਪ੍ਰਸਾਰ ਲਈ ਅਤੇ ਹਰ ਨਾਗਰਿਕ ਤੱਕ ਵਿੱਦਿਆ ਪਹੁਚਾਉਣ ਲਈ ਤਰਾਂ ਤਰਾਂ ਦੀਆਂ ਯੋਜਨਾਵਾਂ ਬਣਾਈਆਂ ਜਿਸ ਦਾ ਬਹੁਤੇ ਲੋਕਾਂ ਨੇ ਫਾਇਦਾ ਵੀ ਉਠਾਇਆ। ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਕਾਰਨ ਵਿੱਦਿਆ ਦਾ ਮਿਆਰ ਦਿਨ ਪ੍ਰਤੀ ਦਿਨ ਗਿਰਾਵਟ ਵੱਲ ਜਾ ਰਿਹਾ ਹੈ। ਵਿੱਦਿਆ ਦੇ ਮਿਆਰ ਵਿੱਚ ਆਈ ਇਸ ਗਿਰਾਵਟ ਲਈ ਜਿਥੇ ਸਰਕਾਰਾਂ ਜ਼ਿੰਮੇਵਾਰ ਹਨ ਉਥੇ ਪੰਜਾਬ ਵਾਸੀ ਵੀ ਆਪਣੀ ਜ਼ਿੰਮੇਦਾਰੀ ਤੋਂ ਮੁਨਕਰ ਨਹੀਂ ਹੋ ਸਕਦੇ। ਇਨ੍ਹਾਂ ਸੰਸਥਾਵਾਂ ਨੂੰ ਸਮਾਜ ਵਿਚ ਫੈਲੀਆਂ ਹੋਰ ਕੁਰੀਤੀਆਂ ਵਿਰੁੱਧ ਵੀ ਇੱਕਜੁੱਟ ਹੋ ਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਜਿਵੇਂ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਕਰਵਾਉਣਾ, ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ, ਪਾਣੀ ਦੀ ਸੰਭਾਲ ਕਰਨਾ, ਦੇ ਨਾਲ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਯੋਗਦਾਨ ਪਾਉਣਾ ਆਦਿ। "ਅੱਖਰ ਮਹਿਲ" ਸੰਸਥਾ ਦਾ ਮੁੱਖ ਮੰਤਵ ਅੱਖਰ ਗਿਆਨ ਹੋਵੇਗਾ। ਮੁਢਲੀ ਤੇ ਜ਼ਰੂਰੀ ਸਿੱਖਿਆ ਪ੍ਰਦਾਨ ਕਰਨ ਲਈ ਜ਼ਰੂਰਤ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਹਿਯੋਗੀ ਸਾਥੀਆਂ ਦੇ ਸਹਿਯੋਗ ਨਾਲ ਅਧਿਆਪਕ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਅਧਿਆਪਕਾਂ ਦੀ ਚੋਣ ਪ੍ਰਕਿਰਿਆ ਬਾਰੇ ਜਲਦੀ ਸੂਚਿਤ ਕੀਤਾ ਜਾਵੇਗਾ।

"ਅੱਖਰ ਮਹਿਲ" ਸੰਸਥਾ ਇਸ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਤਹਿਸੀਲ ਨਵਾਂਸ਼ਹਿਰ ਤੋਂ ਸ਼ੁਰੂ ਕਰ ਕੇ ਪੂਰੇ ਜ਼ਿਲ੍ਹੇ ਵਿੱਚ ਅਹਿਮ ਭੂਮਿਕਾ ਨਿਭਾਏਗੀ। ਹੋਰਾਂ ਤੋਂ ਇਲਾਵਾ ਸੰਸਥਾ ਦੀ ਉਪ ਪ੍ਰਧਾਨ ਸੁਖਜੀਤ ਕੌਰ, ਪਵਨਦੀਪ ਕੌਰ , ਪਰਮਜੀਤ ਕੌਰ, ਗੁਰਵਿੰਦਰ ਕੌਰ ਆਦਿ ਹਾਜ਼ਰ ਰਹੇ।

# ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਦੋ ਵਿਦਿਆਰਥੀਆਂ ਦੀ ਨੌਕਰੀ ਲਈ ਚੋਣ



**ਜਲੰਧਰ -(ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਕੈਂਪਸ ਪਲੇਸਮੈਂਟ ਦੌਰਾਨ ਇਲੈਕਟ੍ਰੀਕਲ ਵਿਭਾਗ ਦੇ 2 ਵਿਦਿਆਰਥੀਆਂ ਨੂੰ 2 ਲੱਖ 50 ਹਜ਼ਾਰ ਦੇ ਸਲਾਨਾ ਪੈਕੇਜ ਵਿੱਚ ਟੈਕਪਰੋ ਕੰਪਨੀ ਵਲੋਂ ਚੁਣਿਆ ਗਿਆ ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਚੁਣੇ ਹੋਏ ਵਿਦਿਆਰਥੀਆਂ ਰੋਹਿਤ ਸ਼ਰਮਾ ਅਤੇ ਰਮਨ ਕੁਮਾਰ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਇਲੈਕਟ੍ਰੀਕਲ ਵਿਭਾਗ ਦੇ ਮੁਖੀ ਦਿਲਦਾਰ ਰਾਣਾ, ਕਸ਼ਮੀਰ ਕੁਮਾਰ ਅਤੇ ਉਨ੍ਹਾਂ ਦੇ ਸਟਾਫ਼ ਦੀ ਸ਼ਲਾਘਾ ਕੀਤੀ । ਪ੍ਰਿੰਸੀਪਲ ਨੇ ਦੱਸਿਆ ਕਿ 15 ਮਾਰਚ ਤੋਂ 15 ਅਪ੍ਰੈਲ ਤੱਕ ਕਾਲਜ ਵਿੱਚ ਪਲੇਸਮੈਂਟ ਡਰਾਈਵ ਕਰਵਾਈ ਜਾਂਦੀ ਹੈ ਅਤੇ ਚਾਹਵਾਨ ਵਿਦਿਆਰਥੀਆਂ ਨੂੰ ਨਾਮੀ ਕੰਪਨੀਆਂ ਵਿੱਚ ਇੰਟਰਵਿਊ ਕਰਵਾ ਕੇ ਚੰਗੇ ਪੈਕੇਜ ਨਾਲ ਅਡਜੈਸਟ ਕੀਤਾ ਜਾਂਦਾ ਹੈ।ਉਨ੍ਹਾਂ ਪਲੇਸਮੈਂਟ ਅਫਸਰ ਰਾਜੇਸ਼ ਕੁਮਾਰ ਅਤੇ ਇਸ ਇੰਟਰਵਿਊ ਵਿੱਚ ਕੋਆਰਡੀਨੇਟ੍ਰ ਦਾ ਰੋਲ ਨਿਭਾ ਰਹੇ ਵਿਕਰਮਜੀਤ ਸਿੰਘ ਦੀ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਬੇਰੋਜ਼ਗਾਰੀ ਨੂੰ ਨੱਥ ਪਾਉਣ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਾਡੇ ਕਾਲਜ ਦਾ ਸਾਰਾ ਸਟਾਫ਼ ਹਮੇਸ਼ਾ ਤੱਤਪਰ ਰਹਿੰਦਾ ਹੈ।


**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 14.08.2023 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. ਕਰਜ਼ਦਾਰ : ਅਵਿਨਾਸ਼ ਕੁਮਾਰ ਪੁੱਤਰ ਸ੍ਰੀ ਗੋਬਿੰਦ ਰਾਏ ਵਾਸੀ ਮਕਾਨ ਨੰ. 680-ਏ, ਗਲੀ ਨੰ. 6, ਮੰਡੀ ਮੁੱਲਾਂਪੁਰ, ਦਸ਼ਮੇਸ਼ ਨਗਰ, ਮੁੱਲਾਂਪੁਰ ਲੁਧਿਆਣਾ-141101, ਨਾਲ ਹੀ : ਮਕਾਨ ਨੰ. 808/4, ਗਊਸ਼ਾਲਾ ਰੋਡ, ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ।
2. ਕਰਜ਼ਦਾਰ : ਸ੍ਰੀਮਤੀ ਪੂਨਮ ਰਾਣੀ ਪਤਨੀ ਸ੍ਰੀ ਅਵਿਨਾਸ਼ ਕੁਮਾਰ ਵਾਸੀ ਮਕਾਨ ਨੰ. 326, ਨਵੀਂ ਦਾਣਾ ਮਾਰਕਿਟ, ਨਵੀਂ ਮੰਡੀ, ਪਿੰਡ ਦਾਖਾ, ਤਹਿਸੀਲ ਲੁਧਿਆਣਾ ਪੱਛਮ, ਜ਼ਿਲ੍ਹਾ ਲੁਧਿਆਣਾ, ਨਾਲ ਹੀ ਮਕਾਨ ਨੰ. 808/4, ਗਊਸ਼ਾਲਾ ਰੋਡ, ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ।
3. ਕਰਜ਼ਦਾਰ : ਸ੍ਰੀ ਗੋਬਿੰਦ ਰਾਏ ਪੁੱਤਰ ਰਾਮ ਰਤਨ, ਮਕਾਨ ਨੰ. 808/4, ਵਾਰਡ ਨੰ. 4, ਗਊਸ਼ਾਲਾ ਰੋਡ, ਮੰਡੀ ਮੁੱਲਾਂਪੁਰ, ਮੁੱਲਾਂਪੁਰ, ਲੁਧਿਆਣਾ, 141101
4. ਗਰੰਟਰ : ਸ੍ਰੀ ਜਸਵੀਰ ਸਿੰਘ ਸੇਖੋਂ ਪੁੱਤਰ ਸ੍ਰੀ ਹਰਵੰਤ ਸਿੰਘ ਵਾਸੀ 2/55, ਕਾਲੀਪੁਰ ਰੋਡ, ਦਸ਼ਮੇਸ਼ ਨਗਰ, ਮੰਡੀ ਮੁੱਲਾਂਪੁਰ ਦਾਖਾ, ਤਹਿਸੀਲ ਲੁਧਿਆਣਾ ਪੱਛਮ।

| ਮਨਜ਼ੂਰ ਸਹੂਲਤ ਦੀ ਕਿਸਮ/ ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.08.2023 ਤੋਂ ਬਿਨ੍ਹਾ ਵਿਆਜ) |
|---|---|---|
| Housing Loan/HL 034611000006 | Rs. 24,00,000/- | Rs. 22,70,857/- |
| Housing Loan/HL 034611000010 | Rs. 6,00,000/- | Rs. 6,08,257/- |
| Loan Against Property/LAP 034602000028 | Rs. 6,00,000/- | Rs. 4,73,074/- |

ਪ੍ਰਾਇਮਰੀ ਸਕਿਉਰਟੀ : ਰਿਹਾਇਸ਼ੀ ਜਾਇਦਾਦ ਦਾ ਉਚਿੱਤ ਗਿਰਵੀਨਾਮਾ : ਬੈਨਾਮਾ ਵਸੀਕਾ ਨੰ. 608 ਮਿਤੀ 19.08.2015 ਅਨੁਸਾਰ ਸ੍ਰੀਮਤੀ ਪੂਨਮ ਰਾਣੀ ਪਤਨੀ ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸ੍ਰੀ ਗੋਬਿੰਦ ਰਾਏ ਦੀ ਮਲਕੀਅਤ ਜਾਇਦਾਦ ਰਕਬਾ 175 ਵਰਗ ਗਜ਼, ਪਿੰਡ ਦਾਖਾ-1, ਹੱਦਬਸਤ ਨੰ. 142, ਅਬਾਦੀ ਦਸ਼ਮੇਸ਼ ਨਗਰ, ਪਿੰਡ ਦਾਖਾ-1, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਦਾਖਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 02-09-2023 ਸਥਾਨ : ਜਲੰਧਰ (ਅਧਿਕਾਰਤ ਅਫਸਰ)


# ਕੌਮੀ ਲੋਕ ਅਦਾਲਤ ਦੀ ਜਾਗਰੂਕਤਾ ਲਈ ਅਪਰਾਜਿਤਾ ਜੋਸ਼ੀ ਨੇ ਪਿੰਡਾਂ ਲਈ ਬੱਸਾਂ ਨੂੰ ਕੀਤਾ ਰਵਾਨਾ




**ਹੁਸ਼ਿਆਰਪੁਰ, : (ਓ ਪੀ ਰਾਣਾ )** ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀ ਜੇ ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਨੇ 9 ਸਤੰਬਰ ਨੂੰ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਦੀ ਪਿੰਡਾ 'ਚ ਜਾਗਰੂਕਤਾ ਲਈ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਦੇ ਜਨਰਲ ਮੈਨੇਜਰ ਜਸਬੀਰ ਸਿੰਘ ਦੇ ਸਹਿਯੋਗ ਨਾਲ ਪਿੰਡਾਂ ਨੂੰ ਜਾਣ ਵਾਲੀਆਂ ਦੋ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਬੱਸਾਂ ਨਵੇਂ ਜ਼ਿਲ੍ਹਾ ਅਤੇ ਸੈਸ਼ਨ ਕੋਰਟ ਹੁਸ਼ਿਆਰਪੁਰ ਤੋਂ ਦਸੂਹਾ, ਹਾਜੀਪੁਰ, ਬੁੱਢਾਬੜ ਵਾਇਆ ਬਾਗਪੁਰ, ਭੀਖੋਵਾਲ, ਹਰਿਆਣਾ, ਭੂੰਗਾ, ਦਸੜਕਾ, ਗੜ੍ਹਦੀਵਾਲਾ, ਰੰਧਾਵਾ, ਨੰਗਲ/ਘੋਗਰਾ, ਹਾਜੀਪੁਰ ਅਤੇ ਹੁਸ਼ਿਆਰਪੁਰ ਤੋਂ ਕੂਕਾਨੇਟ ਵਾਇਆ ਬਾਗਪੁਰ, ਹਰਿਆਣਾ, ਨੀਲਾ ਨਲੋਆ, ਬੱਸੀ, ਜਨੌੜੀ, ਢੋਲਬਾਹਾ, ਅਤਵਾਰਾਪੁਰ, ਕੂਕਾਨੇਟ ਪਿੰਡਾਂ ਤੱਕ ਜਾਣਗੀਆਂ। ਇਸ ਤੋਂ ਇਲਾਵਾ ਐਨ. ਜੀ. ਓ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦੇ ਜ਼ਿਲ੍ਹਾ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਦੇ ਲੋਕਲ ਏਰੀਏ 'ਚ ਆਡੀਓ ਕਲਿੱਪ ਰਾਹੀਂ ਕੌਮੀ ਲੋਕ ਅਦਾਲਤਾਂ ਦੇ ਲਾਭਾਂ ਬਾਰੇ ਪ੍ਰਚਾਰ ਕਰਨ ਲਈ ਆਟੋ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਜਸਬੀਰ ਸਿੰਘ, ਫੈਲਫੇਅਰ ਇੰਸਪੈਕਟਰ ਗੁਰਮੀਤ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

# ਸਰਕਾਰ ਤੇ ਪੁਲਸ ਪ੍ਰਸ਼ਾਸਨ ਨਸ਼ਿਆਂ ਦੇ ਨਜਾਇਜ਼ ਧੰਦੇ 'ਤੇ ਪੂਰਨ ਪਾਬੰਦੀ ਲਾ ਕੇ ਪੰਜਾਬ ਨੂੰ ਬਚਾਉਣ : ਤਲਵਿੰਦਰ ਹੀਰ



**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ, ਸਫਰੀ)**-ਦੇਸ਼ ਅੰਦਰ ਮੌਜੂਦਾ ਮਾੜੇ ਰਾਜ ਪ੍ਰਬੰਧਾਂ ਕਾਰਨ ਹਾਲਾਤ ਬਹੁਤ ਚਿੰਤਾਜਨਕ ਤੇ ਦਹਿਸ਼ਤ ਭਰਪੂਰ ਬਣੇ ਹੋਏ ਹਨ। ਜੁਮਲੇਬਾਜ਼ ਸਿਆਸਤਦਾਨ, ਲੁਟੇਰੇ ਸਰਮਾਏਦਾਰ ਤੇ ਭ੍ਰਿਸ਼ਟ ਪੁਲਸ ਅਧਿਕਾਰੀਆਂ ਦੀ ਮਿਲੀਭੁਗਤ ਨੇ ਦੇਸ਼ ਦਾ ਬੇੜਾ ਗਰਕ ਕਰ ਦਿੱਤਾ ਹੈ। ਸਰਕਾਰਾਂ ਦਾ ਸਾਰਾ ਜਜ਼ਰ ਕੂੜ ਪ੍ਰਚਾਰ 'ਤੇ ਲੱਗਾ ਹੋਇਆ ਹੈ। ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਜ਼ਿੰਦਗੀ ਜਿਊਣ ਲਈ ਲੋੜੀਂਦੀਆਂ ਸਹੂਲਤਾਂ ਵੀ ਨਹੀਂ ਮਿਲ ਰਹੀਆਂ। ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਫਿਰਕਾਪ੍ਰਸਤੀ ਲੋਕਾਂ ਦਾ ਜੋਕਾਂ ਵਾਂਗ ਖੂਨ ਚੂਸ ਰਹੀਆਂ ਹਨ। ਨੋਟਾਂ ਤੇ ਵੋਟਾਂ ਦੇ ਭੁੱਖੇ ਸਿਆਸਤਦਾਨ ਸੱਤਾ ਪ੍ਰਾਪਤੀ ਲਈ ਦੇਸ਼ ਦੇ ਲੋਕਾਂ ਨੂੰ ਨਸ਼ੇੜੀ, ਵਿਹਲੜ ਤੇ ਮੁਫਤਖੋਰੇ ਬਣਾ ਰਹੇ ਹਨ। ਨਸ਼ਿਆਂ ਕਾਰਨ ਸਭ ਤੋਂ ਵੱਧ ਨੁਕਸਾਨ ਸੂਬੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਹੋ ਰਿਹਾ ਹੈ। ਬੇਰੁਜਗਾਰ, ਨਿਰਾਸ਼ ਤੇ ਬੇਆਸ ਨੌਜਵਾਨ ਪੀੜ੍ਹੀ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਸ਼ਿਆਂ ਦੇ ਜਾਲ ਵਿੱਚ ਫਸਾ ਕੇ ਮੌਤ ਦੇ ਮੂੰਹ ਵਿੱਚ ਧੱਕਿਆ ਜਾ ਗਿਆ ਹੈ ਤੇ ਬਚਦੇ ਦੇਸ਼ ਛੱਡਣ ਲਈ ਮਜਬੂਰ ਹਨ। ਨਸ਼ਿਆਂ ਦੇ ਵਪਾਰ ਨੂੰ ਨਾਮੀ ਸਿਆਸਤਦਾਨਾਂ, ਵੱਡੇ ਸਰਮਾਏਦਾਰਾਂ ਤੇ ਪੁਲਸ ਦੇ ਉੱਚ ਅਧਿਕਾਰੀਆਂ ਦੀ ਸ਼ਹਿ ਤੇ ਸਰਪ੍ਰਸਤੀ ਹਾਸਲ ਹੈ। ਇਸ ਮੰਦਭਾਗੇ ਗਲਤ ਰੁਝਾਨ ਨੂੰ ਰੋਕਣ, ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਬਚਾਉਣ ਤੇ ਨਸ਼ਿਆਂ ਦੇ ਕਾਰੋਬਾਰ ਲਈ ਜ਼ਿੰਮੇਵਾਰ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕਰਵਾਉਣ ਲਈ ਕਿਸਾਨ ਮਜ਼ਦੂਰ ਜਥੇਬੰਦੀਆਂ ਵਲੋਂ ਨਸ਼ਾ ਵਿਰੋਧੀ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਨਸ਼ਿਆਂ ਤੋਂ ਪੀੜਤ ਨੌਜਵਾਨਾਂ ਦੀਆਂ ਕੀਮਤੀ ਜਾਨਾਂ ਬਚਾ ਕੇ ਉਨ੍ਹਾਂ ਨੂੰ ਸਨਮਾਨ ਪੂਰਵਕ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਜਾ ਸਕੇ। ਇਸ ਮੁਹਿਮ ਨੂੰ ਸਫਲ ਬਣਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪਣ ਦਾ ਪ੍ਰੋਗਰਾਮ 6 ਸਤੰਬਰ ਦਾ ਬਣਾਇਆ ਗਿਆ ਹੈ। ਜਿਸ ਸਬੰਧੀ ਪੰਜਾਬ ਦੇ ਸਮੁੱਚੇ ਇਨਸਾਫਪਸੰਦ ਲੋਕਾਂ ਨੂੰ ਜਾਗਰੂਕ ਕਰਨ ਲਈ ਸੂਬੇ ਭਰ ਵਿੱਚ ਮੀਟਿੰਗਾਂ ਦਾ ਦੌਰ ਜਾਰੀ ਹੈ। ਅੱਜ ਮਾਹਿਲਪੁਰ ਵਿਖੇ ਹੋਈ ਇਕੱਤਰਤਾ ਵਿੱਚ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਗੁਰਮਿੰਦਰ ਕੈਂਡੋਵਾਲ, ਬਲਜੀਤ ਸਿੰਘ, ਗੁਰਦੀਪ ਸਿੰਘ, ਯੋਧਾ ਬਰਾੜ, ਜਸਵਿੰਦਰ ਬੰਗਾ, ਪਰਮਿੰਦਰ ਸਿੰਘ, ਖੁਸ਼ਵੰਤ ਬੈਂਸ, ਸੁਖਦੇਵ ਸਿੰਘ, ਸਤਪ੍ਰਕਾਸ਼, ਜਸਵੀਰ ਸੀਰਾ, ਨਿਰਮਲ ਸਿੰਘ, ਮਨੀ ਬਿਹਾਲਾ, ਅਮਨਦੀਪ ਸਿੰਘ, ਸੱਤਾ ਹਵੇਲੀ, ਮੱਖਣ ਕੋਠੀ, ਅਮਰੀਕ ਵਿੱਕੀ, ਹਰਬੀਰ ਮਾਨ, ਸੰਦੀਪ ਸਿੰਘ, ਇਕਬਾਲ ਸਿੰਘ,ਪਵਿੱਤਰ ਸਿੰਘ, ਬਲਵਿੰਦਰ ਕੁਮਾਰ, ਗੁਰਿੰਦਰਜੀਤ ਸਿੰਘ, ਦਿਆਲ ਸਿੰਘ ਨੇ ਹਾਜ਼ਰੀ ਲਗਵਾਈ।

# ਸਥਾਨਕ ਸਰਕਾਰਾਂ ਮੰਤਰੀ ਵੱਲੋਂ ਵਿਕਾਸ ਕੰਮਾਂ ਦਾ ਜਾਇਜ਼ਾ



**ਜਲੰਧਰ (ਸ਼ੈਲੀ ਐਲਬਰਟ)**- ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਜਲੰਧਰ ਸ਼ਹਿਰ ਦੇ ਅਰਬਨ ਅਸਟੇਟ ਵਿਖੇ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ ਗਿਆ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵਿਕਾਸਮੁਖੀ ਏਜੰਡੇ ਉੱਪਰ ਕੰਮ ਕੀਤਾ ਜਾ ਰਿਹਾ ਹੈ, ਜਿਸ ਲਈ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰਾਂ ਅੰਦਰ ਵਿਕਾਸ ਕੰਮਾਂ ਦੀ ਗਤੀ ਨੂੰ ਤੇਜ਼ ਕੀਤਾ ਗਿਆ ਹੈ। ਉਨ੍ਹਾਂ ਇਸ ਮੌਕੇ ਨਗਰ ਨਿਗਮ ਕਮਿਸ਼ਨਰ ਰਿਸ਼ੀਪਾਲ ਸਿੰਘ ਤੇ ਹੋਰਨਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਹਫਤਾਵਾਰੀ ਤੌਰ 'ਤੇ ਵਿਕਾਸ ਕੰਮਾਂ ਦੀ ਸਮੀਖਿਆ ਕਰਨ ਤਾਂ ਜੋ ਇਨਾਂ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਉਣ ਦੇ ਨਾਲ- ਨਾਲ ਕੰਮ ਦੀ ਗੁਣਵੱਤਾ ਨੂੰ ਵੀ ਯਕੀਨੀ ਬਣਾਇਆ ਜਾ ਸਕੇ । ਉਨ੍ਹਾਂ ਅਰਬਨ ਅਸਟੇਟ ਵਿਖੇ ਚੱਲ ਰਹੇ ਵਿਕਾਸ ਕੰਮਾਂ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ ।ਇਸ ਤੋਂ ਇਲਾਵਾ ਅਧਿਕਾਰੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਟਾਕਰੇ ਲਈ ਵਿਆਪਕ ਯੋਜਨਾਬੰਦੀ ਤੇ ਨਵੇਂ ਪ੍ਰਾਜੈਕਟਾਂ ਲਈ ਖਾਕਾ ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ । ਇਸ ਮੌਕੇ ਚੇਅਰਮੈਨ ਰਾਜਵਿੰਦਰ ਕੌਰ ਥਿਆੜਾ ਤੇ ਨਗਰ ਨਿਗਮ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ ।

# ਸੀ ਪੀ ਐੱਮ ਦੇ ਕੇਂਦਰੀ ਸੱਦੇ 'ਤੇ ਪੰਜਵੇਂ ਦਿਨ ਗੜ੍ਹਸ਼ੰਕਰ ਵਿਖੇ ਲੋਕ-ਸੰਪਰਕ ਮੀਟਿੰਗਾਂ




**ਮਾਹਿਲਪੁਰ (ਸਫਰੀ)** - ਸੀ ਪੀ ਆਈ (ਐਮ) ਦੇ ਕੇਂਦਰੀ ਸੱਦੇ 'ਤੇ ਵਾਰਡ ਨੰਬਰ 5 ਅਤੇ ਬੜੇ ਰੌਜੇ ਵਿਸ਼ਾਲ ਮੀਟਿੰਗਾਂ ਨੂੰ ਕਾਮਰੇਡ ਦਰਸ਼ਨ ਸਿੰਘ ਮੱਟੂ ਸੂਬਾ ਕਮੇਟੀ ਮੈਂਬਰ ਸੀ ਪੀ ਆਈ ਐਮ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਪਾੜੋ ਤੇ ਰਾਜ ਕਰੋ ਨੀਤੀ ਤਹਿਤ ਮਨੀਪੁਰ ਦੀ ਬਿਰੇਨ ਸਰਕਾਰ ਨੇ ਮੈਤੇਈ ਤੇ ਕੁੱਕੀ ਕਬੀਲਿਆਂ ਵਿੱਚ ਝਗੜਾ ਕਰਵਾ ਕੇ, ਕੁੱਕੀ ਕਬੀਲੇ ਦੀਆਂ ਧੀਆਂ ਭੈਣਾਂ ਨੂੰ ਅਲਫ ਨੰਗਾ ਕਰਕੇ ਸੜਕਾਂ 'ਤੇ ਘੁਮਾਇਆ ਗਿਆ ਅਤੇ ਬੱਚਿਆਂ ਤੇ ਲੋਕਾਂ ਨੂੰ ਬੇਦਰਦੀ ਨਾਲ ਕਤਲ ਕਰ ਦਿੱਤਾ ਗਿਆ। 80 ਦਿਨ ਮੋਦੀ ਸਰਕਾਰ ਤੇ ਬਿਰੇਨ ਸਰਕਾਰ ਚੁੱਪ ਰਹੀ। ਸੁਪਰੀਮ ਕੋਰਟ ਨੇ ਸੋਅ ਮੋਟੋ ਲੈ ਕੇ ਮੋਦੀ ਸਰਕਾਰ ਤੇ ਮਨੀਪੁਰ ਸਰਕਾਰ ਨੂੰ ਝਾੜ ਪਾਈ ਤਾਂ ਜਾ ਕੇ ਦੇਸ਼ ਦੇ ਲੋਕਾਂ ਨੂੰ ਪਤਾ ਲੱਗਿਆ। ਮੋਦੀ ਸਰਕਾਰ ਤੇ ਮਨੀਪੁਰ ਸਰਕਾਰ ਨੇ ਕੋਈ ਲੋਕ ਸਭਾ, ਵਿਧਾਨ ਸਭਾ ਵਿੱਚ ਕੋਈ ਬਹਿਸ ਨਹੀਂ ਕਰਵਾਈ। ਕਾਮਰੇਡ ਮੱਟੂ ਨੇ ਇਕੱਠ ਵਿੱਚ ਲੋਕਾਂ ਨੂੰ ਅਪੀਲ ਕੀਤੀ ਕਿ 2024 ਵਿੱਚ ਮੋਦੀ ਸਰਕਾਰ ਨੂੰ ਗੱਦੀ ਤੋਂ ਲਾਹਿਆ ਜਾਵੇ। ਪੰਜਾਬ ਸਰਕਾਰ ਗਰੀਬਾਂ ਦੇ ਕੱਟੇ ਨੀਲੇ ਕਾਰਡ ਬਹਾਲ ਕਰੇ। ਮਨਰੇਗਾ ਸਕੀਮ ਤਹਿਤ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਪ੍ਰਤੀ ਦਿਨ ਦਿੱਤੀ ਜਾਵੇ। ਇਸ ਮੌਕੇ ਹਰਨੇਕ ਸਿੰਘ ਬੰਗਾ, ਬਲਵਿੰਦਰ ਕੁਮਾਰ ਮਿਸਤਰੀ, ਅਵਤਾਰ ਸਿੰਘ ਦੇਣੋਵਾਲ ਕਲਾਂ, ਦਰਸ਼ਨ ਕਬਾੜੀਆ, ਵਿੱਕੀ, ਰੋਸ਼ਨ ਲਾਲ, ਦਰਸ਼ਨ ਲਾਲ, ਹਰਮੇਸ਼ ਲਾਲ, ਜਰਨੈਲ ਬਿੱਲਾ, ਜੋਲੀ, ਰਿੱਕੀ, ਸੰਜੇ, ਫੌਜੀ, ਬਬਲੀ, ਬਿਮਲਾ, ਕਮਲਾ, ਮਹਿੰਦਰੋ, ਫੂਲਾ ਰਾਣੀ, ਬਬਲੀ, ਸੀਮਾ ਰਾਣੀ, ਸੇਵਾ ਰਾਮ, ਨੇਕਾ ਖਾਬੜਾ, ਹੈਪੀ, ਗੁਰਮੀਤ ਸਿੰਘ, ਸੁਲੱਖਣ ਲਾਲ, ਸੰਦੀਪ ਸਿੰਘ, ਸੰਨੀ ਆਦਿ ਹਾਜ਼ਰ ਸਨ।

# ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਐਕਟੀਵਿਟੀਜ਼

**ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ)**-ਸਰਕਾਰ ਦੀਆਂ ਹਦਾਇਤਾਂ ਅਨੁਸਾਰ 17 ਸਤੰਬਰ ਤੋਂ 2 ਅਕਤੂਬਰ ਤੱਕ ਇੰਡੀਅਨ ਸਵੱਛਤਾ ਲੀਗ 2.0, ਸੇਵਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਤਰ੍ਹਾਂ ਐਕਟੀਵਿਟੀ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਵਿੱਚ ਭਾਗ ਲੈਣ ਲਈ ਨਗਰ ਕੌਂਸਲ ਦੁਆਰਾ ਸ਼ੇਅਰ ਕੀਤੇ ਲਿੰਕ ਦੁਆਰਾ ਸ਼ਹਿਰ ਵਾਸੀਆਂ ਵਲੋਂ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇ। ਇਸ ਇੰਡੀਅਨ ਸਵੱਛਤਾ ਲੀਗ 2.0 ਜਿਸ ਦੀ ਸ਼ੁਰੂਆਤ ਦਫਤਰ ਨਗਰ ਕੌਂਸਲ ਭੋਗਪੁਰ ਵਲੋਂ 17 ਸਤੰਬਰ ਨੂੰ ਸਵੇਰੇ 8 ਵਜੇ ਗਾਰਬੇਜ ਫਰੀ ਸਿਟੀ ਸਬੰਧੀ ਜਾਗਰੂਕਤਾ ਯੂਥ ਰੈਲੀ ਦੁਆਰਾ ਕੀਤੀ ਜਾ ਰਹੀ ਹੈ। ਇਸ ਵਿੱਚ ਸ਼ਹਿਰ ਦੇ ਪਤਵੰਤੇ ਸੱਜਣ, ਐਨ.ਜੀ.ਓ., ਵੱਖ ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ/ਐਨ.ਸੀ. ਸੀ., ਕੇਡਰ ਦੇ ਵਿਦਿਆਰਥੀ ਸ਼ਾਮਲ ਹੋ ਰਹੇ ਹਨ।

# ਕੂੰਟਾਂ ਦੇ ਵਾਸੀ ਛੇ ਮਹੀਨਿਆਂ ਤੋਂ ਨਰਕ ਭਰੀ ਜ਼ਿੰਦਗੀ ਜਿਉਣ ਲਈ ਹੋਏ ਮਜਬੂਰ



**ਹੁਸ਼ਿਆਰਪੁਰ, (ਓ ਪੀ ਰਾਣਾ)** - ਕਸਬਾ ਬੁੱਲੋਵਾਲ ਦੇ ਨਜਦੀਕ ਪੈਂਦੇ ਪਿੰਡ ਕੂੰਟਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀਆਂ ਨੇ ਮੁੱਖ ਸਕੱਤਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਸਰਕਾਰ ਨੂੰ ਲਿਖਤੀ ਰੂਪ ਵਿੱਚ ਬੀ ਡੀ ਪੀ ਓ ਹੁਸ਼ਿਆਰਪੁਰ ਬਲਾਕ-1 ਵਿਰੁੱਧ ਲਾਹਪ੍ਰਵਾਹੀ ਅਤੇ ਗੈਰ ਜ਼ਿੰਮੇਵਾਰੀ ਨਾਲ ਆਪਣੇ ਅਧਕਾਰਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ। ਇਸ ਸੰਬੰਧੀ ਪਿੰਡ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਬੀ ਡੀ ਪੀ ਓ ਬਲਾਕ-1 ਹੁਸ਼ਿਆਰਪੁਰ ਨੂੰ ਉਹਨਾ ਦੇ ਪਰਸਨਲ ਮੋਬਾਇਲ ਨੰਬਰ 9653233333 'ਤੇ ਗੱਲ ਕਰਕੇ ਆਪਣੀ ਸਮੱਸਿਆ ਤੋਂ ਜਾਣੂ ਕਰਵਾਇਆ ਸੀ। ਇਸ ਤੋਂ ਇਲਾਵਾ ਉਹਨਾ ਦੇ ਵਟਸਐਪ ਅਤੇ ਬੀ ਡੀ ਓ ਦੇ ਦਫਤਰ ਦੀ ਈ-ਮੇਲ ਆਈ ਡੀ ਤੇ ਵੀ ਲਿਖਤੀ ਰੂਪ 'ਚ ਸਮੱਸਿਆ ਤੋਂ ਜਾਣੂ ਕਰਵਾ ਕੇ ਇਸਦਾ ਹੱਲ ਕਰਨ ਲਈ ਕਿਸੇ ਜ਼ਿੰਮੇਵਾਰ ਅਧਿਕਾਰੀ ਨੂੰ ਜਾਂ ਖੁਦ ਮੌਕਾ ਦੇਖ ਕੇ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ ਸੀ, ਪਰ ਅੱਜ ਤੱਕ ਐਨਾ ਸਮਾਂ ਬੀਤਣ ਦੇ ਬਾਵਜੂਦ ਨਾ ਤਾਂ ਜੇ.ਈ.ਅਤੇ ਨਾ ਹੀ ਐਸ.ਡੀ.ਓ. ਪੱਧਰ ਦਾ ਕੋਈ ਅਧਿਕਾਰੀ ਮੌਕਾ ਦੇਖਣ ਨਹੀ ਆਇਆ ਅਤੇ ਨਾ ਹੀ ਖੁਦ ਬੀ.ਡੀ.ਪੀ.ਓ. ਨੇ ਮੌਕਾ ਦੇਖਣਾ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਦੱਸਿਆ ਕਿ ਹੁਣ ਜਦੋਂ ਫਿਰ ਕੁਝ ਪਿੰਡ ਦੇ ਲੋਕਾਂ ਵਲੋਂ ਡੀ. ਸੀ. ਸਾਹਿਬ ਨੂੰ ਸ਼ਿਕਾਇਤ ਕਰਕੇ ਗਲੀ ਦਾ ਚਲਦਾ ਕੰਮ ਰੋਕਣ ਲਈ ਕਿਹਾ ਹੈ ਤਾਂ ਫਿਰ ਪਤਾ ਲੱਗਿਆ ਹੈ ਕਿ ਬੀ.ਡੀ.ਪੀ.ਓ. ਸਾਹਿਬ ਵਲੋਂ ਇਸ ਗਲ਼ੀ ਦੀ ਸ਼ਿਕਾਇਤ ਅਤੇ ਸਮੱਸਿਆ ਦਾ ਨਿਪਟਾਰਾ ਕਰਨ ਲਈ ਕਿਸੇ ਜ਼ਿੰਮੇਵਾਰ ਅਧਿਕਾਰੀ ਦੀ ਥਾਂ ਲੋਕਲ ਪੰਚਾਇਤ ਸਕੱਤਰ ਦੀ ਹੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਛੇ ਮਹੀਨੇ ਤੋਂ ਗਲੀ ਤੇ ਨਾਲੀਆਂ ਦਾ ਕੰਮ ਰੁਕਿਆ ਪਿਆ ਹੈ, ਜਿਸ ਕਾਰਨ ਪਿੰਡ ਵਾਸੀ ਬਰਸਾਤ ਕਾਰਨ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਪਿੰਡ ਵਾਸੀਆ ਨੇ ਦੱਸਿਆ ਕਿ ਪੱਟੀ ਹੋਈ ਗਲੀ ਦੀਆ ਫੋਟੋਆਂ ਪਹਿਲਾਂ ਹੀ ਬੀ.ਡੀ.ਪੀ.ਓ. ਨੂੰ ਭੇਜ ਚੁੱਕੇ ਹਾ ਪ੍ਰੰਤੂ ਬੀ ਡੀ ਓ ਦੇ ਕੰਨ 'ਤੇ ਜੂੰਅ ਨਹੀਂ ਸਰਕਦੀ। ਉਹਨਾ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਕਿਸੇ ਜ਼ਿੰਮੇਵਾਰ ਅਧਿਕਾਰੀ ਦੀ ਡਿਊਟੀ ਲਗਾ ਕੇ ਇਸ ਸਮੱਸਿਆ ਦਾ ਹੱਲ ਜਲਦੀ ਤੋਂ ਜਲਦੀ ਕਰਵਾਉਣ ਲਈ ਕਿਸੇ ਯੋਗ ਅਧਿਕਾਰੀ ਨੂੰ ਨਿਰਦੇਸ਼ ਦਿੱਤੇ ਜਾਣ ਅਤੇ ਨਾਲੀ ਦੇ ਕੰਮ ਵਿੱਚ ਰੋਕ ਲਾਉਣ ਵਾਲੇ ਵਿਅਕਤੀਆਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਹੋਰਨਾ ਤੋਂ ਇਲਾਵਾ ਕਰਨੈਲ ਸਿੰਘ ਚੋਪੜਾ, ਬਲਵਿੰਦਰ ਕੌਰ, ਗੁਰਬਚਨ ਕੌਰ, ਤਰਸੇਮ ਸਿੰਘ, ਅਮਰਜੀਤ ਸਿੰਘ, ਅਮਨਦੀਪ ਕੌਰ, ਬਲਵੀਰ ਕੌਰ, ਲਖਬੀਰ ਕੌਰ, ਸ਼ੀਲਾ ਰਾਣੀ, ਰੋਹਿਤ ਕੁਮਾਰ, ਇੰਦਰ ਸਿੰਘ, ਇੰਦਰਜੀਤ ਚੋਪੜਾ, ਅਮਨ ਚੋਪੜਾ, ਸਰਬਜੀਤ ਆਦਿ ਹਾਜ਼ਰ ਸਨ।

ਇਸ ਸੰਬੰਧੀ ਜਦੋਂ ਬੀ ਡੀ ਓ ਬਲਾਕ 1 ਦਾ ਪੱਖ ਜਾਨਣ ਲਈ ਉਹਨਾ ਦੇ ਨੰਬਰ 'ਤੇ ਸੰਪਰਕ ਕੀਤਾ ਤਾਂ ਪਹਿਲਾ ਉਹਨਾ ਕਿਹਾ ਕਿ ਮੈਨੂੰ ਇਸ ਮਸਲੇ ਵਾਰੇ ਪਤਾ ਨਹੀਂ ਹੈ ਮੈਂ ਆਪਣੇ ਰੀਡਰ ਕੋਲੋਂ ਪੁੱਛ ਲੈਂਦਾ ਹਾਂ ਤੇ ਤੁਹਾਨੂੰ ਸੋਮਵਾਰ 4 ਸਤੰਬਰ ਨੂੰ ਦੱਸਾਗਾ, ਪਰ 4 ਸਤੰਬਰ ਨੂੰ ਪੱਖ ਲੈਣ ਲਈ ਜਦੋਂ ਵਾਰ ਵਾਰ ਬੀ ਡੀ ਓ ਨੂੰ ਕੀਤਾ ਤਾ ਬੀ ਡੀ ਓ ਨੇ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ।

# 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਵੱਲੋਂ ਘੁੱਲੇਵਾਲਾ 'ਚ ਮੈਡੀਕਲ ਕੈਂਪ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਹਲਕਾ ਪੱਟੀ ਦੇ ਪਿੰਡ ਘੁੱਲੇਵਾਲਾ ਵਿਖੇ ਸੰਸਥਾ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕਰਕੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਸਥਾ ਦੇ ਮੁਖੀ ਜਥੇਦਾਰ ਹਰਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਸੰਸਥਾ ਵੱਲੋਂ ਦੋਆਬਾ ਅਤੇ ਮਾਲਵੇ ਤੋਂ ਬਾਅਦ ਮਾਝੇ ਦੇ ਪਿੰਡਾਂ ਵਿਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪੱਤਰਕਾਰ ਕ੍ਰਿਪਾਲ ਸਿੰਘ ਮਾਇਓ ਪੱਟੀ, ਡਾ. ਵਿਸ਼ਾਲ ਪਰਾਸ਼ਰ ਨਡਾਲੋਂ, ਡਾ.ਰਾਮ ਲੁਭਾਇਆ ਨਵਾਂ ਠੱਕਰਵਾਲ, ਗੁਰਪਾਲ ਸਿੰਘ ਖਾਲਸਾ ਨਡਾਲੋਂ, ਮਿੰਨੀ ਭੁੰਗਰਨੀ, ਗੁਰਪ੍ਰੀਤ ਸਿੰਘ ਗੁਗਲੀ ਖਾਲਸਾ, ਕਮਲਜੀਤ ਸਿੰਘ ਰਾਣਾ ਖਾਲਸਾ, ਟਹਿਲ ਸਿੰਘ, ਹਰਬੰਸ ਸਿੰਘ, ਪਿੰਡ ਘੁੱਲੇਵਾਲਾ ਦੇ ਨਿਵਾਸੀ ਅਮਰਜੀਤ ਕੌਰ, ਅਮਰਜੀਤ, ਸੁਖਦੀਪ ਸਿੰਘ, ਜਗਤਾਰ ਸਿੰਘ, ਤਰਨਜੀਤ ਕੌਰ, ਮਨਜੀਤ ਕੌਰ, ਮੇਜਰ ਸਿੰਘ, ਕੁਲਵੰਤ ਕੌਰ, ਸਿਮਰਜੀਤ ਕੌਰ, ਸਿਮਰਨ ਸਿੰਘ, ਮਿਲਖਾ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ 'ਚ ਅਧਿਆਪਕ ਦਿਵਸ ਮਨਾਇਆ

**ਫਿਲੌਰ (ਨਿਰਮਲ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਵਿਖੇ ਭਾਰਤ ਦੇ ਪੂਰਵ ਰਾਸ਼ਟਰਪਤੀ ਸਰਵਪਲੀ ਸ੍ਰੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਤ ਅਧਿਆਪਕ ਦਿਵਸ ਮਨਾਇਆ ਗਿਆ, ਜਿਸ ਵਿਚ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਇਸ ਸਕੂਲ ਤੋਂ ਰਿਟਾਇਰ ਹੋ ਚੁੱਕੇ ਅਧਿਆਪਕਾਂ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਅਤੇ ਮੈਂਬਰਜ਼ ਨੂੰ ਪ੍ਰਿੰਸੀਪਲ ਮੈਡਮ ਸ੍ਰੀਮਤੀ ਸੁਸ਼ੀਲਾ ਕੁਮਾਰੀ ਵਲੋਂ ਇੱਕ-ਇੱਕ ਬੂਟਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਕੇ ਸਮਾਜ ਵਿੱਚ ਉੱਚਾ ਰੁਤਬਾ ਪ੍ਰਾਪਤ ਕਰਕੇ ਅਧਿਆਪਕਾਂ ਵਾਂਗ ਸਮਾਜ ਨੂੰ ਚੰਗੀ ਸੇਧ ਪ੍ਰਦਾਨ ਕਰਨ ਲਈ ਪ੍ਰੇਰਿਆ। ਇਸ ਸਮੇਂ ਸਕੂਲ ਤੋਂ ਰਿਟਾਇਰ ਹੋ ਚੁੱਕੇ ਅਧਿਆਪਕ ਸ਼ਸ਼ੀ ਪ੍ਰਭਾ, ਰਾਜ ਕੁਮਾਰੀ, ਪਰਮਜੀਤ ਕੌਰ, ਕੁਲਵੰਤ ਕੌਰ, ਕਮਲਜੀਤ ਕੌਰ, ਸਕੂਲ ਦੇ ਸਟਾਫ ਮੈਂਬਰਜ਼ ਇੰਦਰਜੀਤ ਕੁਮਾਰ, ਅਮਰਦੀਪ ਜੱਖੂ, ਮਨੋਹਰ ਲਾਲ, ਰਣਵੀਰ ਸਿੰਘ ਪਰਮਾਰ, ਰਵਿੰਦਰ ਵਰਤਿਆਲ, ਗੁਰਲੀਨ ਕੌਰ, ਮਧੂ ਬਾਲਾ, ਮਿਸ ਪੂਨਮ ਨਈਅਰ ਅਤੇ ਹੋਰ ਸਟਾਫ ਮੈਂਬਰਜ਼ ਸ਼ਾਮਲ ਸਨ।


**PAOS INDUSTRIES LTD.**
CIN:L24100PB1990PLC049032
Registered Office: Village Pawa, G.T. Road, Near Civil Airport, Ludhiana-141 120 (Pb)

**NOTICE OF 33RD ANNUAL GENERAL MEETING, BOOK CLOSURE AND E-VOTING INFORMATION**

NOTICE is hereby given that the 33rd Annual General Meeting (AGM) of the company will be held on Saturday, the 30th day of September, 2023 at 10.30 A.M. at the Registered Office of the Company at Village Pawa, G.T. Road, Near Civil Airport, Ludhiana-141 120 (Pb) to transact the businesses set out in the notice of AGM.
The notice of Annual General Meeting, Annual Report and Attendance Slip has been sent to all the members in the electronic mode whose E-mail ID's are registered with the company/Depositories and to others by courier. Members may note that the Notice and Annual Report 2022-23 will also be available on the Company's website https://www.paosindustries.in/p/blog-page_7.html and website of the Stock Exchange, i.e. BSE Limited at https://www.bseindia.com.
NOTICE is hereby given pursuant to Section 91 of the Companies Act, 2013 and Regulation 42 of SEBI (Listing Obligations and Disclosure Requirements) Regulations, 2015 that the Register of Members and Share Transfer Books of the Company will remain closed from Sunday, 24th September, 2023 to Saturday, 30th September, 2023 (both days inclusive) for the purpose of 33rd Annual General Meeting of the Company.
Notice is also hereby given Pursuant to the provisions of Section 108 of the Companies Act, 2013 read with rule 20 of the Companies (Management and Administration) Rules, 2014, as amended, and Regulation 44 of the SEBI (Listing Obligations and Disclosure Requirements) Regulations, 2015 that the Company is also providing the facility to members to Vote Electronically (remote e-voting) through Central Depository Services (India) Limited e-voting platform. The procedure for E-Voting is given under "Voting through electronic means" in the Notice.
The e-voting facility will be available during the following voting period:

| Commencement of e-voting | End of e-voting |
|---|---|
| Wednesday 27th September, 2023 at 9:00 A.M. (IST) | Friday 29th September, 2023 at 5:00 P.M. (IST) |

During the period, members of the Company, holding shares either in physical form or in dematerialized form, as on the cut-off date 23.09.2023 may cast their vote electronically. The e-voting module shall be displayed by CDSL for voting thereafter and voting shall not be allowed beyond the above mentioned date and time.
For instructions relating to e-voting, members may kindly go through the instructions in the Notice of the 33rd AGM and they may also refer to the E-voting User Manual for shareholders available at the Help section of https://www.evotingindia.com or send an e-mail to helpdesk.evoting@cdslindia.com.
The Company Secretary of Company will be person responsible to address the grievances connected with the voting by electronic means. Her contact details are given below :
Tel: +91-161-5220000
e-mail: paosindustriesltd@gmail.com, rajagromills@gmail.com

For PAOS INDUSTRIES LIMITED
Sd/-
Managing Director

DATE : 05-09-2023
PLACE : LUDHIANA

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਰੋਸ ਮਾਰਚ ਕਰਕੇ ਮੰਗ ਪੱਤਰ ਦਿੱਤਾ



**ਮਾਲੇਰਕੋਟਲਾ** : ਪੰਜਾਬ ਸੁਬਾਰਡੀਨੇਟਸ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਵਿਖੇ ਜ਼ਿਲ੍ਹਾ ਮਾਲੇਰਕੋਟਲਾ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸਥਾਨਕ ਸਿਵਲ ਹਸਪਤਾਲ ਦੇ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਡੀ ਸੀ ਮਾਲੇਰਕੋਟਲਾ ਰਾਹੀਂ ਮੰਗਾਂ ਦਾ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਇਸ ਐਕਸ਼ਨ ਦੀ ਅਗਵਾਈ ਮੁਲਾਜ਼ਮਾਂ ਦੇ ਸੂਬਾਈ ਆਗੂ ਸਾਥੀ ਰਣਜੀਤ ਸਿੰਘ ਰਾਣਵਾਂ, ਕੁਲਦੀਪ ਕੌਰ (ਡੀ ਸੀ ਦਫਤਰ), ਹਾਕਮ ਸਿੰਘ, ਬਲਜਿੰਦਰ ਕੌਰ, ਪਰਗਟ ਸਿੰਘ (ਸਿਵਲ ਹਸਪਤਾਲ), ਨੇਤਰ ਸਿੰਘ ਮਾਨਵੀ, ਨਿਗਾਹੀ ਰਾਮ ਕੁਠਾਲਾ, ਜਸਪਾਲ ਸਿੰਘ ਪਾਲੀ (ਖੁਰਾਕ ਸਪਲਾਈ), ਜਸਵੀਰ ਸਿੰਘ (ਪਨਸਪ), ਗੁਰਨਾਮ ਸਿੰਘ (ਸਰਕਾਰੀ ਕਾਲਜ), ਮੇਜਰ ਸਿੰਘ, ਮੋਦਨ ਸਿੰਘ ਬਾਲੇਵਾਲ ਨੇ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਐਸਮਾ ਕਾਨੂੰਨ ਤੁਰੰਤ ਵਾਪਸ ਲਿਆ ਜਾਵੇ, ਪੰਜਾਬ ਦੇ ਸਾਰੇ ਵਿਭਾਗਾਂ, ਬੋਰਡਾਂ, ਨਿਗਮਾਂ ਦੇ ਸਮੂਹ ਕੱਚੇ, ਠੇਕਾ ਅਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਕੀਤਾ ਜਾਵੇ, ਪੈਨਸ਼ਨਰਾਂ ਦੀ 2.59 ਦੇ ਫੈਕਟਰ ਨਾਲ ਪੈਨਸ਼ਨ ਸੋਧੀ ਜਾਵੇ, ਪਰਖ ਕਾਲ ਸਮੇਂ ਦੌਰਾਨ ਮੁੱਢਲੀ ਤਨਖਾਹ ਦੇਣ ਸੰਬੰਧੀ 15 ਜਨਵਰੀ 2015 ਨੂੰ ਪੱਤਰ ਰੱਦ ਕੀਤਾ ਜਾਵੇ, ਪੰਜਾਬ ਸਰਕਾਰ ਵੱਲੋਂ ਕੇਂਦਰੀ ਪੈਟਰਨ ਅਨੁਸਾਰ ਤਨਖਾਹਾਂ ਦੇਣ ਸੰਬੰਧੀ ਮਿਤੀ 17 ਜੁਲਾਈ 2020 ਨੂੰ ਜਾਰੀ ਪੱਤਰ ਤੁਰੰਤ ਵਾਪਸ ਲਿਆ ਜਾਵੇ, ਸਾਰੇ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਭਰਤੀ ਕੀਤੀ ਜਾਵੇ, ਪੁਨਰਗਠਨ ਦੇ ਨਾਂਅ 'ਤੇ ਖਤਮ ਕੀਤੀਆਂ ਹਜ਼ਾਰਾਂ ਅਸਾਮੀਆਂ ਤੁਰੰਤ ਬਹਾਲ ਕੀਤੀਆਂ ਜਾਣ, ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਹੂਬਹੂ ਬਹਾਲ ਕੀਤੀ ਜਾਵੇ, ਮੁਲਾਜ਼ਮਾਂ ਦੇ ਪੇਂਡੂ ਭੱਤਾ, ਬਾਰਡਰ ਏਰੀਆ ਭੱਤਾ ਸਮੇਤ ਕੱਟੇ ਵੱਖ-ਵੱਖ ਤਰ੍ਹਾਂ ਦੇ 37 ਭੱਤੇ ਤੁਰੰਤ ਬਹਾਲ ਕੀਤੇ ਜਾਣ, 31 ਦਸੰਬਰ 2015 ਨੂੰ ਬੇਸਿਕ ਪੇਅ+119 ਫੀਸਦੀ ਡੀਏ+ਘੱਟੋ ਘੱਟ 15 ਫੀਸਦੀ ਲਾਭ ਜੋੜ ਕੇ ਸੋਧੀ ਮੁੱਢਲੀ ਤਨਖਾਹ ਨਿਸ਼ਚਿਤ ਕਰਨ ਸੰਬੰਧੀ ਆਪਸ਼ਨ ਦੇਣ ਦਾ ਮੌਕਾ ਦਿੱਤਾ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦਾ 17 ਫੀਸਦੀ ਤੋਂ 28 ਫੀਸਦੀ ਦਾ ਪਿਛਲਾ ਰਹਿੰਦਾ ਬਕਾਇਆ ਤੁਰੰਤ ਦਿੱਤਾ ਜਾਵੇ , 28 ਫੀਸਦੀ ਤੋਂ 34 ਫੀਸਦੀ ਡੀ ਏ ਦੀਆਂ ਦੋਵੇਂ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ, ਮਿਤੀ 1 ਜਨਵਰੀ 2016 ਤੋਂ 30 ਜੂਨ 2021 ਤੱਕ ਸੋਧੀਆਂ ਗਈਆਂ ਤਨਖ਼ਾਹਾਂ/ਪੈਨਸ਼ਨਾਂ, ਲੀਵ ਇਨਕੈਸ਼ਮੈਂਟ ਦਾ ਬਕਾਇਆ ਯਕਮੁਸ਼ਤ ਨਕਦ ਦਿੱਤਾ ਜਾਵੇ, ਆਰਥਿਕ ਸ਼ੋਸ਼ਣ ਦਾ ਸ਼ਿਕਾਰ ਆਂਗਨਵਾੜੀ ਵਰਕਰਾਂ, ਹੈਲਪਰਾਂ, ਆਸ਼ਾ ਵਰਕਰਾਂ, ਆਸ਼ਾ ਫੈਸੀਲੀਟੇਟਰਾਂ, ਮਿੱਡ ਡੇ ਮੀਲ ਵਰਕਰਾਂ ਤੇ ਹੋਰ ਸਕੀਮ ਵਰਕਰਾਂ ਨੂੰ ਰੈਗੂਲਰ ਕਰਨ ਤੇ ਘੱਟੋ-ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਕੇ ਤਨਖਾਹ 26000 ਰੁਪਏ ਮਹੀਨਾ ਦਿੱਤੀ ਜਾਵੇ, ਸਮੂਹ ਕਰਮਚਾਰੀਆਂ ਲਈ 4-9-14 ਸਾਲਾ ਏ.ਸੀ.ਪੀ. ਸਕੀਮ ਸੋਧੇ ਤਨਖਾਹ ਸਕੇਲਾਂ ਅਨੁਸਾਰ ਲਾਗੂ ਕੀਤੀ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਫਿਕਸ ਮੈਡੀਕਲ ਭੱਤਾ 2500 ਰੁਪਏ ਮਹੀਨਾ ਦਿੱਤਾ ਜਾਵੇ, ਮੁਲਾਜ਼ਮਾਂ 'ਤੇ ਲਾਇਆ 200 ਰੁਪਏ ਮਹੀਨਾ ਵਿਕਾਸ ਟੈਕਸ ਤੁਰੰਤ ਬੰਦ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਸ਼ਾਮਲ ਸਨ।

# ਵਿਕਾਸ ਕਾਰਜਾਂ ਲਈ ਫੇਜ਼-2 ਤਹਿਤ 2.06 ਕਰੋੜ ਰੁਪਏ ਦੇ ਟੈਂਡਰ ਜਾਰੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਸ਼ਹਿਰ ਦੇ ਵਿਕਾਸ ਲਈ ਹੁਣ ਤੱਕ ਲਗਭਗ 3.76 ਕਰੋੜ ਰੁਪਏ ਦੇ ਟੈਂਡਰ ਲੱਗ ਚੁੱਕੇ ਹਨ। ਪਹਿਲੇ ਫੇਸ ਵਿੱਚ 1.69 ਕਰੋੜ ਰੁਪਏ ਦੇ ਟੈਂਡਰ ਲਾਏ ਸਨ, ਜਿਨ੍ਹਾਂ ਵਿੱਚ ਓਲਡ ਕੈਂਟ ਰੋਡ ਤੋਂ ਜਰਮਨ ਕਲੋਨੀ ਤੱਕ ਲਈ 92.21 ਲੱਖ ਰੁਪਏ, ਓਲਡ ਜੇਲ੍ਹ ਰੋਡ ਹੁੱਕੀ ਚੌਕ ਤੋਂ ਗਰਗ ਪੇਂਟਰ ਤੱਕ ਇੰਟਰਲਾਕ ਸੜਕ ਬਣਾਉਣ ਲਈ 31.51 ਲੱਖ ਰੁਪਏ, ਬਲਬੀਰ ਬਸਤੀ ਦੀ ਮੇਨ ਸੜਕ ਦੇ ਦੋਵੇਂ ਪਾਸੇ ਡਰੇਨ ਬਣਾਉਣ ਲਈ 18.20 ਲੱਖ ਰੁਪਏ, ਸਾਰੇ ਸ਼ਹਿਰ ਵਿੱਚ ਪੈਚ ਵਰਕ ਰਿਪੇਅਰ ਲਈ 13.76 ਲੱਖ ਤੇ ਡਿਸਪੋਜਲ ਚੈਂਬਰਾਂ ਦੀ ਸਕਰੀਨਿੰਗ ਲਈ 1.01 ਲੱਖ ਰੁਪਏ ਦੇ ਟੈਂਡਰ ਮਨਜ਼ੂਰ ਹੋ ਚੁੱਕੇ ਹਨ ਅਤੇ ਕੰਮ ਵੀ ਸ਼ੁਰੂ ਕਰਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਦੂਜੇ ਫੇਸ ਵਿੱਚ ਸ਼ਹਿਰ ਦੇ ਵਿਕਾਸ ਲਈ 2.06 ਕਰੋੜ ਰੁਪਏ ਦੇ ਟੈਂਡਰ ਲਾਏ ਜਾ ਚੁੱਕੇ ਹਨ, ਜੋ ਜਲਦੀ ਹੀ ਖੋਲ੍ਹ ਦਿੱਤੇ ਜਾਣਗੇ। ਟੈਂਡਰ ਮਨਜ਼ੂਰ ਹੋਣ ਉਪਰੰਤ ਇਹ ਕੰਮ ਜਲਦੀ ਸ਼ੁਰੂ ਕਰ ਦਿੱਤੇ ਜਾਣਗੇ।

ਇਨ੍ਹਾਂ ਕੰਮਾਂ ਵਿੱਚ ਬਲਬੀਰ ਬਸਤੀ ਮੇਨ ਰੋਡ ਉੱਪਰ ਇੰਟਰਲਾਕ ਟਾਈਲ ਲਾਉਣ ਲਈ 89.66 ਲੱਖ ਰੁਪਏ, ਸ਼ਹੀਦ ਬਲਵਿੰਦਰ ਨਗਰ ਗਲੀ ਨੰ: 8, 9 ਅਤੇ 10 ਵਿੱਚ ਇੰਟਰਲਾਕ ਟਾਈਲਾਂ ਲਾਉਣ ਲਈ 19.26 ਲੱਖ ਰੁਪਏ, ਗਰੀਨ ਐਵੀਨਿਊ ਗਲੀ ਨੰ: 4/7 ਲਈ 10.78 ਲੱਖ ਰੁਪਏ, ਸ਼ਾਹਬਾਜ਼ ਨਗਰ ਨੇੜੇ ਧੀਰ ਐਡਵੋਕੇਟ ਵਾਲੀ ਗਲੀ ਲਈ 17.49 ਲੱਖ ਰੁਪਏ, ਬਾਜ਼ੀਗਰ ਬਸਤੀ ਮੇਨ ਰੋਡ ਲਈ 37.43 ਲੱਖ ਰੁਪਏ, ਨਰਾਇਣ ਨਗਰ ਗਲੀ ਨੰ: 1 ਲਈ 27.99 ਲੱਖ ਰੁਪਏ, ਸਲਾਉਟ ਹਾਊਸ ਲਈ 3.60 ਲੱਖ ਰੁਪਏ ਦੀ ਰਕਮ ਦੇ ਟੈਂਡਰ ਲਾ ਦਿੱਤੇ ਗਏ ਹਨ।

# ਨਸ਼ਾ ਤਸਕਰਾਂ ਨੂੰ ਫੜਨ ਗਈ ਪੁਲਸ 'ਤੇ ਚੜ੍ਹਾਈ ਥਾਰ

## ਘਟਨਾ 'ਚ ਪੁਲਸ ਮੁਲਾਜ਼ਮ ਗੰਭੀਰ ਜ਼ਖ਼ਮੀ



ਘਟਨਾ ਵਿੱਚ ਜ਼ਖ਼ਮੀ ਹੋਇਆ ਪੁਲਸ ਮੁਲਾਜ਼ਮ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਨਸ਼ਾ ਤਸਕਰਾਂ ਨੂੰ ਕਾਬੂ ਕਰਨ ਗਈ ਸੀਆਈਏ ਸਟਾਫ਼ ਦੇ ਪੁਲਸ ਮੁਲਾਜ਼ਮਾਂ ਉੱਤੇ ਨਸ਼ਾ ਤਸਕਰਾਂ ਵੱਲੋਂ ਗੱਡੀ ਚੜ੍ਹਾ ਕੇ ਪੁਲਸ ਮੁਲਾਜ਼ਮ ਨੂੰ ਜ਼ਖ਼ਮੀ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖ਼ਮੀ ਪੁਲਿਸ ਮੁਲਾਜ਼ਮ ਨੂੰ ਇਲਾਜ ਲਈ ਤੁਰੰਤ ਪਟਿਆਲਾ ਵਿਖੇ ਭਰਤੀ ਕਰਾਇਆ ਗਿਆ ਹੈ। ਪੁਲਿਸ ਮੁਲਾਜ਼ਮਾਂ ਨੂੰ ਜ਼ਖ਼ਮੀ ਕਰਨ ਉਪਰੰਤ ਨਸ਼ਾ ਤਸਕਰ ਮੌਕੇ ਵਾਲੀ ਥਾਂ ਤੋਂ ਗੱਡੀ ਲੈ ਕੇ ਫਰਾਰ ਹੋ ਗਏ। ਘਟਨਾ ਦਾ ਪਤਾ ਲੱਗਦਿਆਂ ਹੀ ਪੁਲਿਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਨਸ਼ਾ ਤਸਕਰਾਂ ਵੱਲੋਂ ਵਰਤੀ ਗਈ ਥਾਰ ਗੱਡੀ ਦੀ ਪਛਾਣ ਕਰਨ ਵਿੱਚ ਸਫ਼ਲਤਾ ਹਾਸਲ ਕਰ ਲਈ ਹੈ ਅਤੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਸਰਗਰਮੀ ਨਾਲ ਭਾਲ ਸ਼ੁਰੂ ਕਰ ਦਿੱਤੀ ਹੈ।

ਘਟਨਾ ਵਿੱਚ ਜ਼ਖ਼ਮੀ ਹੋਏ ਪੁਲਸ ਮੁਲਾਜ਼ਮ ਹੁਸਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਮਿਲੀ ਸੂਚਨਾ ਦੇ ਆਧਾਰ 'ਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਸੀ। ਇਸ ਦੌਰਾਨ ਨਸ਼ਾ ਤਸਕਰਾਂ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਕ੍ਰਮਚਾਰੀਆਂ ਵੱਲੋਂ ਪਿੱਛਾ ਕਰਨ 'ਤੇ ਉਨ੍ਹਾਂ ਦੀ ਗੱਡੀ ਬਿਜਲੀ ਦੇ ਖੰਭੇ ਨਾਲ ਟਕਰਾ ਗਈ, ਜਿਸ ਮਗਰੋਂ ਉਨ੍ਹਾਂ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਦੌਰਾਨ ਥਾਰ ਗੱਡੀ ਉਸ ਉੱਤੇ ਚੜ੍ਹਾ ਦਿੱਤੀ। ਇਸ ਹਾਦਸੇ ਵਿੱਚ ਹੁਸਨਪ੍ਰੀਤ ਸਿੰਘ ਚੀਮਾ ਦੀ ਲੱਤ ਤੇ ਬਾਂਹ ਉੱਤੇ ਗੰਭੀਰ ਸੱਟ ਲੱਗੀ ਹੈ। ਸੀ ਆਈ ਏ ਸਟਾਫ ਸਮਾਣਾ ਦੇ ਇੰਚਾਰਜ ਵਿਜੇ ਕੁਮਾਰ ਨੇ ਦੱਸਿਆ ਕਿ ਪੁਲਿਸ ਦੀ ਟੀਮ ਵਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਕੀਤੀ ਗਈ ਛਾਪੇਮਾਰੀ ਦੌਰਾਨ ਵਾਪਰੀ ਘਟਨਾ ਵਿੱਚ ਵਰਤੀ ਗਈ ਥਾਰ ਗੱਡੀ ਦੀ ਪਛਾਣ ਕਰ ਲਈ ਗਈ ਅਤੇ ਜਲਦੀ ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

## ਕਾਤਰਾਂ

### ਟੱਚ ਸਕਾਈ ਦੀ ਵਿਦਿਆਰਥਣ ਨੇ ਹਾਸਲ ਕੀਤੇ 7.5 ਬੈਂਡ



**ਬਾਘਾਪੁਰਾਣਾ (ਮਨੀ ਸਿੰਗਲਾ)**-ਟੱਚ ਸਕਾਈ ਇੰਸਟੀਚਿਊਟ ਆਫ ਇੰਗਲਿਸ਼ ਤੇ ਇਮੀਗ੍ਰੇਸ਼ਨ ਸਰਵਿਸਜ ਦੀ ਹੁਸ਼ਿਆਰ ਵਿਦਿਆਰਥਣ ਪਰਵੀਰ ਕੌਰ ਸਪੁੱਤਰੀ ਨਿਰਮਲ ਸਿੰਘ ਬਰਾੜ ਵਾਸੀ ਰਾਜੇਆਣਾ ਨੇ ਓਵਰਆਲ 7.5 ਬੈਂਡ, ਜਿਸ ਵਿੱਚੋਂ ਰੀਡਿੰਗ 'ਚ 9.0, ਲਿਸਨਿੰਗ 7.5, ਰਾਈਟਿੰਗ 7.0 ਤੇ ਸਪੀਕਿੰਗ 6.5 ਹਾਸਲ ਕਰ ਆਪਣੇ ਪਰਿਵਾਰ ਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ। ਬੱਚੇ ਦੇ ਪਰਵਾਰ ਵਾਲਿਆਂ ਨੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਤੇ ਸੈਂਟਰ ਹੈੱਡ ਸ੍ਰੀ ਪੰਕਜ ਗੁਪਤਾ ਤੇ ਪੂਰੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਬੈਂਡ ਪ੍ਰਾਪਤ ਕਰਨ ਵਿੱਚ ਅਸਫ਼ਲ ਹੋ ਰਹੇ ਵਿਦਿਆਰਥੀਆਂ ਨੂੰ ਇਕ ਵਾਰ ਇੰਸਟੀਚਿਊਟ ਵਿਚ ਡੇਮੋ ਕਲਾਸ ਲੈਣ ਦੀ ਅਪੀਲ ਕੀਤੀ।

### ਸਿਮਰਨਜੀਤ ਮਾਨ ਵੱਲੋਂ ਹਲਕੇ ਲਈ ਲੱਖਾਂ ਦੀਆਂ ਗ੍ਰਾਂਟਾਂ ਜਾਰੀ : ਹਰਬੰਸ ਸਲੇਮਪੁਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਹਰਬੰਸ ਸਿੰਘ ਸਲੇਮਪੁਰ ਨੇ ਦੱਸਿਆ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਸਾਂਸਦ ਸਿਮਰਨਜੀਤ ਸਿੰਘ ਮਾਨ ਨੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਲੱਖਾਂ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਧੂਰੀ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਲਈ ਸ਼ੈਡਾਂ, ਜਿੰਮਾਂ ਤੇ ਵਾਟਰ ਕੂਲਰਾਂ ਅਤੇ ਉਸਾਰੀਆਂ ਲਈ ਗ੍ਰਾਂਟ ਜਾਰੀ ਕੀਤੀ ਗਈ, ਜਿਨ੍ਹਾਂ ਵਿੱਚ ਪਿੰਡ ਘਨੌਰੀ ਕਲਾਂ ਦੇ ਸ਼ੈਡ ਲਈ-125000, ਨੌਰ ਕਲਾਂ ਬੱਸ ਅੱਡੇ ਲਈ 150000 ਸੁਲਤਾਨਪੁਰ ਲਈ ਸ਼ੈਡ ਲਈ 125000, ਕਹੇਰੂ ਲਈ ਜਿੰਮ-230100, ਬਮਾਲ ਲਈ ਟੈਂਕਰ ਤੇ ਬੈਂਚ ਲਈ 357690, ਧੰਦੀਵਾਲ ਲਈ ਵਾਟਰ ਕੂਲਰ 85000, ਢਢੋਗਲ ਲਈ ਜਿੰਮ 248000, ਕਾਂਝਲੀ ਲਈ ਦੋ ਸਮਰਸੀਬਲ ਮੋਟਰਾਂ-140000, ਲੱਡਾ ਲਈ ਜਿੰਮ 186000, ਕਾਂਝਲਾ ਲਈ ਜਿੰਮ ਲਈ 186000, ਰਾਜਿੰਦਰਾਪੁਰੀ ਰੰਚਨਾਂ ਵਿਖੇ ਬੈਂਚਾਂ ਲਈ 166915, ਕਿਲਾ ਹਕੀਮਾਂ ਲਈ ਬੈਂਚਾਂ ਲਈ 71535, ਬਟੂਹਾ ਲਈ ਬੈਂਚਾਂ ਲਈ 71535, ਪੁੰਨਾਵਾਲ ਲਈ ਬੈਂਚਾਂ ਲਈ 71535, ਬੁਗਰਾ ਲਈ ਬੈਂਚ 47690, ਬਾਲੀਆਂ ਬੈਂਚਾਂ ਲਈ 47690, ਧੂਰੀ ਸਿਲਾਈ ਸੈਂਟਰ ਲਈ -150000 ਤਹਿਤ ਕੁੱਲ 2273690 ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮਾਨ ਵੱਲੋਂ ਧੂਰੀ ਹਲਕੇ ਲਈ 1681100 ਦੀ ਗ੍ਰਾਂਟ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਬਾਕੀ ਪਿੰਡਾਂ ਨੂੰ ਵੀ ਜਲਦੀ ਹੀ ਗ੍ਰਾਂਟਾਂ, ਪਾਣੀ ਵਾਲੇ ਟੈਂਕਰ, ਜਿੰਮ, ਬੈਂਚ ਅਤੇ ਖੇਡ ਕਿੱਟਾਂ ਦਿੱਤੀਆਂ ਜਾ ਰਹੀਆਂ ਹਨ।

### ਕਬੱਡੀ ਟੀਮ ਨੇ ਜਿੱਤਿਆ ਸੋਨ ਤਮ.ਗਾ



**ਭੀਖੀ (ਧਰਮਵੀਰ ਸ਼ਰਮਾ)**-ਵਿੱਦਿਆ ਭਾਰਤੀ ਦੀਆਂ ਸਟੇਟ ਪੱਧਰੀ ਕਬੱਡੀ ਖੇਡ ਮੁਕਾਬਲੇ ਸਰਵਹਿੱਤਕਾਰੀ ਵਿੱਦਿਆ ਮੰਦਰ ਮੂਲਾ ਸਿੰਘ ਵਾਲਾ ਰੋਡ ਵਿਖੇ ਹੋਏ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਸ੍ਰੀ ਤਾਰਾ ਚੰਦ ਸਰਵ ਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੀ ਕਬੱਡੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਟੇਟ ਪੱਧਰ 'ਤੇ ਸਕੂਲ ਅਤੇ ਮਾਨਸਾ ਵਿਭਾਗ ਦਾ ਨਾਂਅ ਚਮਕਾਇਆ। ਇਸ ਜਿੱਤ 'ਤੇ ਸਕੂਲ ਪ੍ਰਬੰਧ ਸਮਿਤੀ ਦੇ ਪ੍ਰਧਾਨ ਸਤੀਸ਼ ਕੁਮਾਰ, ਸੀਨੀਅਰ ਵਾਇਸ ਪ੍ਰਧਾਨ ਬ੍ਰਿਜ ਲਾਲ, ਮੈਂਬਰ ਮੱਖਣ ਲਾਲ, ਮਨੋਜ ਕੁਮਾਰ, ਅਸ਼ੋਕ ਜੈਨ, ਰਕੇਸ਼ ਕੁਮਾਰ ਤੇ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਕੋਚ ਭਰਪੂਰ ਸਿੰਘ ਨੂੰ ਵਧਾਈ ਦਿੱਤੀ।

### ਪਰਵੇਸ਼ ਕੁਮਾਰ ਨੂੰ ਬੈਸਟ ਟੀਚਰ ਐਵਾਰਡ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)**-ਜੈ. ਐਨ. ਇੰਟਰਨੈਸ਼ਨਲ ਸਕੂਲ ਦੇ ਅਧਿਆਪਕਾਂ ਨੂੰ ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਟ ਵੱਲੋਂ ਬਠਿੰਡਾ ਵਿਖੇ ਕੀਤਾ ਸਨਮਾਨਤ ਕੀਤਾ ਗਿਆ। ਇਸ ਸਮੇਂ ਸਕੂਲ ਦੇ ਚੇਅਰਮੈਨ ਸ੍ਰੀ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਸ੍ਰੀ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਸ਼੍ਰੀਮਤੀ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਸ਼੍ਰੀਮਤੀ ਅੰਜਲੀ ਚਾਨਣਾ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰਵਿੰਦਰ ਕੁਮਾਰ ਨੇ ਸ੍ਰੀ ਪਰਵੇਸ਼ ਕੁਮਾਰ ਨੂੰ ਇਸ ਸਨਮਾਨ ਲਈ ਮੁਬਾਰਕਾਂ ਦਿੱਤੀਆਂ।

### ਵਿਦਿਆਰਥਣਾਂ ਨੇ ਜ਼ੋਨ ਪੱਧਰੀ ਖੋ-ਖੋ ਮੁਕਾਬਲੇ 'ਚ ਮੱਲ ਮਾਰੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜ਼ੋਨ ਪੱਧਰੀ ਲੜਕੀਆਂ ਦੇ ਖੋ-ਖੋ ਦੇ ਮੁਕਾਬਲਿਆਂ ਵਿਚ ਗੁਰੂ ਹਰਿਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ-ਦੱਧਾਹੂਰ ਦੀਆਂ ਖਿਡਾਰਨਾਂ ਨੇ ਆਪਣੀ ਜਿੱਤ ਦਾ ਲੋਹਾ ਮੰਨਵਾਇਆ ਹੈ। ਇਸ ਮੌਕੇ ਸਕੂਲ ਦੀਆਂ ਖੋ-ਖੋ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ 19 (ਲੜਕੀਆਂ) ਨੇ ਪਹਿਲਾਂ ਸਥਾਨ ਤੇ ਅੰਡਰ-17 (ਲੜਕੀਆਂ) ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਦੀਆਂ ਵਿਦਿਆਰਥਣਾਂ ਜੈਸਮੀਨ ਕੌਰ ਕੁਤਬਾ, ਰਾਜਵੀਰ ਕੌਰ ਮਾਨ ਗੰਗੋਹਰ ਦੀ ਜ਼ਿਲ੍ਹਾ ਪੱਧਰ ਲਈ ਚੋਣ ਹੋਈ। ਖਿਡਾਰੀਆਂ ਦੇ ਉੱਜਲ ਭਵਿੱਖ ਦੀ ਕਾਮਨਾ ਕਰਦੇ ਹੋਏ 'ਤੇ ਉਨ੍ਹਾਂ ਦੇ ਵਧੀਆ ਪ੍ਰਦਰਸ਼ਨ 'ਤੇ ਸੰਸਥਾ ਦੇ ਡਾਇਰੈਕਟਰ ਮਨਜੀਤ ਸਿੰਘ ਤੂਰ, ਪ੍ਰਿੰਸੀਪਲ ਮੈਡਮ ਪ੍ਰਿਤਪਾਲ ਕੌਰ ਤੇ ਸਮੂਹ ਸਟਾਫ ਨੇ ਜੇਤੂ ਖਿਡਾਰੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੱਦੇ 'ਤੇ ਸਰਕਾਰ ਦੀਆਂ ਅਰਥੀਆਂ ਫੂਕਣ ਦਾ ਐਲਾਨ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿੱਚ ਮੁਲਾਜ਼ਮਾਂ ਅਤੇ ਲੋਕਾਂ ਦੇ ਪੁਰਅਮਨ ਸੰਘਰਸ਼ਾਂ ਨੂੰ ਦਬਾਉਣ ਲਈ ਐਸਮਾ ਵਰਗਾ ਸਖਤ ਕਾਨੂੰਨ ਲਾਗੂ ਕਰਨ ਦੇ ਐਲਾਨ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਸਲੀ ਚਿਹਰਾ ਜਲਦੀ ਹੀ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਹੋ ਗਿਆ ਹੈ।

ਜਸਕਰਨ ਸਿੰਘ ਗਹਿਰੀ ਬੁੱਟਰ ਸੂਬਾ ਪ੍ਰਧਾਨ ਨਹਿਰੀ ਪਟਵਾਰ ਯੂਨੀਅਨ ਪੰਜਾਬ ਤੇ ਸੂਬਾ ਮੀਤ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ 1680, 22 ਬੀ ਚੰਡੀਗੜ੍ਹ, ਚਰਨਪ੍ਰੀਤ ਸਿੰਘ ਖਾਲਸਾ ਸੂਬਾ ਚੇਅਰਮੈਨ ਤੇ ਕਿਰਪਾਲ ਸਿੰਘ ਪੰਨੂ ਸੂਬਾ ਸੀਨੀਅਰ ਮੀਤ ਪ੍ਰਧਾਨ ਨੇ ਭਗਵੰਤ ਮਾਨ ਸਰਕਾਰ ਦੇ ਹਿਟਲਰਸ਼ਾਹੀ ਫੁਰਮਾਨ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਅਰੇ ਨਾਲ ਰਾਜਭਾਗ 'ਤੇ ਬਿਰਾਜਮਾਨ ਹੋਈ ਪੰਜਾਬ ਸਰਕਾਰ ਅਪਣੇ 18 ਮਹੀਨਿਆਂ ਦੇ ਕਾਰਜਕਾਲ ਕਾਲ ਦੌਰਾਨ ਹੀ ਮੁਲਾਜ਼ਮਾਂ ਅਤੇ ਆਮ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੋਂ ਬੁਰੀ ਤਰ੍ਹਾਂ ਫੇਲ ਹੋਈ ਹੈ। ਉਨ੍ਹਾਂ ਕਿਹਾ ਕਿ ਰੈਵਨੀਊ ਪਟਵਾਰ ਯੂਨੀਅਨ ਤੇ ਡੀ ਸੀ ਦਫ਼ਤਰ ਕਲੈਰੀਕਲ ਮੁਲਾਜ਼ਮ ਯੂਨੀਅਨ ਵੱਲੋਂ ਅਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਬਕਾਇਦਾ 15 ਦਿਨਾਂ ਦਾ ਨੋਟਿਸ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੂੰ ਗੱਲਬਾਤ ਰਾਹੀਂ ਮੰਗਾਂ ਦਾ ਨਿਪਟਾਰਾ ਕਰਕੇ ਮਾਹੌਲ ਠੀਕ ਕਰਨਾ ਚਾਹੀਦਾ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨਾਲ ਸਬੰਧਤ ਅਤੇ ਸਹਿਯੋਗੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਆਨਲਾਈਨ ਮੀਟਿੰਗ ਕਰਕੇ ਡੀ ਸੀ ਦਫ਼ਤਰ ਦੇ ਕਲੈਰੀਕਲ ਮੁਲਾਜ਼ਮਾਂ ਅਤੇ ਰੈਵਨੀਊ ਪਟਵਾਰੀ, ਕਾਨੂੰਗੋਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਨ ਹਮਾਇਤ ਕਰਦਿਆਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੇ ਹਿਟਲਰਸ਼ਾਹੀ ਫੈਸਲੇ ਵਿਰੁੱਧ 5 ਸਤੰਬਰ ਨੂੰ ਰਾਜ ਭਰ ਵਿੱਚ ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਦੀਆਂ ਅਰਥੀਆਂ ਫੂਕੀਆਂ ਜਾਣਗੀਆਂ ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ।

# ਗਾਜੇਵਾਸ ਪੁਲਸ ਨੇ 450 ਨਸ਼ੀਲੀਆਂ ਗੋਲੀਆਂ ਫੜੀਆਂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ.ਜੀ.ਪੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਪੁਲਸ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਵੱਡੀ ਮੁਹਿੰਮ ਤਹਿਤ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੀ ਐਸ ਪੀ ਨੇਹਾ ਅਗਰਵਾਲ ਅਤੇ ਥਾਣਾ ਸਦਰ ਐਸ ਐਚ ਓ ਰੋਨੀ ਸਿੰਘ ਦੀ ਅਗਵਾਈ ਹੇਠ ਪੁਲਿਸ ਚੌਂਕੀ ਗਾਜੇਵਾਸ ਦੇ ਇੰਚਾਰਜ ਥਾਣੇਦਾਰ ਹਰਬੰਸ ਸਿੰਘ ਦੀ ਪੁਲਸ ਪਾਰਟੀ ਨੇ ਪਿੰਡ ਅਚਰਾਲ ਕਲਾਂ ਦੇ ਯਾਦਗਾਰੀ ਗੇਟ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸੇ ਦੌਰਾਨ ਇੱਕ ਸ਼ੱਕੀ ਵਿਅਕਤੀ ਨਜ਼ਰ ਆਇਆ, ਜਿਸ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਪਾਸੋਂ ਸਾਢੇ ਚਾਰ ਸੌ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

ਪੁਲਸ ਟੀਮ ਨੇ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਦਾ ਨਾਂਅ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਜਸਵਿੰਦਰ ਸਿੰਘ ਪੁੱਤਰ ਲੇਟ ਪਿਆਰਾ ਪਿੰਡ ਅਚਰਾਲ ਖੁਰਦ ਦੱਸਿਆ ਕੀਤਾ। ਪੁਲਿਸ ਨੇ ਫੜੇ ਗਏ ਵਿਅਕਤੀ ਖਿਲਾਫ ਐਫ਼.ਆਈ.ਆਰ 165 ਮਿਤੀ 3 ਸਤੰਬਰ ਨੂੰ ਧਾਰਾ 22/61/85 ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੇਨ ਰੋਡ 'ਤੇ ਲੱਗੀਆਂ ਰੇਹੜੀਆਂ ਪਾਉਂਦੀਆਂ ਟ੍ਰੈਫ਼ਿਕ 'ਚ ਵਿਘਨ

## ਟ੍ਰੈਫ਼ਿਕ ਪੁਲਸ ਚਲਾਨ ਕੱਟਣ 'ਚ ਰੁੱਝੀ



**ਭੀਖੀ (ਧਰਮਵੀਰ ਸ਼ਰਮਾ)**-ਭਾਵੇਂ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਕੰਟਰੋਲ ਕਰਨ ਲਈ ਟ੍ਰੈਫਿਕ ਕਰਮਚਾਰੀ ਨਿਯੁਕਤ ਕੀਤੇ ਗਏ ਹਨ, ਪਰ ਉਕਤ ਕ੍ਰਮਚਾਰੀ ਟ੍ਰੈਫਿਕ ਕੰਟਰੋਲ ਕਰਨ ਦੀ ਬਜਾਏ ਕੇਵਲ ਚਲਾਨ ਕੱਟਣ ਨੂੰ ਹੀ ਤਰਜੀਹ ਦਿੰਦੇ ਹਨ, ਜਦੋਂ ਕਿ ਮੇਨ ਰੋਡ 'ਤੇ ਲੱਗੀਆਂ ਰੇਹੜੀਆਂ ਟ੍ਰੈਫਿਕ ਵਿੱਚ ਵੱਡੇ ਤੌਰ ਤੇ ਵਿਘਨ ਪਾਉਂਦੀਆਂ ਹਨ, ਜਿਸ ਉੱਪਰ ਕਿਸੇ ਵੀ ਅਧਿਕਾਰੀ ਦੀ ਹਾਲੇ ਤੱਕ ਨਜ਼ਰ ਨਹੀਂ ਗਈ। ਪਿਛਲੇ ਸਮੇਂ ਦੌਰਾਨ ਨਗਰ ਪੰਚਾਇਤ ਅਧਿਕਾਰੀਆਂ ਅਤੇ ਇਸ ਮੇਨ ਸੜਕ 'ਤੇ ਰੇਹੜੀਆਂ ਨਾ ਖੜਨ ਸਬੰਧੀ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੜਕ ਤੋਂ 15 ਫੁੱਟ ਛੱਡ ਕੇ ਰੇਹੜੀਆਂ ਲਾਉਣ ਸਬੰਧੀ ਕਿਹਾ ਗਿਆ ਸੀ, ਪ੍ਰੰਤੂ ਕੁੱਝ ਦੇਰ ਤਾਂ ਇਹ ਰੇਹੜੀਆਂ 15 ਫੁੱਟ ਛੱਡ ਕੇ ਲੱਗੀਆਂ, ਪਰ ਹੁਣ ਇਹ ਰੇਹੜੀਆਂ ਬਿਲਕੁਲ ਸੜਕ ਦੇ ਉੱਪਰ ਰੇਹੜੀ ਮਾਲਕ ਲਾਉਣ ਲੱਗ ਪਏ ਹਨ। ਉਸ ਤੋਂ ਅੱਗੇ ਸੜਕ 'ਤੇ ਵਹੀਕਲ ਖੜ ਜਾਣ ਕਾਰਨ ਇਸ ਸਟੇਟ ਹਾਈਵੇ 'ਤੇ ਟ੍ਰੈਫਿਕ ਵਿੱਚ ਭਾਰੀ ਅੜਚਨ ਪੈ ਜਾਂਦੀ ਹੈ, ਜਿਸ ਕਾਰਨ ਇੱਥੇ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਸ ਰੋਡ 'ਤੇ ਲੱਗੀਆ ਰੇਹੜੀਆਂ ਜਿੱਥੇ ਪਿੱਛੇ ਦੁਕਾਨਾਂ ਵਾਲਿਆਂ ਲਈ ਵੀ ਪ੍ਰੇਸ਼ਾਨੀ ਦਾ ਸਬੱਬ ਬਣੀਆਂ ਹੋਈਆਂ ਹਨ। ਇਨ੍ਹਾਂ ਦੁਕਾਨਾਂ ਅੱਗੇ ਰੇਹੜੀਆਂ ਦੇ ਨਾਲ-ਨਾਲ ਸਬਜ਼ੀ ਅਤੇ ਹੋਰ ਸਮਾਨ ਵੇਚਣ ਵਾਲੀਆਂ ਟਰਾਲੀਆਂ ਖੜਨ ਨਾਲ ਦੁਕਾਨਦਾਰਾਂ ਨਾਲ ਤੂੰ-ਤੂੰ, ਮੈਂ-ਮੈਂ ਵੀ ਦੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਦੀਆਂ ਰੇਹੜੀਆਂ ਵੱਲ ਟ੍ਰੈਫਿਕ ਪੁਲਸ ਦਾ ਕੋਈ ਧਿਆਨ ਨਹੀਂ ਹੈ, ਸਗੋਂ ਇਸੇ ਸੜਕ 'ਤੇ ਬਸ ਸਟੈਂਡ ਕੋਲ ਖੜ ਕੇ ਚਲਾਨ ਕੱਟਣ ਨੂੰ ਇਹ ਆਪਣੀ ਸ਼ਾਨ ਸਮਝਦੇ ਹਨ। ਐਸਐਚਓ ਭੀਖੀ ਈਸ਼ਾਨ ਸਿੰਗਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਬੰਧੀ ਨਗਰ ਪੰਚਾਇਤ ਦੀ ਕੋਈ ਇਤਲਾਹ ਨਹੀਂ ਹੈ, ਜੇ ਨਗਰ ਪੰਚਾਇਤ ਸਬੰਧੀ ਕੋਈ ਕਾਰਵਾਈ ਕਰੇਗੀ ਤਾਂ ਉਹ ਪੁਲਸ ਦਾ ਪੂਰਾ ਸਹਿਯੋਗ ਦੇਣਗੇ।

# ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਜ਼ੋਨਲ ਪੱਧਰ ਦੀਆਂ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਮਲੋਟ (ਗੁਰਮੀਤ ਸਿੰਘ ਮੱਕੜ)**-ਡੀ.ਏ.ਵੀ ਪਬਲਿਕ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਵੀ ਅਹਿਮ ਯੋਗਦਾਨ ਪਾ ਰਿਹਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਰਵਾਏ ਗਏ ਜ਼ੋਨਲ ਖੇਡ ਮੁਕਾਬਲਿਆਂ ਵਿਚ ਸਕੂਲ ਦੇ ਚੌਦਾਂ ਸਾਲ ਤੇ ਸਤਾਰਾਂ ਸਾਲ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ ਨੇ ਹੈਂਡਬਾਲ ਵਿਚ ਪਹਿਲਾ ਸਥਾਨ, ਸਤਾਰਾਂ ਸਾਲ ਦੀ ਉਮਰ ਦੀਆਂ ਲੜਕੀਆਂ ਨੇ ਬੈਡਮਿੰਟਨ ਵਿੱਚ ਪਹਿਲਾ, 19 ਸਾਲ ਉਮਰ ਵਰਗ ਦੇ ਲੜਕਿਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਬਾਸਕਟਬਾਲ ਵਿੱਚ ਪਹਿਲਾ ਸਥਾਨ, ਕ੍ਰਿਕਟ ਉਮਰ ਚੌਦਾਂ ਅਤੇ ਸਤਾਰਾਂ ਸਾਲ ਲੜਕਿਆਂ ਨੇ ਪਹਿਲਾ ਸਥਾਨ, ਸ਼ਤਰੰਜ ਉਮਰ 19 ਸਾਲ ਲੜਕਿਆਂ ਨੇ ਪਹਿਲਾ ਸਥਾਨ, ਬਾਕਸਿੰਗ ਉਮਰ ਸਤਾਰਾਂ ਸਾਲ ਵਿਚ ਜਸ਼ਨਦੀਪ ਸਿੰਘ (ਸਟੇਟ ਗੋਲਡ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਅੰਗ ਹਨ। ਖੇਡਾਂ ਸਾਨੂੰ ਸਿਹਤਮੰਦ ਬਣਾਉਂਦੀਆਂ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਨੇ ਸਾਰਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਨੇ ਅਧਿਆਪਕਾਂ ਦੀ ਦੇਖ-ਰੇਖ ਹੇਠ ਆਪਣੀ ਮਿਹਨਤ ਦੇ ਬਲਬੂਤੇ ਇਹ ਸਫ਼ਲਤਾ ਹਾਸਿਲ ਕੀਤੀ ਹੈ, ਇਸ ਲਈ ਹਰ ਕੋਈ ਵਧਾਈ ਦਾ ਹੱਕਦਾਰ ਹੈ।

# ਏਆਈਜੀ ਬਲਵਿੰਦਰ ਸ਼ਰਮਾ ਨੂੰ ਸਦਮਾ, ਭਰਾ ਦਾ ਦਿਹਾਂਤ



**ਭੀਖੀ (ਧਰਮਵੀਰ ਸ਼ਰਮਾ)**-ਪਟਿਆਲਾ ਵਿਖੇ ਤਾਇਨਾਤ ਏਆਈਜੀ ਪੰਜਾਬ ਪੁਲਸ ਬਲਵਿੰਦਰ ਸ਼ਰਮਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਛੋਟੇ ਭਾਈ ਰਜਿੰਦਰ ਸਿੰਘ ਬੰਟੂ ਦਾ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਨਾਲ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨਾਲ ਦੁੱਖ ਪ੍ਰਗਟ ਕਰਦਿਆ ਵਿਧਾਇਕ ਬੁਢਲਾਡਾ ਪ੍ਰਿੰ. ਬੁੱਧ ਰਾਮ, ਵਿਧਾਇਕ ਮਾਨਸਾ ਡਾ. ਵਿਜੇ ਸਿੰਗਲਾ, ਥਾਣਾ ਭੀਖੀ ਦੇ ਮੁਖੀ ਈਸ਼ਾਨ ਸਿੰਗਲਾ ਪੀਪੀਐਸ, ਰਾਮ ਨਾਟਕ ਕਲੱਬ ਦੇ ਰਾਮ ਕੁਮਾਰ ਸ਼ਰਮਾ, ਧਰਮਵੀਰ ਮਿੰਟਾ, ਡਾ. ਰਜਿੰਦਰ ਮਿੱਤਲ, ਅੰਮ੍ਰਿਤਪਾਲ ਸਿੰਘ ਕੁੱਕੜ, ਸ਼੍ਰੀ ਹਨੂਮਾਨ ਮੰਦਰ ਕਮੇਟੀ ਦੇ ਹਰਬੰਸ ਬਾਂਸਲ, ਰਜਿੰਦਰ ਬਾਂਸਲ ਮਿੱਠੂ, ਸ਼੍ਰੀ ਦੁਰਗਾ ਮੰਦਰ ਕਮੇਟੀ ਰਾਮ ਬਾਗ ਰੋਡ ਦੇ ਵਿਕਾਸ ਸ਼ਰਮਾ ਵਿੱਕੀ, ਹਰਬੰਸ ਦਾਸ ਬਾਵਾ, ਹਰਪ੍ਰੀਤ ਸਿੰਘ ਚਹਿਲ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਵਿਨੋਦ ਸਿੰਗਲਾ, ਸ਼੍ਰੀ ਸ਼ਨੀ ਦੇਵ ਮੰਦਰ ਕਮੇਟੀ ਦੇ ਪੰਮੀ ਅਸਪਾਲ, ਸ਼ਿਵ ਕੁਮਾਰ ਬਬਲੂ ਨੇ ਬਲਵਿੰਦਰ ਸ਼ਰਮਾ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਹੈ। ਇਸ ਮੌਕੇ 'ਆਪ' ਦੇ ਟਰਾਂਸਪੋਰਟ ਵਿੰਗ ਦੇ ਰਮੇਸ਼ ਸਿੰਘ ਖਿਆਲਾ, ਸੀਨੀਅਰ ਪੱਤਰਕਾਰ ਬਲਵਿੰਦਰ ਸਿੰਘ ਧਾਲੀਵਾਲ, ਪ੍ਰੈਸ ਕੱਲਬ ਭੀਖੀ ਦੇ ਪ੍ਰਧਾਨ ਵੇਦ ਤਾਇਲ ਵੀ ਹਾਜ਼ਰ ਸਨ। ਰਜਿੰਦਰ ਸਿੰਘ ਬੰਟੂ ਨਮਿਤ ਰੱਖੇ ਗਏ ਸ਼੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 8 ਸਤੰਬਰ ਨੂੰ ਦੁਪਿਹਰ 12 ਤੋਂ 1 ਵਜੇ ਤੱਕ ਸ਼ਿਵ ਮੰਦਰ ਵਿਖੇ ਪਾਇਆ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਨਗਰ ਕੌਂਸਲ ਚੋਣਾਂ ਲਈ ਵਰਕਰਾਂ ਨਾਲ ਮੀਟਿੰਗ



**ਬਾਘਾਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੀਰਥ ਸਿੰਘ ਮਾਹਲਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਸਰਕਲ ਪ੍ਰਧਾਨ ਬਲਤੇਜ ਸਿੰਘ ਲੰਗੇਆਣਾ, ਅਮਰਜੀਤ ਸਿੰਘ ਮਾਣੂੰਕੇ ਸਾਬਕਾ ਚੇਅਰਮੈਨ, ਜਗਮੋਹਨ ਸਿੰਘ ਜੈ ਸਿੰਘ ਵਾਲਾ, ਸੁਖਜੀਤ ਸਿੰਘ ਮਾਹਲਾ ਵੱਲੋਂ ਵਿੱਕੀ ਫੂਲੇਵਾਲੀਆ ਦੇ ਗ੍ਰਹਿ ਵਿਖੇ ਅਕਾਲੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਕਰਨ ਉਪਰੰਤ ਚਾਰ ਉਮੀਦਵਾਰ ਦਾ ਐਲਾਨ ਕੀਤਾ ਗਿਆ, ਜਿਨ੍ਹਾਂ ਵਿੱਚ ਪਵਨ ਢੰਡ ਵਾਰਡ ਨੰ 12, ਚਰਨਪ੍ਰੀਤ ਸਿੰਘ ਵਾਰਡ ਨੰ 4, ਕਮਲਜੀਤ ਕੌਰ ਵਾਰਡ ਨੰ 11, ਸਤਨਾਮ ਸਿੰਘ ਬਰਾੜ ਵਾਰਡ 10 ਨੰ ਦਾ ਐਲਾਨ ਕਰ ਦਿੱਤਾ ਗਿਆ ਅਤੇ 11 ਉਮੀਦਵਾਰਾਂ ਦਾ ਵੀ ਜਲਦੀ ਐਲਾਨ ਕਰ ਦਿੱਤਾ ਜਾਵੇਗਾ। ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਪੌਣੇ ਦੋ ਸਾਲ ਹੋ ਚੁੱਕੇ ਹਨ ਆਪ ਸਰਕਾਰ ਬਣੀ ਨੂੰ, ਪਰ ਸ਼ਹਿਰ ਵਿੱਚ ਇੱਕ ਵਿਕਾਸ ਨਹੀਂ ਹੋਇਆ, ਜੋ ਵੀ ਵਿਕਾਸ ਹੋਇਆ ਹੈ ਉਹ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹੀ ਹੋਇਆ ਹੈ। 'ਆਪ' ਸਰਕਾਰ ਨੇ ਚੋਣਾਂ ਤੋਂ ਪਹਿਲਾਂ ਵਾਅਦੇ ਕੀਤੇ ਸੀ ਕਿ ਔਰਤਾਂ ਦੇ ਖਾਤੇ ਵਿੱਚ 1000 ਰੁਪਏ ਪਾਇਆ ਜਾਵੇਗਾ, ਪਰ ਪੌਣੇ ਦੋ ਸਾਲ ਬੀਤ ਗਏ ਇਕ ਵੀ ਪੈਸਾ ਖਾਤੇ ਵਿੱਚ ਨਹੀਂ ਆਇਆ, ਸਗੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਗੁੰਮਰਾਹ ਕੀਤਾ ਗਿਆ ਹੈ।

# ਹੜ੍ਹ ਪ੍ਰਭਾਵਤ ਲੋਕਾਂ ਵੱਲੋਂ ਦੱਸੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਦਿੱਤਾ ਭਰੋਸਾ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਸਰਹੱਦੀ ਪਿੰਡਾਂ ਵਿੱਚ ਵਹਿਣ ਵਾਲੇ ਸਤਲੁਜ ਦਰਿਆ ਦੇ ਕਾਂਵਾਂਵਾਲੀ ਪੱਤਣ ਵਜੋਂ ਜਾਣੇ ਜਾਂਦੇ ਪੁਲ 'ਤੇ ਪੁੱਜੇ। ਇਸ ਦੌਰਾਨ ਉਨ੍ਹਾਂ ਇੱਥੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਦਾ ਭਰੋਸਾ ਵੀ ਦਿੱਤਾ। ਉਨ੍ਹਾਂ ਦੇ ਭਰੋਸੇ ਦੇ ਬਾਵਜੂਦ ਇੱਥੋਂ ਦੇ ਲੋਕ ਦੁਖੀ ਨਜ਼ਰ ਆਏ, ਕਿਉਂਕਿ ਪਿਛਲੀਆਂ ਸਰਕਾਰਾਂ ਵਾਂਗ ਉਨ੍ਹਾਂ ਨੂੰ ਮੌਜੂਦਾ 'ਆਪ' ਸਰਕਾਰ 'ਤੇ ਵੀ ਕੋਈ ਭਰੋਸਾ ਨਹੀਂ ਰਿਹਾ।

ਕਰੀਬ ਦੋ ਮਹੀਨਿਆਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਇੱਥੋਂ ਦੇ ਲੋਕਾਂ ਨੂੰ ਅਜੇ ਤੱਕ ਸਰਕਾਰ ਵੱਲੋਂ ਕੋਈ ਰਾਹਤ ਨਹੀਂ ਮਿਲੀ ਹੈ। ਉਨ੍ਹਾਂ ਨੂੰ ਨਾ ਤਾਂ ਉਨ੍ਹਾਂ ਦੀਆਂ ਫ਼ਸਲਾਂ ਦਾ ਕੋਈ ਮੁਆਵਜ਼ਾ ਮਿਲਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਘਰਾਂ ਦੇ ਨੁਕਸਾਨ ਦਾ। ਹਾਲਾਂਕਿ ਪ੍ਰਸਾਸਨ ਅਤੇ 'ਆਪ' ਵਿਧਾਇਕ ਦੇ ਦਾਅਵਿਆਂ ਅਨੁਸਾਰ ਇੱਥੋਂ ਦੇ ਹਰ ਕਿਸਾਨ ਦੇ ਖਾਤਿਆਂ ਵਿੱਚ ਕਰੀਬ 6800 ਰੁਪਏ ਦੀ ਰਾਸ਼ੀ ਪਾਈ ਜਾ ਰਹੀ ਹੈ। ਪਰ ਇਹ ਮਦਦ ਅਜੇ ਤੱਕ ਕੁਝ ਕੁ ਨੂੰ ਛੱਡ ਕੇ ਬਹੁਤ ਸਾਰੇ ਕਿਸਾਨਾਂ ਤੱਕ ਨਹੀਂ ਪਹੁੰਚੀ ਹੈ। ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨ ਸਤਨਾਮ ਸਿੰਘ, ਬਚਨ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ 'ਆਪ' ਸਰਕਾਰ ਵੀ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਹੜ੍ਹਾਂ ਨੇ ਪੂਰੇ ਪੰਜਾਬ ਵਿੱਚ ਤਬਾਹੀ ਮਚਾਈ ਹੈ ਪਰ ਉਨ੍ਹਾਂ ਦਾ ਪਿੰਡ ਪੰਜਾਬ ਦੀ ਆਖਰੀ ਸਰਹੱਦ 'ਤੇ ਹੋਣ ਕਾਰਨ ਇੱਥੇ ਹੜ੍ਹਾਂ ਨੇ ਹੋਰਨਾਂ ਇਲਾਕਿਆਂ ਨਾਲੋਂ ਵੱਧ ਤਬਾਹੀ ਹੋਈ ਹੈ।

ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਦੀਆਂ ਕੱਚੀਆਂ ਜ਼ਮੀਨਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ ਅਤੇ ਇੱਥੋਂ ਦੀਆਂ ਕੱਚੀਆਂ ਪੱਕੀਆਂ ਜ਼ਮੀਨਾਂ 'ਤੇ ਫਸਲਾਂ ਅਤੇ ਮਕਾਨਾਂ ਦੇ ਹੋਏ ਨੁਕਸਾਨ ਦਾ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਸਰਕਾਰ ਤੋਂ ਇਹ ਵੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਕੁਝ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਨੇ ਪੰਜਾਬ ਵਿੱਚ ਸਭ ਤੋਂ ਵੱਧ ਨੁਕਸਾਨ ਝੱਲਿਆ ਹੈ। ਕੈਬਨਿਟ ਮੰਤਰੀ ਖੁੱਡੀਆਂ ਨੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਉਨ੍ਹਾਂ ਦੀਆਂ ਮੰਗਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੱਕ ਪੁਚਾਉਣਗੇ ਅਤੇ ਜਲਦ ਹੀ ਇਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨਗੇ।

# ਖ਼ੂਨਦਾਨ ਕਰਕੇ ਬਚਾਈ ਜਾ ਸਕਦੀ ਹੈ ਲੋੜਵੰਦਾਂ ਦੀ ਜਾਨ : ਅਰੋੜਾ



**ਮੋਗਾ (ਅਮਰਜੀਤ ਬੱਬਰੀ)**

ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨਾ ਚਾਹੀਦਾ ਹੈ, ਤਾਂ ਜੁ ਅਸੀਂ ਕਿਸੇ ਵੀ ਲੋੜਵੰਦ ਦੀ ਜਾਨ ਬਚਾਉਣ ਵਿੱਚ ਸਹਾਈ ਹੋ ਸਕੀਏ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਲਾਇਨਜ਼ ਕਲੱਬ ਗੋਲਡ ਵੱਲੋਂ ਆਈਐੱਮਏ ਹਾਲ ਸ਼ਹੀਦੀ ਪਾਰਕ ਵਿਖੇ ਲਗਾਏ ਗਏ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਪਹੁੰਚੇ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਤੇ ਜ਼ਿਲ੍ਹਾ ਪੁਲਸ ਮੁਖੀ ਜੇ.ਇਲਨਚੇਲੀਅਨ ਨੇ ਕੀਤਾ। ਕੈਂਪ ਵਿੱਚ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਐੱਸਐੱਸਪੀ ਜੇ. ਇਲਨਚੇਲੀਅਨ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਕੌਂਸਲਰ ਗੌਰਵ ਗੁਪਤਾ ਗੁੱਡੂ, ਲਾਇਨਜ਼ ਕਲੱਬ ਮੋਗਾ ਗੋਲਡ ਦੇ ਪ੍ਰਧਾਨ ਅਸ਼ਵਨੀ ਕੁਮਾਰ ਪਿੰਟੂ, ਸਕੱਤਰ ਸੰਨੀ. ਮਨਚੰਦਾ, ਕੈਸ਼ੀਅਰ ਰਮਨ ਗਾਂਧੀ, ਪ੍ਰੋਜੈਕਟ ਇੰਚਾਰਜ ਪਰਮਿੰਦਰ ਸੈਂਭੀ, ਸੰਜੀਵ ਨਰੂਲਾ, ਸੁਭਾਸ਼ ਅਰੋੜਾ, ਜਗਜੀਤ ਟੱਕਰ, ਪ੍ਰਕਾਸ਼ ਰਾਜਪੂਤ, ਕਮਲ ਬਹਿਲ, ਗਗਨਦੀਪ ਗਾਬਾ, ਨਵੀਨ ਅਰੋੜਾ, ਸੁਭਾਸ਼ ਅਰੋੜਾ, ਜੱਸਾ ਸਿੰਘ, ਕਰਨ ਕੰਬੋਜ, ਰਾਕੇਸ਼ ਵਰਮਾ, ਵਿਸ਼ਾਲ ਸਚਦੇਵਾ, ਸਾਹਿਲ ਅਰੋੜਾ, ਡਾ. ਮਨੀ ਸਚਦੇਵਾ, ਜਸਵੀਰ ਸਿੰਘ ਕੰਡਾ, ਸੰਦੀਪ ਪਲਟਾ, ਐੱਸਕੇ ਬਾਂਸਲ ਐੱਨਜੀਓ, ਰਾਜੀਵ ਆਹੂਜਾ, ਰਾਜੀਵ ਗੁਲਾਟੀ, ਜਤਿੰਦਰ ਬਹਿਲ, ਹਨੀ ਮੰਗਾ, ਸੁਖਬੀਰ ਸੰਧੂ, ਅਭਿਸ਼ੇਕ ਗਾਂਧੀ, ਨਰੇਸ਼ ਚਾਵਲਾ, ਕੌਂਸਲਰ ਮਤਵਾਲ ਸਿੰਘ ਆਦਿ ਅਹੁਦੇਦਾਰਾਂ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ।

ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨਾ ਚਾਹੀਦਾ ਹੈ, ਜਿਸ ਨਾਲ ਅਸੀਂ ਕਿਸੇ ਲੋੜਵੰਦ ਦੀ ਜਾਨ ਬਚਾਉਣ ਵਿਚ ਮਦਦਗਾਰ ਹੁੰਦੇ ਹਾਂ। ਉਨ੍ਹਾਂ ਲਾਇਨਜ਼ ਕਲੱਬ ਮੋਗਾ ਗੋਲਡ ਵੱਲੋਂ ਆਈਐੱਮਏ ਹਾਲ ਸ਼ਹੀਦੀ ਪਾਰਕ ਵਿਖੇ ਲਾਏ ਗਏ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ। ਕੈਂਪ ਦੌਰਾਨ 201 ਯੂਨਿਟ ਖ਼ੂਨਦਾਨ ਕਰਨ ਵਾਲੇ ਖ਼ੂਨਦਾਨੀਆਂ ਨੂੰ ਕਲੱਬ ਵੱਲੋਂ ਬੈਚ, ਸਰਟੀਫਿਕੇਟ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਲੱਬ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਕੈਂਪ ਦੀ ਸਮਾਪਤੀ 'ਤੇ ਪ੍ਰਧਾਨ ਅਸ਼ਵਨੀ ਕੁਮਾਰ ਪਿੰਟੂ, ਸੰਜੀਵ ਨਰੂਲਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਹੋਏ ਜ਼ਬਰਦਸਤ ਮੁਕਾਬਲੇ

## ਖੇਡਾਂ ਨਸ਼ੇ ਛੱਡ ਤੰਦਰੁਸਤ ਰਹਿਣ ਦੀ ਦਿੰਦੀਆਂ ਹਨ ਪ੍ਰੇਰਨਾ : ਜਗਰੂਪ ਗਿੱਲ



**ਸੰਗਤ ਮੰਡੀ (ਰਾਜਦੀਪ ਜੋਸ਼ੀ)**

ਪੰਜਾਬ ਸਰਕਾਰ ਵੱਲੋਂ ਕਰਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਤਹਿਤ ਖੇਡ ਵਿਭਾਗ ਦੁਆਰਾ ਜ਼ਿਲ੍ਹਾ ਪ੍ਰਸ਼ਾਸਨ ਦੀ ਵਿਸ਼ੇਸ਼ ਅਗਵਾਈ ਵਿਚ ਸਿੱਖਿਆ ਵਿਭਾਗ ਦੇ ਵਿਸ਼ੇਸ਼ ਸਹਿਯੋਗ ਦੁਆਰਾ ਜ਼ਿਲ੍ਹੇ ਵਿਚ ਬਲਾਕ ਪੱਧਰੀ ਖੇਡ ਮੁਕਾਬਲਿਆਂ ਦਾ ਆਗਾਜ਼ ਜਗਰੂਪ ਸਿੰਘ ਗਿੱਲ ਵਿਧਾਇਕ ਬਠਿੰਡਾ ਸ਼ਹਿਰੀ ਨੇ ਰਸਮੀ ਐਲਾਨ ਕਰਦਿਆਂ ਕੀਤਾ। ਜਗਰੂਪ ਸਿੰਘ ਗਿੱਲ ਨੇ ਸਮੂਹ ਖਿਡਾਰੀਆਂ ਨੂੰ ਖੇਡਾਂ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਅੰਦਰ ਵਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਖੇਡ ਸੱਭਿਆਚਾਰ ਨੂੰ ਘਰ-ਘਰ ਪੁਚਾਉਣ ਲਈ ਪੰਜਾਬ ਸਰਕਾਰ ਦੇ ਉਪਰਾਲੇ ਦੀ ਜਿੱਥੇ ਸ਼ਲਾਘਾ ਕੀਤੀ, ਉਥੇ ਹੀ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਪੂਰੀ ਮਿਹਨਤ ਤੇ ਲਗਨ ਨਾਲ ਅੱਗੇ ਵਧਣ ਦਾ ਸੁਨੇਹਾ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਕੁੱਲ 9 ਬਲਾਕਾਂ ਤੇ 01 ਕਾਰਪੋਰੇਸ਼ਨ ਬਠਿੰਡਾ ਦੇ ਪਹਿਲੇ ਪੜਾਅ ਤਹਿਤ 5 ਬਲਾਕਾਂ ਵਿਚ ਬਲਾਕ ਪੱਧਰੀ ਖੇਡਾਂ 4 ਤੋਂ 6 ਅਤੇ ਬਾਕੀ 5 ਬਲਾਕਾਂ ਦੀਆ ਖੇਡਾਂ 7 ਤੋਂ 9 ਸਤੰਬਰ ਤੱਕ ਹੋ ਰਹੀਆਂ ਹਨ।

ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿਚ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੇ ਪਹਿਲੇ ਦਿਨ ਪਹਿਲੇ 5 ਬਲਾਕਾਂ ਵਿਚ 2500 ਖਿਡਾਰਨਾਂ ਭਾਗ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੌਰਾਨ ਬਲਾਕਾਂ ਵਿਚ ਹੋ ਰਹੇ ਖੇਡ ਮੁਕਾਬਲਿਆਂ ਦੌਰਾਨ ਬੱਚਿਆਂ ਲਈ ਸਵੇਰੇ ਰਿਫਰੈਸ਼ਮੈਂਟ ਅਤੇ ਦੁਪਹਿਰ ਦੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ। ਉਨ੍ਹਾ ਦੱਸਿਆ ਕਿ ਖੇਡ ਵਿਭਾਗ ਬਠਿੰਡਾ ਦੁਆਰਾ ਖੇਡਾਂ ਵਿਚ ਭਾਗ ਲੈ ਰਹੇ ਖਿਡਾਰੀਆਂ ਨੂੰ ਵਧੀਆ ਖਾਣਾ ਮੁਹੱਈਆ ਕਰਵਾਇਆ ਗਿਆ।

ਬਲਾਕ ਪੱਧਰੀ ਖੇਡਾਂ ਵਿਚ ਅਥਲੈਟਿਕਸ, ਵਾਲੀਬਾਲ ਸੂਟਿੰਗ, ਵਾਲੀਬਾਲ ਸਮੈਸਿੰਗ, ਕਬੱਡੀ ਸਰਕਲ, ਕਬੱਡੀ ਨੈਸ਼ਨਲ, ਖੋਹ ਖੋਹ ਤੋਂ ਇਲਾਵਾ ਰੱਸਾਕਸ਼ੀ ਦੇ ਮੁਕਾਬਲੇ ਕਰਾਏ ਜਾ ਰਹੇ ਹਨ। ਬਲਾਕ ਬਠਿੰਡਾ, ਬਲਾਕ ਰਾਮਪੁਰਾ, ਸੰਗਤ, ਤਲਵੰਡੀ ਸਾਬੋ, ਬਲਾਕ ਨਥਾਣਾ ਵਿੱਚ ਭਾਗ ਲੈ ਰਹੇ ਖਿਡਾਰੀਆਂ ਦੇ ਆਏ ਨਤੀਜਿਆਂ ਵਿੱਚੋਂ ਫੁਟਬਾਲ ਅੰਡਰ-14 ਲੜਕੀਆਂ ਵਿਚ ਸਰਕਾਰੀ ਸਕੂਲ ਬਹਿਮਣ ਦੀਵਾਨਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਫੁੱਟਬਾਲ ਅੰਡਰ-17 ਲੜਕੀਆਂ ਵਿਚ ਸਰਕਾਰੀ ਸਕੂਲ ਬਹਿਮਣ ਦੀਵਾਨਾ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਮਾਊਂਟ ਲਿਟਰਾ ਜੀ ਸਕੂਲ ਕੋਟਸ਼ਮੀਰ ਨੇ ਦੂਜਾ ਸਥਾਨ ਲਿਆ। ਫੁੱਟਬਾਲ ਲੜਕੀਆਂ ਅੰਡਰ 21-30 ਵਿੱਚ ਸਰਕਾਰੀ ਸਕੂਲ ਬਹਿਮਣ ਦੀਵਾਨਾ ਨੇ ਪਹਿਲਾ ਸਥਾਨ ਹਾਸਲ ਕੀਤਾ। ਗੇਮ ਖੋ-ਖੋ ਲੜਕੀਆਂ ਅੰਡਰ 14 ਵਿਚ ਮਾਤਾ ਸੁੰਦਰੀ ਸਕੂਲ ਕੋਟਸ਼ਮੀਰ ਨੇ ਪਹਿਲਾ, ਖੋ ਖੋ ਲੜਕੀਆਂ ਅੰਡਰ 17 ਵਿਚ ਮਾਤਾ ਸੁੰਦਰੀ ਸਕੂਲ ਕੋਟਸ਼ਮੀਰ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਸਰਕਾਰੀ ਸਕੂਲ ਕੋਟਸ਼ਮੀਰ ਨੇ ਦੂਜਾ ਸਥਾਨ ਲਿਆ। ਇਸੇ ਤਰ੍ਹਾਂ ਅੰਡਰ 21 ਵਿੱਚੋਂ ਸਰਕਾਰੀ ਸਕੂਲ ਕੋਟਸ਼ਮੀਰ ਨੇ ਪਹਿਲਾ ਸਥਾਨ ਹਾਸਲ ਕੀਤਾ। ਗੇਮ ਰੱਸਾਕਸ਼ੀ ਲੜਕੀਆਂ ਅੰਡਰ 14 ਵਿਚ ਮਾਤਾ ਸੁੰਦਰੀ ਸਕੂਲ ਕੋਟਸ਼ਮੀਰ ਨੇ ਪਹਿਲਾ, ਸਰਕਾਰੀ ਸਕੂਲ ਕਰਮਗੜ੍ਹ ਛਤਰਾਂ ਨੇ ਦੂਜਾ ਸਥਾਨ ਲਿਆ। ਇਸੇ ਤਰ੍ਹਾਂ ਅੰਡਰ 17 ਵਿਚ ਸਰਕਾਰੀ ਸਕੂਲ ਕੋਟਸ਼ਮੀਰ ਨੇ ਪਹਿਲਾ, ਰੋਜ਼ ਮੈਰੀ ਸਕੂਲ ਬੱਲੂਆਣਾ ਨੇ ਦੂਜਾ ਸਥਾਨ ਲਿਆ। ਕਬੱਡੀ ਨੈਸ਼ਨਲ ਸਟਾਇਲ ਅੰਡਰ 14 ਵਿੱਚ ਸਰਕਾਰੀ ਹਾਈ ਸਕੂਲ ਬੁਰਜ ਮਹਿਮਾ ਨੇ ਪਹਿਲਾ ਅਤੇ ਸਰਕਾਰੀ ਹਾਈ ਸਕੂਲ ਵਿਰਕ ਖੁਰਦ ਨੇ ਦੂਜਾ ਸਥਾਨ ਲਿਆ। ਇਸੇ ਤਰ੍ਹਾਂ ਕਬੱਡੀ ਸਰਕਲ ਵਿਚ ਅੰਡਰ 14 ਸਰਕਾਰੀ ਸਕੂਲ ਕੋਟਸ਼ਮੀਰ ਨੇ ਪਹਿਲਾ ਸਥਾਨ ਲਿਆ। ਅੰਡਰ 17 ਵਿੱਚ ਸਰਕਾਰੀ ਸਕੂਲ ਵਿਰਕ ਕਲਾਂ ਨੇ ਪਹਿਲਾ ਸਥਾਨ ਲਿਆ। ਵਾਲੀਬਾਲ ਸਮੈਸਿੰਗ ਲੜਕੀਆਂ ਅੰਡਰ 14 ਵਿਚ ਸਰਕਾਰੀ ਹਾਈ ਸਕੂਲ ਸਰਦਾਰਗੜ੍ਹ ਨੇ ਪਹਿਲਾ, ਸਰਕਾਰੀ ਸਕੂਲ ਕੋਟਸ਼ਮੀਰ ਨੇ ਦੂਜਾ ਸਥਾਨ ਲਿਆ। ਅੰਡਰ 17 ਵਿਚ ਸਰਕਾਰੀ ਹਾਈ ਸਕੂਲ ਸਰਦਾਰਗੜ੍ਹ ਨੇ ਪਹਿਲਾ ਅਤੇ ਸਰਕਾਰੀ ਹਾਈ ਸਕੂਲ ਕੋਟਸ਼ਮੀਰ ਨੇ ਦੂਜਾ ਸਥਾਨ ਲਿਆ।

# ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਕੈਨੇਡਾ ਦਾ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ-ਪ੍ਰਮੰਨੀ ਸੰਸਥਾ ਜੇ.ਐੱਮ.ਐੱਸ ਇਮੀਗ੍ਰੇਸ਼ਨ ਜੋ ਕਿ ਰਿਫਿਊਜ਼ ਹੋਏ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਜਾਣੀ ਜਾਂਦੀ ਹੈ, ਸੰਸਥਾ ਵੱਲੋਂ ਹੁਣ ਬਹੁਤ ਹੀ ਘੱਟ ਉਮਰ ਵਾਲੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ। ਕਾਮਯਾਬੀ ਦੀ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਸ਼ਪਿੰਦਰ ਸਿੰਘ (20 ਸਾਲ) ਤੇ ਉਸ ਦੀ ਮਾਤਾ ਕਰਮਜੀਤ ਕੌਰ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ, ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ 'ਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਦਸਤਾਵੇਜ਼ ਸਾਂਝੇ ਕਰੋ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਲੱਗਾ ਪਾਸਪੋਰਟ ਸੌਂਪਦਿਆਂ ਵਧਾਈ ਦਿੱਤੀ।

6-Sept-PAGE-3-Majha-23.qxd 9/5/2023 10:49 PM Page 1



# ਕਮਲ ਬੂਟ ਹਾਊਸ ਨੂੰ ਲੱਗੀ ਅੱਗ, ਕਰੋੜਾਂ ਦਾ ਨੁਕਸਾਨ

## ਦੁਕਾਨ ਮਾਲਕ ਨੇ ਬਿਜਲੀ ਵਿਭਾਗ ਨੂੰ ਠਹਿਰਾਇਆ ਜ਼ਿੰਮੇਵਾਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਹਲਕਾ ਖੇਮਕਰਨ ਅਧੀਨ ਪੈਂਦੇ ਕਸਬਾ ਭਿੱਖੀਵਿੰਡ 'ਚ ਸਥਿਤ ਕਮਲ ਬੂਟ ਹਾਊਸ ਨਾਂਅ ਦੀ ਦੁਕਾਨ 'ਚ ਸਵੇਰੇ ਤੜਕਸਾਰ ਭਿਆਨਕ ਅੱਗ ਲੱਗਣ ਦੀ ਖਬਰ ਸਾਹਮਣੇ ਆਈ ਹੈ। ਵਰਨਣਯੋਗ ਹੈ ਕਿ ਜਦੋਂ ਤੱਕ ਫਾਇਰ ਬ੍ਰਿਗੇਡ ਦੀ ਗੱਡੀ ਭਿੱਖੀਵਿੰਡ ਪੁੱਜੀ, ਉਦੋਂ ਤੱਕ ਦੁਕਾਨ ਅੰਦਰ ਪਿਆ ਸਾਰਾ ਸਾਮਾਨ ਸੜ ਕੇ ਸਵਾਹ ਹੋ ਚੁੱਕਾ ਸੀ। ਘਟਨਾ ਤੋਂ ਇੱਕ ਘੰਟੇ ਬਾਅਦ ਨਗਰ ਕੌਂਸਲ ਪੱਟੀ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਭਿੱਖੀਵਿੰਡ ਪੁੱਜੀ ਅਤੇ ਉਸ ਤੋਂ 2 ਘੰਟੇ ਬਾਅਦ ਤਰਨਤਾਰਨ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਮਲ ਬੂਟ ਹਾਊਸ ਦੁਕਾਨ ਦੇ ਮਾਲਕ ਹਰਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਨੇ ਕਿਹਾ ਕਿ ਬਿਜਲੀ ਵਿਭਾਗ ਦੀ ਅਣਗਹਿਲੀ ਕਾਰਨ ਉਨ੍ਹਾਂ ਦੀ ਦੁਕਾਨ ਸੜ ਕੇ ਸਵਾਹ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਪਹਿਲਾਂ ਅਨੇਕਾਂ ਵਾਰ ਉਹ ਬਿਜਲੀ ਵਿਭਾਗ ਨੂੰ ਉਨ੍ਹਾਂ ਦੀ ਦੁਕਾਨ ਅੱਗੇ ਲੱਗੇ ਬਿਜਲੀ ਦੇ ਟ੍ਰਾਂਸਫਾਰਮਰ ਦੇ ਸ਼ਾਟ ਹੋਣ 'ਤੇ ਲੋਡ ਤੋਂ ਜ਼ਿਆਦਾ ਵੋਲਟੇਜ ਕੱਢਣ ਸੰਬੰਧੀ ਸੂਚਿਤ ਕਰ ਚੁੱਕੇ ਸਨ, ਪ੍ਰੰਤੂ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਉਨ੍ਹਾਂ ਦੀ ਇਸ ਮੁਸ਼ਕਿਲ ਦਾ ਹੱਲ ਕੱਢਣਾ ਜ਼ਰੂਰੀ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਇਸ ਟ੍ਰਾਂਸਫਾਰਮਰ ਦਾ ਇੱਕ ਫੇਸ ਸਿੱਧਾ ਕੀਤਾ ਹੋਇਆ ਹੈ ਅਤੇ ਅੱਠ ਮਹੀਨੇ ਪਹਿਲਾਂ ਵੀ ਇਸ ਟ੍ਰਾਂਸਫਾਰਮਰ ਦੇ ਲੋਡ ਤੋਂ ਜ਼ਿਆਦਾ ਵੋਲਟੇਜ ਕੱਢਣ ਕਾਰਨ ਉਨ੍ਹਾਂ ਦੇ ਨਜ਼ਦੀਕ ਕੁਲਦੀਪ ਸ਼ਾਹ ਦੀ ਕੱਪੜੇ ਵਾਲੀ ਦੁਕਾਨ ਨੂੰ ਅੱਗ ਲੱਗ ਗਈ ਸੀ ਅਤੇ ਹੁਣ ਅੱਜ ਉਨ੍ਹਾਂ ਦੀ ਦੁਕਾਨ ਅੱਗ ਲੱਗਣ ਕਾਰਨ ਸੜ ਕੇ ਸਵਾਹ ਹੋ ਗਈ ਹੈ। ਹਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਕਾਰਨ ਉਨ੍ਹਾਂ ਨੂੰ ਕਰੀਬ 2 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇੱਥੇ ਵੱਡੀ ਤ੍ਰਾਸਦੀ ਦੀ ਗੱਲ ਇਹ ਵੀ ਹੈ ਕਿ ਹਲਕਾ ਖੇਮਕਰਨ ਜੋ ਬਾਰਡਰ 'ਤੇ ਵੱਸਿਆ ਹੋਇਆ ਹੈ, ਕੋਲ ਫਾਇਰ ਬ੍ਰਿਗੇਡ ਦੀ ਕੋਈ ਵੀ ਗੱਡੀ ਮੌਜੂਦ ਨਹੀਂ ਹੈ। ਇਸ ਮੌਕੇ ਰਾਜੇਸ਼ ਚੋਪੜਾ 'ਤੇ ਕੁਲਦੀਪ ਚੋਪੜਾ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਟ੍ਰਾਂਸਫਾਰਮਰ ਕਾਰਨ ਆ ਰਹੀਆਂ ਮੁਸ਼ਕਿਲਾਂ ਸੰਬੰਧੀ ਅਨੇਕਾਂ ਲਿਖਤੀ ਦਰਖਾਸਤਾਂ ਬਿਜਲੀ ਵਿਭਾਗ ਭਿੱਖੀਵਿੰਡ ਨੂੰ ਦਿੱਤੀਆਂ ਹਨ, ਪ੍ਰੰਤੂ ਵਿਭਾਗ ਨੇ ਉਨ੍ਹਾਂ ਦੀਆਂ ਦਿੱਤੀਆਂ ਦਰਖਾਸਤਾਂ 'ਤੇ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅੱਠ ਮਹੀਨੇ ਪਹਿਲਾਂ ਵੀ ਟ੍ਰਾਂਸਫਾਰਮਰ ਕਾਰਨ ਉਨ੍ਹਾਂ ਦੀ ਕੱਪੜੇ ਦੀ ਦੁਕਾਨ ਨੂੰ ਅੱਗ ਲੱਗ ਗਈ ਸੀ, ਜਿਸ ਕਾਰਨ ਉਨ੍ਹਾਂ ਨੂੰ ਕਰੀਬ 1 ਕਰੋੜ ਦਾ ਨੁਕਸਾਨ ਝੱਲਣਾ ਪਿਆ ਸੀ, ਪ੍ਰੰਤੂ ਇੰਨੇ ਨੁਕਸਾਨ ਦੇ ਬਾਵਜੂਦ ਵਿਭਾਗ ਵੱਲੋਂ ਇਸ ਟ੍ਰਾਂਸਫਾਰਮਰ ਦਾ ਕੋਈ ਹੱਲ ਨਹੀਂ ਕੱਢਿਆ ਗਿਆ। ਇਸ ਮੌਕੇ ਉਨ੍ਹਾਂ ਬਿਜਲੀ ਵਿਭਾਗ ਦੇ ਅਧਿਕਾਰੀ ਜਿਨ੍ਹਾਂ ਦੀ ਲਾਪਰਵਾਹੀ ਕਾਰਨ ਇਹ ਹਾਦਸਾ ਵਾਪਰਿਆ ਹੈ, ਖਿਲਾਫ ਠੋਸ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਪੀੜ੍ਹਤ ਦੁਕਾਨਦਾਰ ਨੇ ਪੀਐੱਸਪੀਸੀਐੱਲ ਦੇ ਉੱਚ-ਅਧਿਕਾਰੀਆਂ ਨੂੰ ਇਸ ਹਾਦਸੇ ਲਈ ਜ਼ਿੰਮੇਵਾਰ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਧਰ ਇਸ ਮਾਮਲੇ ਸੰਬੰਧੀ ਪੰਜਾਬ ਪਾਵਰ ਕਾਰਪੋਰੇਸ਼ਨ ਦੇ ਡਾਇਰੈਕਟਰ ਜਸਬੀਰ ਸਿੰਘ ਸੁਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ ਅਤੇ ਜੇਕਰ ਇਸ ਵਿੱਚ ਬਿਜਲੀ ਵਿਭਾਗ ਦੀ ਕੋਈ ਲਾਪਰਵਾਹੀ ਸਾਹਮਣੇ ਆਈ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

# ਪਿਸਤੌਲ ਦੀ ਨੋਕ 'ਤੇ ਬੇਕਰੀ ਮਾਲਕ ਤੋਂ ਨਕਦੀ ਤੇ 3 ਮੋਬਾਇਲ ਖੋਹੇ



ਕਲਾਨੌਰ (ਮਨਦੀਪ ਕੁਮਾਰ)-ਪੁਲਸ ਥਾਣਾ ਕਲਾਨੌਰ ਅਧੀਨ ਕਲਾਨੌਰ ਬਟਾਲਾ ਰੋਡ ਤੇ ਨਿਆਰਾ ਪੈਟਰੋਲ ਪੰਪ ਦੇ ਸਾਹਮਣੇ ਇਟਾਲੀਅਨ ਟੱਚ ਬੇਕਰੀ ਦੇ ਮਾਲਕ ਤੋਂ ਪਿਸਤੌਲ ਦੀ ਨੋਕ ਤੇ ਨਕਾਬਪੋਸ਼ਾਂ ਵੱਲੋਂ ਨਕਦੀ ਅਤੇ ਤਿੰਨ ਮੋਬਾਇਲ ਫੋਨ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਬੀਤੀ ਰਾਤ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਲੁੱਟ ਦੀ ਸੀਸੀਟੀ ਵੀ ਦੀ ਫੁਟੇਜ ਸਾਹਮਣੇ ਆਈ ਹੈ। ਇਸ ਮੌਕੇ ਇਟਾਲੀਅਨ ਟੱਚ ਬੇਕਰੀ ਦੇ ਮਾਲਕ ਪੱਪੀ ਮਹਾਜਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੱਲ ਰਾਤ 10:30 ਵਜੇ ਦੇ ਕਰੀਬ ਮੇਰਾ ਬੇਟਾ ਸ਼ੰਕੀ ਦੁਕਾਨ ਬੰਦ ਕਰਕੇ ਗੱਡੀ 'ਚ ਬੈਠਣ ਲੱਗਾ ਤਾਂ ਕੁੱਝ ਅਣਪਛਾਤੇ ਵਿਅਕਤੀ ਉਸ ਕੋਲੋਂ ਨਕਦੀ ਅਤੇ ਤਿੰਨ ਮੋਬਾਇਲ ਫੋਨ ਖੋਹ ਕੇ ਦੌੜ ਗਏ। ਨਾਲ ਹੀ ਉਨਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਦੋ ਪਿਸਤੌਲਾਂ ਅਤੇ ਇੱਕ ਬੇਸਬੈਟ ਵੀ ਸੀ। ਬੇਸਬੈਟ ਵੀ ਸਿਰ 'ਚ ਮਾਰਿਆ। ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਕਲਾਨੌਰ ਸਿਵਲ ਹਸਪਤਾਲ ਗਏ ਤਾਂ ਉਥੇ ਕੋਈ ਵੀ ਡਾਕਟਰ ਮੌਜੂਦ ਨਹੀਂ ਸੀ। ਉਨ੍ਹਾਂ ਨੇ ਮਾਮੂਲੀ ਪੱਟੀ ਕਰਕੇ ਸਾਨੂੰ ਘਰ ਨੂੰ ਭੇਜ ਦਿੱਤਾ। ਉਹ ਪ੍ਰਸ਼ਾਸਨ ਤੋਂ ਮੰਗ ਕਰ ਰਹੇ ਹਨ ਕਿ ਸਾਨੂੰ ਜਲਦੀ ਇਨਸਾਫ ਦਿੱਤਾ ਜਾਵੇ ਅਤੇ ਇਹ ਵਾਰਦਾਤ ਕਰਨ ਵਾਲਿਆਂ ਨੂੰ ਨੱਥ ਪਾਈ ਜਾਵੇ। ਇਸ ਘਟਨਾ ਸੰਬੰਧੀ ਪੁਲਸ ਥਾਣਾ ਕਲਾਨੌਰ ਦੇ ਐੱਸਐੱਚਓ ਮੇਜਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਜਲਦੀ ਤੋਂ ਜਲਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਨੂੰ ਫੜ ਕੇ ਸਲਾਖਾਂ ਪਿੱਛੇ ਕੀਤਾ ਜਾਵੇਗਾ, ਭਾਲ ਜਾਰੀ ਹੈ।

# ਪਾਵਰਕੌਮ ਦਫਤਰ ਕਾਦੀਆਂ ਵਿਖੇ ਅਰਥੀ ਫੂਕ ਮੁਜ਼ਾਹਰਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ ਦੇ ਆਗੂ ਜਗਤਾਰ ਸਿੰਘ ਖੁੰਡਾ, ਫੈਡਰੇਸ਼ਨ ਏਟਕ ਦੇ ਪ੍ਰਧਾਨ ਪਿਆਰਾ ਸਿੰਘ, ਪੈਨਸ਼ਨਰ ਯੂਨੀਅਨ ਦੇ ਆਗੂ ਬਾਵਾ ਸਿੰਘ ਠੀਕਰੀਵਾਲ, ਜਲ ਸਪਲਾਈ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਦੇ ਆਗੂ ਨਿਸ਼ਾਨ ਸਿੰਘ ਵੱਲੋਂ ਸਾਂਝੀ ਰੈਲੀ ਦੀ ਪ੍ਰਧਾਨਗੀ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਪੂਰਾ ਕਰਾਉਣ ਲਈ ਪਟਵਾਰੀਆਂ ਅਤੇ ਡੀ ਸੀ ਦਫਤਰ ਦੇ ਕਰਮਚਾਰੀਆਂ ਵਲੋਂ ਕਲਮਛੋੜ ਹੜਤਾਲ ਦੇ ਸੱਦੇ 'ਤੇ ਪਹਿਲੀਆਂ ਸਰਕਾਰਾਂ ਵੱਲੋਂ ਬਣਾਏ ਜ਼ਰੂਰੀ ਸੇਵਾਵਾਂ ਕਾਨੂੰਨ ਐਸਮਾ ਨੂੰ ਲਾਗੂ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਤੁਰੰਤ ਲੋਕ ਵਿਰੋਧੀ ਨੀਤੀਆਂ ਰੱਦ ਕਰਕੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੀ ਮੰਗ ਕੀਤੀ। ਹਜ਼ਾਰਾਂ ਦੀ ਗਿਣਤੀ ਵਿੱਚ ਆਊਟਸੋਰਸਡ ਅਤੇ ਇਨਲਿਸਟਮੈਂਟ ਮੁਲਾਜ਼ਮ ਨਿਗੂਣੀਆਂ ਤਨਖਾਹਾ ਤੇ ਕੰਮ ਕਰ ਰਹੇ ਹਨ। ਇਹ ਸਰਕਾਰ ਪਿਛਲੇ ਡੇਢ ਸਾਲ ਤੋਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ। 295/19 ਸੀਆਰਏ ਅਧੀਨ ਭਰਤੀ ਹੋਏ ਸਹਾਇਕ ਲਾਈਨਮੈਨਾਂ ਨੂੰ ਪ੍ਰੋਬੇਸ਼ਨ ਸਮਾਂ ਪੂਰਾ ਹੋਣ ਦੇ ਬਾਵਜੂਦ ਰੈਗੂਲਰ ਕਰਕੇ ਪੂਰੀ ਤਨਖਾਹ ਜਾਰੀ ਨਹੀਂ ਕੀਤੀ ਜਾ ਰਹੀ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਰੈਗੂਲਰ ਮੁਲਾਜ਼ਮਾਂ ਦੀਆਂ ਬੁਨਿਆਦੀ ਮੰਗਾਂ ਤਨਖਾਹ ਇਕੇਰਾਂ ਦੀ ਅਦਾਇਗੀ ਦੀ ਥਾਂ ਭੱਤਿਆਂ ਦੀ ਇੱਕ ਇੱਕ ਕਰਕੇ ਕਟੌਤੀ ਕਰਨ ਦੇ ਰਾਹ ਚੱਲ ਰਹੀ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਐਸਮਾ ਨੂੰ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਪ੍ਰਮੋਦ ਕੁਮਾਰ ਜਨਰਲ ਸਕੱਤਰ ਪੰਜਾਬ, ਸੁਰਜੀਤ ਸਿੰਘ ਗੁਰਾਇਆ, ਦਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਖਦੇਵ ਸਿੰਘ ਸੇਖਵਾਂ ਅਤੇ ਅਜਮੇਰ ਸਿੰਘ ਸ਼ਾਮਲ ਹੋਏ।

# ਨਵਾਂ ਪਿੰਡ ਬਹਾਦਰ ਵਿਖੇ ਸਾਲਾਨਾ ਛਿੰਝ ਮੇਲਾ ਕਰਵਾਇਆ



ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਦੇ ਪਿੰਡ ਨਵਾਂ ਪਿੰਡ ਬਹਾਦੁਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਬਾਬਾ ਸੁੰਦਰੀ ਐਨ. ਆਰ. ਆਈ. ਕਲੱਬ ਅਤੇ ਪਿੰਡ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਇਸ ਮੌਕੇ ਮੇਲੇ ਵਿਚ ਹਲਕਾ ਇੰਚਾਰਜ ਆਪ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੇਲੇ ਦੌਰਾਨ ਵੱਖ-ਵੱਖ ਕੁਸ਼ਤੀਆਂ ਅਤੇ ਕਬੱਡੀਆਂ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪਹੁੰਚੇ ਖਿਡਾਰੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਦੌਰਾਨ ਕੁਸ਼ਤੀ ਮੁਕਾਬਲਿਆਂ ਵਿਚ ਜਿੱਤ ਹਾਸਲ ਕਰਨ ਵਾਲੇ ਪਹਿਲਵਾਨਾਂ ਨੂੰ ਸ਼ਮਸੇਰ ਸਿੰਘ ਅਤੇ ਪ੍ਰਬੰਧਕ ਕਮੇਟੀ ਨੇ ਇਨਾਮ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੋਲਦਿਆਂ ਸਮਸ਼ੇਰ ਸਿੰਘ ਨੇ ਕਿਹਾ ਕਿ ਇਹੋ ਜਿਹੇ ਮੇਲੇ ਸਾਡੇ ਸਭਿਆਚਾਰਕ ਸਾਂਝ ਨੂੰ ਬਣਾਈ ਰੱਖਣ ਲਈ ਬੇਹੱਦ ਜ਼ਰੂਰੀ ਹਨ।

ਇਸ ਮੌਕੇ ਇਲਾਕੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਨੇ ਇਸ ਮੇਲੇ ਦਾ ਲੁਤਫ ਉਠਾਇਆ। ਇਸ ਮੌਕੇ ਲੰਗਰ ਤਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

# ਕੋਆਪਰੇਟਿਵ ਬੈਂਕ ਅੱਗੇ ਸੁਸਾਇਟੀ ਸਮਰਾਏ ਖਿਲਾਫ ਲਗਾਇਆ ਧਰਨਾ 27ਵੇਂ ਦਿਨ 'ਚ ਦਾਖਲ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕੋਆਪਰੇਟਿਵ ਬੈਂਕ ਸਾਖਾ ਡੇਰਾ ਬਾਬਾ ਨਾਨਕ ਦੀ ਕੋਆਪਰੇਟਿਵ ਸੁਸਾਇਟੀ ਸਮਰਾਏ ਖਿਲਾਫ ਅਣਮਿੱਥੇ ਸਮੇ ਲਈ ਪਲਵਿੰਦਰ ਸਿੰਘ ਮਠੋਲਾ ਦੀ ਅਗਵਾਈ ਹੇਠ ਚੱਲ ਰਿਹਾ ਧਰਨਾ ਅੱਜ 27ਵੇ ਦਿਨ ਵਿੱਚ ਦਾਖਲ ਹੋ ਗਿਆ। ਸਮਰਾਏ ਸੋਸਾਇਟੀ ਦੇ ਖਿਲਾਫ ਕੋਆਪਰੇਟਿਵ ਬੈਕ ਅੱਗੇ ਧਰਨਾ ਦੇ ਰਹੇ ਧਰਨਾਕਾਰੀਆ ਵੱਲੋਂ ਬੈਂਕ ਦੀ ਬਰਾਂਚ ਦੇ ਮੇਨ ਗੇਟ ਨੂੰ ਤਾਲਾ ਲਗਾ ਦਿੱਤਾ ਅਤੇ 12 ਵਜੇ ਦੇ ਕਰੀਬ ਐਸਐਚਓ ਡੇਰਾ ਬਾਬਾ ਨਾਨਕ ਬਿਕਰਮ ਸਿੰਘ ਦੇ ਭਰੋਸਾ ਮਿਲਣ ਤੋਂ ਬਾਅਦ ਤੇ ਆਮ ਲੋਕਾਂ ਦੇ ਕੰਮਾਂ ਕਾਰਾਂ ਨੂੰ ਦੇਖਦੇ ਹੋਏ ਧਰਨਾਕਾਰੀਆਂ ਵੱਲੋਂ ਗੇਟ ਦਾ ਤਾਲਾ ਖੋਲ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ, ਬਲਾਕ ਪ੍ਰਧਾਨ ਸੁਖਦੇਵ ਸਿੰਘ ਤਪਾਲਾਂ, ਬੇਅੰਤ ਸਿੰਘ ਅੱਲਖ, ਦਲਜੀਤ ਸਿੰਘ ਧਾਰੀਵਾਲ ਅਤੇ ਅਵਤਾਰ ਸਿੰਘ ਚੌੜਾ ਬਾਜਵਾ ਨੇ ਕਿਹਾ ਕਿ ਅੱਜ 6 ਸਤੰਬਰ ਨੂੰ ਸਾਡੀ ਜਥੇਬੰਦੀ ਵੱਲੋਂ ਕਿਸਾਨਾਂ ਨਾਲ ਹੋਈ ਬੇਇਨਸਾਫੀ ਨੂੰ ਇਨਸਾਫ ਦਿਵਾਉਣ ਲਈ ਕਿਸਾਨ ਤੇ ਮਜ਼ਦੂਰ ਜਥੇਬੰਦੀ ਨੂੰ ਨਾਲ ਲੈ ਕੇ 6 ਸਤੰਬਰ ਨੂੰ ਜੀਵਨਵਾਲ ਬੱਬਰੀ ਚੌਕ ਵਿੱਚ ਬਾਈਪਾਸ ਗੁਰਦਾਸਪੁਰ 11 ਵਜੇ ਤੋ 1 ਵਜੇ ਤੱਕ ਜੰਮੂ ਨੈਸ਼ਨਲ ਹਾਈਵੇਜ ਰੋਡ ਮੁਕੰਮਲ ਤੌਰ ਤੇ ਬੰਦ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜਿੰਨਾ ਚਿਰ ਤੱਕ ਸਮਰਾਏ ਸੁਸਾਇਟੀ ਪੀੜਤ ਕਿਸਾਨਾਂ ਦੇ ਪੈਸੇ ਵਾਪਸ ਨਹੀਂ ਕਰਦੀ ਉਦੋਂ ਤੱਕ ਕੋਆਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਅੱਗੇ ਚੱਲ ਰਿਹਾ ਇਹ ਧਰਨਾ ਨਿਰੰਤਰ ਜਾਰੀ ਰਹੇਗਾ। ਇਸ ਮੌਕੇ ਸੁਖਰਾਜ ਸਿੰਘ ਬਿਜਲੀਵਾਲ, ਪਲਵਿੰਦਰ ਸਿੰਘ ਮਿਕਾ ਧਾਰੀਵਾਲ, ਸੁਖਵੰਤ ਸਿੰਘ ਚੌੜਾ ਬਾਜਵਾ, ਪ੍ਰਧਾਨ ਹਰਦੇਵ ਸਿੰਘ ਬਲਾਕ ਪ੍ਰਧਾਨ ਗੁਰਦਾਸਪੁਰ, ਕਰਮਜੀਤ ਸਿੰਘ ਚੌੜਾ ਬਾਜਵਾ, ਸਹਿਲਪ੍ਰੀਤ ਸਿੰਘ ਬਾਜਵਾ, ਲਖਵਿੰਦਰ ਸਿੰਘ, ਸੁਖਦੇਵ ਸਿੰਘ ਨਵਾਂ ਪਿੰਡ, ਦਲਜੀਤ ਸਿੰਘ ਧਾਰੀਵਾਲ, ਗੁਰਦੀਪ ਸਿੰਘ ਸਲਹਾਪੁਰ, ਬਾਬਾ ਜੋਗਿੰਦਰ ਸਿੰਘ ਤਪਾਲਾ, ਜਸਬੀਰ ਸਿੰਘ, ਵਰਿਆਮ ਸਿੰਘ ਤਲਵੰਡੀ ਗੋਰਾਇਆ, ਮਿੰਦਰ ਸਿੰਘ ਚੌੜਾ, ਮੋਹਨ ਸਿੰਘ ਪਤੀ ਰਾਮਪੁਰ, ਸਰਪੰਚ ਜੋਗਾ ਸਿੰਘ ਮਾਨ, ਭਗਵੰਤ ਸਿੰਘ ਮਾਨ, ਸੁੱਚਾ ਸਿੰਘ ਮਾਨ, ਗੁਲਜਾਰ ਸਿੰਘ ਮਾਨ, ਬੱਲੀ ਸਿੰਘ ਸਮਰਾ, ਸਤਪਾਲ ਸਿੰਘ, ਆਸਾ ਸਿੰਘ ਤਲਵੰਡੀ ਗੋਰਾਇਆ, ਟਹਿਲ ਸਿੰਘ ਚੌੜਾ, ਸੁਲੱਖਣ ਸਿੰਘ ਚੌੜਾ ਬਾਜਵਾ, ਚਰਨ ਸਿੰਘ ਰਾਮਪੁਰ, ਨਿਰਵੈਰ ਸਿੰਘ ਤਪਾਲਾ, ਹਰਭਜਨ ਸਿੰਘ ਤਪਾਲਾ, ਸੁਖਬੀਰ ਸਿੰਘ ਤਪਾਲਾ, ਦੀਵਾਨ ਸਿੰਘ ਸਮਰਾਵਾ, ਬਾਬਾ ਤਰਸੇਮ ਸਿੰਘ ਨਿਹੰਗ, ਲਖਬੀਰ ਸਿੰਘ ਆੜ੍ਹਤੀ, ਡਾ: ਰਾਜਵਿੰਦਰ ਸਿੰਘ ਸਮਰਾ, ਹਰਦੀਪ ਸਿੰਘ ਸੱਬਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਮੰਗਾਂ ਨੂੰ ਲੈ ਕੇ ਮੁਲਾਜ਼ਮਾਂ/ਪੈਨਸ਼ਨਰਾਂ ਵੱਲੋਂ ਰੋਸ ਪ੍ਰਦਰਸ਼ਨ



ਤਰਨਤਾਰਨ (ਨਜ਼ਸ)—ਪੰਜਾਬ ਸਰਕਾਰ ਵੱਲੋਂ ਹੜਤਾਲੀ ਮੁਲਾਜ਼ਮਾਂ 'ਤੇ ਐਸਮਾ ਲਗਾਉਣ ਖਿਲਾਫ ਪਸਸਫ 1680, 22 ਬੀ ਦੇ ਸੂਬਾ ਪੱਧਰੀ ਸੱਦੇ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਥਾਨਕ ਪਾਵਰਕਾਮ ਦੇ ਸਰਕਲ ਦਫਤਰ ਦੇ ਗੇਟ 'ਤੇ ਇਕੱਤਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੁਲਾਜ਼ਮਾਂ ਤੇ ਪੈਨਸ਼ਨਰ ਆਗੂਆਂ ਸਤਵਿੰਦਰ ਸਿੰਘ, ਬਲਕਾਰ ਸਿੰਘ ਵਲਟੋਹਾ, ਨਰਿੰਦਰ ਬੇਦੀ, ਪ੍ਰਿੰਸੀਪਲ ਦਲਬੀਰ ਸਿੰਘ, ਅਜੀਤ ਸਿੰਘ ਢੋਟੀਆਂ, ਜੱਸਾ ਸਿੰਘ ਕੱਦਗਿਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਬਲਜਿੰਦਰ ਕੌਰ ਆਦਿ ਨੇ ਭਗਵੰਤ ਮਾਨ ਸਰਕਾਰ ਦੇ ਹੜਤਾਲੀ ਮੁਲਾਜ਼ਮਾਂ ਨੂੰ ਦਬਾਉਣ ਲਈ ਧਾਰਨ ਕੀਤੇ ਤਾਨਾਸ਼ਾਹ ਰਵੱਈਏ ਦੀ ਤਿੱਖੀ ਅਲੋਚਨਾ ਕੀਤੀ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਗੱਲਬਾਤ ਤੋਂ ਭੱਜ ਕੇ ਨਾਦਰਸ਼ਾਹੀ ਫੁਰਮਾਨ ਜਾਰੀ ਕਰਨ ਦੇ ਰਾਹ ਪੈ ਕੇ ਹਿਟਲਰ ਦੀ ਚਾਲ ਚੱਲਦਿਆਂ ਧੱਕੇਸ਼ਾਹੀ ਕਰ ਰਹੀ ਹੈ ਜਿਸ ਦਾ ਸੰਘਰਸ਼ੀ ਲੋਕ ਮੂੰਹਤੋੜ ਜਵਾਬ ਦੇਣਗੇ।

# ਫਤਿਆਬਾਦ ਵਿਖੇ ਸਕੂਲ 'ਚ ਅਧਿਆਪਕ ਦਿਵਸ ਦੀ ਮਹਾਨਤਾ ਦੱਸੀ



ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)- ਕਸਬਾ ਫਤਿਆਬਾਦ ਦੇ ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਇਹ ਦਿਵਸ ਹਰ ਸਾਲ 5 ਸਤੰਬਰ ਨੂੰ ਡਾ :ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ ਜੋ ਆਪ ਵੀ ਅਧਿਆਪਕ ਸਨ। ਅਧਿਆਪਕ ਨੂੰ ਕੌਮ ਦਾ ਨਿਰਮਾਤਾ ਕਿਹਾ ਗਿਆ ਹੈ ਜੇਕਰ ਉਸ ਦੁਆਰਾ ਪੜਾਏ ਵਿਦਿਆਰਥੀ ਚੰਗੇ ਇਨਸਾਨ ਬਣ ਜਾਣ ਤਾਂ ਸਾਰੀ ਕੌਮ ਸੁਧਰ ਜਾਂਦੀ ਹੈ। ਅਧਿਆਪਕ ਚਾਹੇ ਤਾਂ ਬੱਚੇ ਦੀ ਜ਼ਿੰਦਗੀ ਬਣਾ ਸਕਦਾ ਹੈ ਅਧਿਆਪਕ ਦਾ ਰੋਲ ਬੱਚੇ ਦੇ ਸਰਵਪੱਖੀ ਵਿਕਾਸ ਨੂੰ ਬਣਾਉਣ ਵਿਚ ਕਾਫੀ ਸਹਾਇਕ ਹੁੰਦਾ ਹੈ। ਇਹ ਉਹ ਦਿਨ ਹੈ ਜਦੋਂ ਅਸੀਂ ਆਪਣੇ ਅਧਿਆਪਕਾਂ ਦੀ ਮਿਹਨਤ ਪ੍ਰਤੀ ਅਧਿਆਪਕਾਂ ਦੀ ਪ੍ਰਸੰਸਾ ਦਿਵਾਉਣ ਲਈ ਮਨਾਇਆ ਜਾਂਦਾ ਹੈ। ਅਧਿਆਪਕ ਇੱਕ ਰੋਲ ਮਾਡਲ ਹੁੰਦਾ ਹੈ। ਉਹ ਜਿਵੇਂ ਚਾਹੇ ਆਪਣੇ ਵਿਦਿਆਰਥੀਆਂ ਨੂੰ ਤਰਾਸ਼ ਸਕਦਾ ਹੈ। ਅੱਜ ਅਧਿਆਪਕ ਦਿਵਸ ਤੇ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਦਾ ਰੋਲ ਨਿਭਾਇਆ। ਸੰਸਥਾ ਦੇ ਐਮ ਡੀ ਸੁਰਜੀਤ ਸਿੰਘ ਭਰੋਵਾਲ ਨੇ ਅਧਿਆਪਕ ਦਿਵਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਤਨ ਮਨ ਨਾਲ ਪੜ੍ਹਾਉਣ ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਰੁਜ਼ਗਾਰ ਤੇ ਜੀਵਨ ਕੌਸ਼ਲ ਵਿਸ਼ੇ ਸਬੰਧੀ ਛੇ ਰੋਜ਼ਾ ਪ੍ਰੋਗਰਾਮ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਮਾਣਯੋਗ ਸਕੱਤਰ ਸਾਹਿਬ ਦੇ ਵਿਸ਼ੇਸ਼ ਉੱਦਮ ਅਤੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੇ ਸਹਿਯੋਗ ਸਦਕਾ ਲੜਕੀਆਂ ਲਈ ਰੁਜ਼ਗਾਰ ਅਤੇ ਜੀਵਨ ਕੌਂਸਲ ਵਿਸੇ ਤੇ ਛੇ ਰੋਜ਼ਾ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਨੰਦੀ ਫਾਊਂਡੇਸ਼ਨ ਅਤੇ ਮਹਿੰਦਰਾ ਪ੍ਰਾਈਡ ਕਲਾਸਰੂਮ ਵੱਲੋਂ ਕਾਲਜ ਪਹੁੰਚੇ ਟ੍ਰੇਨਰ ਮੈਡਮ ਸੋਨੀਆ ਰਾਣਾ ਦਾ ਨਿੱਘਾ ਸਵਾਗਤ ਕੀਤਾ ਪ੍ਰੋਗਰਾਮ ਦਾ ਆਗਾਜ ਕਰਦੇ ਸਮੇਂ ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹੇ ਮੌਕੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਉਹਨਾਂ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ ਉਹਨਾ ਨੇ ਵਿਦਿਆਰਥਣਾਂ ਨੂੰ ਵੱਧ ਚੜ੍ਹ ਕੇ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਸ੍ਰ. ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਸਕੱਤਰ ਸਾਹਿਬ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ ਤੇ ਉਹਨਾਂ ਦੀ ਇਹ ਨਿਵੇਕਲੀ ਕੋਸ਼ਿਸ਼ ਇੱਕ ਨਵਾਂ ਇਤਿਹਾਸ ਰਚੇਗੀ।

ਇਸ ਮੌਕੇ ਕਾਲਜ ਪਲੇਸਮੈਂਟ ਇੰਚਾਰਜ ਪ੍ਰੋ. ਅਮਨਪ੍ਰੀਤ ਕੌਰ ਨੇ ਵਿਦਿਆਰਥਣਾਂ ਨੂੰ ਜੀਵਨ ਵਿੱਚ ਰੁਜਗਾਰ ਲਈ ਜੀਵਨ ਕੌਸ਼ਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮੈਡਮ ਸੋਨੀਆ ਰਾਣਾ ਨੇ ਵਿਦਿਆਰਥਣਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੀਵਨ ਕੌਸਲ ਦੇ ਗੁਰ ਦੱਸੇ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਰਹਿਨੁਮਾਈ ਹੇਠ ਚਲ ਰਹੇ ਬੀਬੀ ਕੌਲਾਂ ਜੀ ਪਬਲਿਕ ਸਕੂਲ (ਬਰਾਂਚ-2), ਨੇੜੇ ਗੁਰਦੁਆਰਾ ਟਾਹਲਾ ਸਾਹਿਬ ਤਰਨ ਤਾਰਨ ਰੋਡ ਵਿਖੇ ਸਰਵਪਲੀ ਡਾਕਟਰ ਰਾਧਾ ਕ੍ਰਿਸ਼ਨਨ ਜੀ ਦੇ ਜਨਮ ਦਿਵਸ ਨੂੰ ਧੂਮ-ਧਾਮ ਨਾਲ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਇਸ ਮੌਕੇ ਸਕੂਲ ਕੈਂਪਸ ਨੂੰ ਬੱਚਿਆਂ ਦੁਆਰਾ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ।ਬੱਚਿਆਂ ਨੇ ਸਕੂਲ ਵਿੱਚ ਅਧਿਆਪਕਾਂ ਲਈ ਸਪੈਸ਼ਲ ਮੌਰਨਿੰਗ ਅਸੈਂਬਲੀ ਦਾ ਆਯੋਜਨ ਕੀਤਾ। ਸਕੂਲ ਦੇ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਡਾਕਟਰ ਰਾਧਾ ਕ੍ਰਿਸ਼ਨਨ ਜੀ ਦੇ ਜੀਵਨ ਬਾਰੇ ਦੱਸਿਆ ਗਿਆ ਅਤੇ ਉਨ੍ਹਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਸਾਨੂੰ ਡਾਕਟਰ ਸਾਹਿਬ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਬੱਚਿਆਂ ਨੇ ਲੈਕਚਰ, ਗੀਤ, ਨਾਟਕ ਅਤੇ ਕਵਿਤਾ ਦੇ ਮਾਧਿਅਮ ਨਾਲ ਆਪਣੇ ਜੀਵਨ ਵਿੱਚ ਅਧਿਆਪਕਾਂ ਦੀ ਮਹੱਤਤਾ ਦੱਸਦੇ ਹੋਏ ਅਧਿਆਪਕਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਸਕੂਲ ਦੇ ਪ੍ਰਿੰਸੀਪਲ ਸਾਹਿਬ ਇੰਦਰਪ੍ਰੀਤ ਕੌਰ ਵੱਲੋਂ ਬੱਚਿਆਂ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ ਲਈ ਉਹਨਾਂ ਨੂੰ ਸ਼ਾਬਾਸ਼ ਦਿੰਦੇ ਹੋਏ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ।ਉਹਨਾਂ ਨੇ ਕਿਹਾ ਕਿ ਬੱਚਿਆਂ ਦੁਆਰਾ ਹੀ ਸੁਹਿਰਦ ਸਮਾਜ ਦੀ ਸਥਾਪਨਾ ਹੋ ਸਕਦੀ ਹੈ। ਇਸ ਮੌਕੇ ਸਕੂਲ ਦੇ ਐੱਮ.ਡੀ ਸ. ਰਜਿੰਦਰ ਜੀ ਨੇ ਵੀ ਅਧਿਆਪਕਾਂ ਨੂੰ ਵਧਾਈ ਦਿੱਤੀ ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ ਅਧਿਆਪਕ ਦਿਵਸ ਮੌਕੇ ਲੱਗੀਆਂ ਰੌਣਕਾਂ




ਤਰਨਤਾਰਨ (ਪ੍ਰਿਤਪਾਲ ਸਿੰਘ)-ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਬੜੇ ਹੀ ਸਤਿਕਾਰ ਨਾਲ ਅਧਿਆਪਕ ਦਿਵਸ ਮਨਾਇਆ ਗਿਆ। ਜਿਸ ਦਾ ਮਕਸਦ ਵਿਦਿਆਰਥੀਆਂ ਅੰਦਰ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਦੇ ਭਾਵਾਂ ਨੂੰ ਮਜ਼ਬੂਤ ਕਰਨਾ ਅਤੇ ਡਾ. ਰਾਧਾਕ੍ਰਿਸ਼ਨਨ ਜੀ ਦੀ ਮਹਾਨ ਸਖ਼ਸ਼ੀਅਤ ਤੋਂ ਜਾਣੂ ਕਰਵਾਉਣਾ ਸੀ। ਇੱਥੇ ਵਰਨਣਯੋਗ ਹੈ ਕਿ ਇਸ ਮੌਕੇ ਵਿਦਿਆਰਥੀਆਂ ਵੱਲੋਂ ਅਧਿਆਪਕ ਦਿਵਸ ਨਾਲ ਸੰਬੰਧਤ ਕਵਿਤਾਵਾਂ, ਭਾਸ਼ਣ, ਗੀਤ, ਡਾਂਸ, ਭੰਗੜਾ, ਨਾਟਕ ਆਦਿ ਪੇਸ਼ ਕੀਤੇ ਗਏ। ਅਧਿਆਪਕ ਦਿਵਸ ਦੇ ਮੌਕੇ 'ਤੇ ਅਧਿਆਪਕਾਂ ਵਿੱਚ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਅਧਿਆਪਕਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਸ. ਜਤਿੰਦਰਪਾਲ ਸਿੰਘ ਰੰਧਾਵਾ ਜੀ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮਨੀਸ਼ਾ ਸੂਦ ਨੇ ਸਭ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਅਧਿਆਪਕਾਂ ਦੀ ਸੱਚੀ ਲਗਨ ਅਤੇ ਮਿਹਨਤ ਕਰਕੇ ਹੀ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਸਫ਼ਲ ਹੁੰਦੇ ਹਨ। ਇਸ ਲਈ ਹਰੇਕ ਵਿਦਿਆਰਥੀ ਨੂੰ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਹਲਕਾ ਬਾਬਾ ਬਕਾਲਾ ਤੋਂ ਕਾਂਗਰਸੀ ਵਰਕਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲੇ



**ਬੁਤਾਲਾ ( ਨਿਰਮਲ ਸੰਘਾ)**-ਹਲਕਾ ਬਾਬਾ ਬਕਾਲਾ ਤੋਂ ਕਾਂਗਰਸੀ ਵਰਕਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੰਡੀਗੜ੍ਹ ਵਿਖੇ ਮਿਲੇ। ਇਸ ਬਾਰੇ ਐਸ.ਸੀ ਵਿੰਗ ਅੰਮ੍ਰਿਤਸਰ ਦਿਹਾਤੀ ਵਾਈਸ ਚੈਅਰਮੈਨ ਬਲਜੀਤ ਸਿੰਘ ਭੱਟੀ ਸਠਿਆਲਾ ਨੇ ਦੱਸਿਆ ਹੈ ਕਿ ਕੁਲਦੀਪ ਸਿੰਘ ਵੈਦ ਦੀ ਅਗਵਾਈ 'ਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਮੈਂਬਰ ਬਨਣ'ਤੇ ਵਧਾਈ ਦੇਣ ਉਪਰੰਤ ਸਨਮਾਨਿਤ ਕੀਤਾ ਗਿਆ ਹੈ। ਭੱਟੀ ਨੇ ਦੱਸਿਆ ਹੈ ਕਿ ਉਨਾਂ ਨੇ ਸਾਨੂੰ ਥਾਪੜਾ ਦਿੱਤਾ ਹੈ ਕਿ ਉਹ ਹਲਕਾ ਬਾਬਾ ਬਕਾਲਾ ਦੇ ਐਸ.ਸੀ ਭਾਈਚਾਰੇ ਦੇ ਲੋਕਾਂ ਦੇ ਹੱਕ ਵਿਚ ਅਵਾਜ਼ ਉਠਾਈ ਜਾਵੇ। ਇਸ ਮੌਕੇ ਤੇ ਸਰਪੰਚ ਦਲਬੀਰ ਸਿੰਘ, ਸਰਪੰਚ ਗੁਲਜ਼ਾਰ ਸਿੰਘ ਛੱਜਲਵੱਢੀ,ਚਰਨਜੀਤ ਸਿੰਘ ਭੱਟੀ, ਹਰਪ੍ਰੀਤ ਸਿੰਘ ਹੈਪੀ, ਸਾਹਿਬ ਸਿੰਘ ਛੱਜਲਵੱਢੀ, ਗੁਰਮੇਜ ਸਿੰਘ, ਹਰਜਿੰਦਰ ਸਿੰਘ, ਸਿਕੰਦਰ ਸਿੰਘ ਬਲਾਕ ਪ੍ਰਧਾਨ ਬਾਬਾ ਬਕਾਲਾ,ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਰਾਣਾ ਹਸਪਤਾਲ ਖਾਲੜਾ ਵਿਖੇ ਲੱਗਾ ਖ਼ੂਨਦਾਨ ਕੈਂਪ




ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ (ਪੱਟੀ) ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਦਲੱਖਾ ਬਲੱਡ ਬੈਂਕ ਅੰਮ੍ਰਿਤਸਰ ਦੇ ਸਹਿਯੋਗ ਨਾਲ ਰਾਣਾ ਹਸਪਤਾਲ ਖਾਲੜਾ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੈਂਪ ਵਿੱਚ ਨੌਜਵਾਨ ਵਰਗ ਵੱਲੋਂ ਵਧ-ਚੜ੍ਹ ਕੇ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਰਾਣਾ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਰਜਿੰਦਰ ਸਿੰਘ ਰਾਣਾ ਵੱਲੋਂ ਆਏ ਹੋਏ ਸਾਰੇ ਦਾਨੀ ਸੱਜਣਾਂ ਨੂੰ ਜੀ ਆਇਆਂ ਆਖਿਆ ਗਿਆ। ਇਸ ਮੌਕੇ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ (ਪੱਟੀ) ਦੇ ਪ੍ਰਧਾਨ ਗੁਰਮੀਤ ਸਿੰਘ ਵਲੋਂ ਕੈਂਪ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਰਾਣਾ ਹਸਪਤਾਲ ਖਾਲੜਾ ਅਤੇ ਅਦਲੱਖਾ ਹਸਪਤਾਲ ਅਤੇ ਬਲੱਡ ਬੈਂਕ ਅੰਮ੍ਰਿਤਸਰ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਲੱਗਪਗ 72 ਦਾਨੀ ਸੱਜਣ ਜਿਨ੍ਹਾਂ 'ਚ ਲੈਬ ਟੈਕਨੀਸ਼ੀਅਨ ਕਰਮਜੀਤ ਸਿੰਘ, ਹਰਬਿਲਾਸ ਸਿੰਘ, ਹਰਮੋਹਿਤਬੀਰ ਸਿੰਘ, ਪਰਮਜੀਤ ਸਿੰਘ ਜੱਜ, ਡਾਕਟਰ ਗੁਲਜਾਰ, ਹੌਲਦਾਰ ਹੀਰਾ ਸਿੰਘ, ਹੌਲਦਾਰ ਗੁਰਮੀਤ ਸਿੰਘ, ਡਾਕਟਰ ਗੁਰਜੰਟ ਸਿੰਘ, ਦਲਵਿੰਦਰ ਸਿੰਘ ਆਦਿ ਮੁੱਖ ਹਨ, ਵੱਲੋਂ ਖ਼ੂਨਦਾਨ ਕਰਕੇ ਅਨਮੋਲ ਜ਼ਿੰਦਗੀਆਂ ਨੂੰ ਬਚਾਉਣ ਲਈ ਨੇਕ ਕਾਰਜ ਕੀਤਾ ਗਿਆ ਹੈ।

ਅੰਤ 'ਚ ਅਦਲੱਖਾ ਹਸਪਤਾਲ ਅਤੇ ਬਲੱਡ ਬੈਂਕ, ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਅਤੇ ਰਾਣਾ ਹਸਪਤਾਲ ਖਾਲੜਾ ਵੱਲੋਂ ਸਾਂਝੇ ਤੌਰ 'ਤੇ ਦਾਨੀ ਵੀਰਾਂ, ਵੱਖ-ਵੱਖ ਸੰਸਥਾਵਾਂ ਦੇ ਪ੍ਰਬੰਧਕਾਂ ਅਤੇ ਪੱਤਰਕਾਰ ਭਾਈਚਾਰੇ ਨੂੰ ਸ਼ੀਲਡਾਂ, ਸਨਮਾਨ ਪੱਤਰਾਂ ਅਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਾਬਕਾ ਸੈਨਿਕ ਹੈਲਥ ਕਲੱਬ ਦੇ ਪ੍ਰਧਾਨ ਸੱਜਣ ਸਿੰਘ, ਸੀਨੀਅਰ ਮੀਤ ਪ੍ਰਧਾਨ ਸੂਬੇਦਾਰ ਗੁਰਵਿੰਦਰ ਸਿੰਘ, ਮੀਤ ਪ੍ਰਧਾਨ ਲਖਵਿੰਦਰ ਸਿੰਘ, ਕੈਪਟਨ ਬਲਵਿੰਦਰ ਸਿੰਘ ਨਾਰਲੀ, ਤਰਸੇਮ ਸਿੰਘ ਥੇਹਕੱਲਾ, ਅਦਲੱਖਾ ਹਸਪਤਾਲ ਦੇ ਇੰਚਾਰਜ ਡਾਕਟਰ ਰਮੇਸਪਾਲ ਸਿੰਘ, ਅਦਲੱਖਾ ਹਸਪਤਾਲ ਦੇ ਮੈਨੇਜਰ ਰਮੇਸ ਚੋਪੜਾ, ਰਾਣਾ ਹਸਪਤਾਲ ਤੋਂ ਐੱਮਓ ਡਾਕਟਰ ਵਿਕਾਸਬੀਰ ਸਿੰਘ, ਗਾਇਨੀਕਾਲੋਜਿਸਟ ਤਵਲੀਨ ਕੌਰ, ਫਾਰਮਾਸਿਸਟ ਕੁਲਦੀਪ ਸਿੰਘ, ਡਾਕਟਰ ਰਣਜੀਤ ਸਿੰਘ ਅਮੀਸਾ, ਡਾਕਟਰ ਸੁਖਦੇਵ ਸਿੰਘ ਬੁੱਟਰ, ਮੈਡਮ ਸਤਨਾਮ ਕੌਰ, ਧਰਮਬੀਰ ਸਿੰਘ, ਮੋਹਿਤਬੀਰ ਸਿੰਘ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰੋਹਿਤ ਸ਼ਰਮਾ, ਗੁਲਸ਼ਨ ਪਾਸੀ, ਵਿਸ਼ਾਲ ਸੂਦ, ਨਰੇਸ਼ ਸੇਠੀ, ਪੱਤਰਕਾਰ ਪਵਨ ਕੁਮਾਰ ਆਦਿ ਸ਼ਖਸੀਅਤਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।

# ਪਿੰਡ ਦੇ ਮੁਹਤਬਰਾਂ ਤੇ ਪੁਲਸ ਵੱਲੋਂ ਨਸ਼ਿਆਂ ਦੇ ਖਿਲਾਫ ਕਮੇਟੀ ਦਾ ਗਠਨ



ਬੁਤਾਲਾ (ਨਿਰਮਲ ਸੰਘਾ)-ਥਾਣਾ ਬਿਆਸ ਅਧੀਨ ਪੈਂਦੀ ਪੁਲਸ ਚੌਕੀ ਸਠਿਆਲਾ ਵਿਖੇ ਚਾਰ ਪੰਚਾਇਤਾਂ ਦੇ ਸਹਿਯੋਗ ਨਾਲ ਪੁਲਸ ਵਲੋਂ ਨਸ਼ਿਆਂ ਦੇ ਖਿਲਾਫ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਮੌਕੇ ਤੇ ਸਰਪੰਚ ਦਲਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਹੈ ਕਿ ਪਿੰਡਾਂ ਵਿਚ ਮਰਦ ਅਤੇ ਔਰਤਾਂ ਵਲੋਂ ਨਸ਼ਾ ਵੇਚਣ ਦਾ ਧੰਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਨੌਜਵਾਨ ਮੁੰਡੇ ਨਸ਼ੇ ਦੇ ਟੀਕੇ, ਸਮੈਕ ਤੇ ਹੋਰ ਨਸ਼ੀਲਾ ਪਦਾਰਥ ਸੇਵਨ ਕਰਕੇ ਖਤਮ ਹੋ ਰਹੇ ਹਨ।

ਇਸ ਮੌਕੇ ਤੇ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਨੇ ਕਿਹਾ ਹੈ ਕਿ ਪਿੰਡ ਦੇ ਪੰਚਾਂ, ਸਰਪੰਚਾਂ ਤੇ ਮੁਹਤਬਰਾਂ ਦੇ ਸਹਿਯੋਗ ਦੀ ਲੋੜ ਹੈ ਤੇ ਪਿੰਡਾਂ ਵਿਚ ਨਸ਼ਾ ਵੇਚਣ ਵਾਲਿਆਂ ਨੂੰ ਚੇਤਾਵਨੀ ਘਰੋਂ ਘਰੀ ਜਾ ਕੇ ਦਿੱਤੀ ਗਈ ਹੈ ਕਿ ਉਹ ਨਸ਼ਾ ਵੇਚਣ ਦਾ ਧੰਦ ਛੱਡ ਦੇਣ ਨਹੀਂ ਤਾਂ ਉਨ੍ਹਾਂ ਦੇ ਖਿਲਾਫ ਬਣਦੀ ਕਾਰਵਾਈ ਹੋਵੇਗੀ। ਇਸ ਮੌਕੇ ਤੇ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਵਲੋਂ ਚਾਰ ਪੰਚਾਇਤਾਂ ਦੇ ਸਰਪੰਚਾਂ, ਪੰਚਾਂ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਇਸ ਮੌਕੇ ਬਲਾਕ ਪ੍ਰਧਾਨ ਸਰਵਣ ਸਿੰਘ, ਸਰਪੰਚ ਦਲਵਿੰਦਰ, ਸਰਪੰਚ ਦਲਬੀਰ ਸਿੰਘ, ਸਾ: ਸਰਪੰਚ ਬਲਜੀਤ ਸਿੰਘ ਭੱਟੀ, ਹਰਿੰਦਰ ਸਿੰਘ ਤਿਲਗਾ, ਜਥੇ: ਗੁਰਮੁੱਖ ਸਿੰਘ ਡਾਂਗਾ, ਗਿਆਨੀ ਝਿਲਮਣ ਸਿੰਘ, ਸਾਬੀ ਨਮਾਜ਼ੀ, ਹਰਜਿੰਦਰ ਸਿੰਘ ਰਾਜੂ, ਅਵਤਾਰ ਸਿੰਘ, ਗੁਰਵਿੰਦਰ ਸਿੰਘ ਲਾਡੀ, ਲਖਵਿੰਦਰ ਸਿੰਘ ਪਟਵਾਰੀ, ਪ੍ਰਧਾਨ ਬਲਕਾਰ ਸਿੰਘ, ਹਰਭਜਨ ਸਿੰਘ, ਸੰਨੀ ਵੇਰਾ, ਭਗਵੰਤ ਸਿੰਘ, ਏਐਸਆਈ ਪਰਮਜੀਤ ਸਿੰਘ, ਏਐਸਆਈ ਰਛਪਾਲ ਸਿੰਘ, ਹੌਲਦਾਰ ਬਲਵੰਤ ਸਿੰਘ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਸਦਕਾ ਹਜ਼ਾਰਾਂ ਨੌਜਵਾਨ ਖੇਡ ਮੈਦਾਨਾਂ ਨਾਲ ਜੁੜੇ: ਈ.ਟੀ.ਓ.



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਖੇਡ ਵਿਭਾਗ, ਪੰਜਾਬ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2023 ਅਧੀਨ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਅਮਿਤ ਤਲਵਾੜ ਦੀ ਰਹਿਨੁਮਾਈ ਹੇਠ ਵੱਖ ਵੱਖ ਬਲਾਕਾਂ ਵਿੱਚ ਬਲਾਕ ਪੱਧਰ ਟੂਰਨਾਮੈਂਟ ਕਰਵਾਏ ਗਏ। ਬਲਾਕ ਜੰਡਿਆਲਾ ਗੁਰੂ ਵਿੱਚ ਸ:ਸੀ:ਸੈ:ਸਕੂਲ ਬੰਡਾਲਾ ਵਿਖੇ ਬਲਾਕ ਪੱਧਰ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਵਿੱਚ ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ। ਉਹਨਾਂ ਖਿਡਾਰੀਆਂ ਨੂੰ ਵੱਧ ਤੋ ਵੱਧ ਖੇਡਾਂ ਵਿੱਚ ਭਾਗ ਲੈਣ ਹਿੱਤ ਪ੍ਰੇਰਿਤ ਕਰਦੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਿਰੋਏ ਪੰਜਾਬ ਦੀ ਸਿਰਜਨਾ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ ਅਤੇ ਇਹ ਖੇਡਾਂ ਇਨ੍ਹਾਂ ਯਤਨਾਂ ਦਾ ਇੱਕ ਹਿੱਸਾ ਹਨ। ਉਨਾਂ ਕਿਹਾ ਕਿ ਸਮੁੱਚੇ ਪੰਜਬ ਵਿੱਚ ਹਜ਼ਾਰਾਂ ਨੌਜਵਾਨ ਇਨਾਂ ਖੇਡਾਂ ਸੱਦਕਾ ਖੇਡ ਮੈਦਾਨਾਂ ਨਾਲ ਜੁੜੇ ਹਨ, ਜੋ ਕਿ ਨਿਰੋਏ ਸਮਾਜ ਲਈ ਸ਼ੁੱਭ ਸੰਕੇਤ ਹੈ। ਸ੍ਰੀ ਸੁਖਚੈਨ ਸਿੰਘ ਜਿਲ੍ਹਾ ਸਪੋਰਟਸ ਅਫਸਰ, ਅੰਮ੍ਰਿਤਸਰ ਨੇ ਦੱਸਿਆ ਕਿ ਬਲਾਕ ਪੱਧਰ ਟੂਰਨਾਮੈਂਟ ਵਿੱਚ ਕੁੱਲ 8 ਖੇਡਾਂ ਫੁੱਟਬਾਲ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਖੋ-ਖੋ, ਐਥਲੈਟਿਕਸ, ਵਾਲੀਬਾਲ ਸਮੈਸਿੰਗ, ਵਾਲੀਬਾਲ ਸ਼ੂਟਿੰਗ, ਰੱਸਾਕਸੀ ਕਰਵਾਈਆ ਜਾ ਰਹੀਆਂ ਹਨ। ਬਲਾਕ ਜੰਡਿਆਲਾ ਗੁਰੂ ਵਿੱਚ ਫੁੱਟਬਾਲ ਦੇ ਅੰ-14 ਲੜਕਿਆਂ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਸੋਫੀਪੁਰ ਅਤੇ ਦੂਜਾ ਸਥਾਨ ਬੰਡਾਲਾ ਪ੍ਰਾਪਤ ਕੀਤਾ। ਅੰ-17 ਲੜਕਿਆਂ ਦੇ ਮੁਕਾਬਲੇ ਵਿੱਚ ਬੰਡਾਲਾ ਸਕੂਲ ਨੇ ਪਹਿਲਾ, ਜੰਡਿਆਲਾ ਗੁਰੂ ਨੇ ਦੂਜਾ ਅਤੇ ਸੋਫੀਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰ-21 ਲੜਕਿਆਂ ਦੇ ਮੁਕਾਬਲੇ ਵਿੱਚ ਬੰਡਾਲਾ ਨੇ ਪਹਿਲਾ ਸਥਾਨ ਅਤੇ ਸੋਫੀਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰ-21 ਤੋ 31 ਉਮਰ ਵਰਗ ਲੜਕਿਆਂ ਦੇ ਮੁਕਾਬਲੇ ਵਿੱਚ ਬੰਡਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਲਾਕ ਅਜਨਾਲਾ ਵਿੱਚ ਬਲਾਕ ਪੱਧਰ ਟੂਰਨਾਮੈਂਟ ਕੀਰਤਨ ਦਰਬਾਰ ਸੋਸਾਇਟੀ ਗਰਾਊਂਡ ਅਤੇ ਸਰਕਾਰੀ ਕਾਲਜ ਅਜਨਾਲਾ ਵਿਖੇ ਕਰਵਾਏ ਗਏ। ਖੇਡ ਐਥਲੈਟਿਕਸ ਦੇ ਸਾਰਟਪੁਟ ਵਿੱਚ 56 ਤੋ 65 ਉਮਰ ਵਰਗ ਦੇ ਮੁਕਾਬਲੇ ਵਿੱਚ ਨਿਰਭੈ ਸਿੰਘ ਨੇ ਪਹਿਲਾ ਸਥਾਨ ਕੀਤਾ। 100 ਮੀਟਰ ਦੌੜ ਵਿੱਚ ਨਿਰਭੈ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 3000 ਮੀਟਰ ਉਮਰ ਵਰਗ 41 ਤੋ 55 ਸਾਲ ਲੜਕਿਆਂ ਦੀ ਦੌੜ ਵਿੱਚ ਗੁਰਮੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦਕਿ 100 ਮੀਟਰ ਉਮਰ ਵਰਗ 56-65 ਲੜਕੀਆਂ ਦੀ ਦੌੜ ਵਿੱਚ ਬਲਵਿੰਦਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 400 ਮੀਟਰ ਉਮਰ ਵਰਗ 41 ਤੋ 55 ਸਾਲ ਲੜਕੀਆਂ ਦੀ ਦੌੜ ਵਿੱਚ ਪਿੰਦਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੇਮ ਫੁੱਟਬਾਲ ਦੇ ਉਮਰ ਵਰਗ 41 ਤੋ 55 ਸਾਲ ਵਿੱਚ ਸਵਰਾਜ ਸਪੋਰਟਸ ਕਲੱਬ ਅਜਨਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਲਾਕ ਹਰਸ਼ਾ ਛੀਨਾ ਵਿੱਚ ਬਲਾਕ ਪੱਧਰ ਟੂਰਨਾਮੈਂਟ ਖੇਡ ਸਟੇਡੀਅਮ ਹਰਸ਼ਾ ਛੀਨਾ ਅਤੇ ਦਵਿੰਦਰਾ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਏ ਗਏ। ਬਲਾਕ ਹਰਸ਼ਾ ਛੀਨਾ ਵਿੱਚ ਲਗਭਗ 110 ਖਿਡਾਰੀਆਂ ਨੇ ਭਾਗ ਲਿਆ। ਗੇਮ ਫੁੱਟਬਾਲ ਦੇ ਅੰ 21 ਤੋ 30 ਉਮਰ ਵਰਗ ਵਿੱਚ ਈਸਾਪੁਰ ਕਲੱਬ ਨੇ ਪਹਿਲਾ ਸਥਾਨ ਅਤੇ ਕੁਲਜੀਤ ਫੁੱਟਬਾਲ ਅਕੈਡਮੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਗੇਮ ਖੋਹ ਖੋਹ ਦੇ ਅੰ-21 ਤੋ 30 ਲੜਕਿਆਂ ਦੇ ਮੁਕਾਬਲੇ ਵਿੱਚ ਹਰਸ਼ਾ ਛੀਨਾ ਕਲੱਬ ਨੇ ਪਹਿਲਾ ਸਥਾਨ ਅਤੇ ਲੜਕੀਆਂ ਵਿੱਚ ਵੀ ਹਰਸ਼ਾ ਛੀਨਾ ਕਲੱਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੇਮ ਐਥਲੈਟਿਕਸ ਦੇ 21 ਤੋ 30 ਉਮਰ ਵਰਗ ਵਿੱਚ 10000 ਮੀਟਰ ਲੜਕਿਆਂ ਦੀ ਦੌੜ ਵਿੱਚ ਗਗਨਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 1500 ਮੀਟਰ ਦੀ ਦੌੜ ਵਿੱਚ ਗੁਰਪ੍ਰੀਤ ਸਿੰਘ ਨੇ ਪਹਿਲਾ ਅਤੇ ਅੰਮ੍ਰਿਤਪਾਲ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬਲਾਕ ਵੇਰਕਾ ਵਿੱਚ ਬਲਾਕ ਪੱਧਰ ਟੂਰਨਾਮੈਂਟ ਖੇਡ ਸਟੇਡੀਅਮ ਮਾਨਾਂਵਾਲਾ ਕਲਾਂ ਵਿਖੇ ਕਰਵਾਏ ਗਏ। ਗੇਮ ਵਾਲੀਬਾਲ ਦੇ ਉਮਰ ਵਰਗ 41ਤੋ 55 ਉਮਰ ਵਰਗ ਵਿੱਚ ਮੀਰਾਂ ਕੋਟ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੇਮ ਐਥਲੈਟਿਕਸ ਦੇ 400 ਮੀਟਰ ਅਤੇ 3000 ਮੀਟਰ ਲੜਕਿਆਂ ਦੀ ਦੌੜ ਵਿੱਚ ਸੰਜੀਵ ਸਿੰਘ ਨੇ ਪਹਿਲਾ ਸਥਾਨ ਅਤੇ ਅਨੁਭਵ ਵਰਮਾਨੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

CMYK

# ਵਾਲੀਬਾਲ, ਦੌੜਾਂ ਤੇ ਫੁੱਟਬਾਲ 'ਚ ਖਿਡਾਰੀਆਂ ਨੇ ਦਿਖਾਏ ਜੌਹਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 'ਖੇਡਾਂ ਵਤਨ ਪੰਜਾਬ ਦੀਆਂ-2023' ਦੇ ਤੀਜੇ ਦਿਨ ਵਾਲੀਬਾਲ, ਦੌੜਾਂ ਅਤੇ ਫੁੱਟਬਾਲ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਆਪਣੇ ਜੌਹਰ ਦਿਖਾਏ। ਜ਼ਿਲ੍ਹਾ ਖੇਡ ਅਫਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਬਲਾਕ ਟਾਂਡਾ ਵਿੱਚ ਲੜਕਿਆਂ ਦੇ ਅੰਡਰ-14 ਵਾਲੀਬਾਲ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੌੜਾ ਬਘਿਆੜੀ ਪਹਿਲੇ, ਗੁਰੂ ਗੋਬਿੰਦ ਸਿੰਘ ਸਕੂਲ ਨੈਨੋਵਾਲ ਵੈਦ ਦੂਜੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਡਾਂਡੀਆ ਤੀਜੇ ਸਥਾਨ 'ਤੇ ਰਿਹਾ। ਅੰਡਰ-17 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੌੜਾ ਬਘਿਆੜੀ ਪਹਿਲੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ ਦੂਜੇ, ਗੁਰੂ ਗੋਬਿੰਦ ਸਿੰਘ ਸਕੂਲ ਨਾਨੋਵਾਲ ਵੈਦ ਤੀਜੇ ਅਤੇ ਖੁੱਡਾ ਚੌਥੇ ਸਥਾਨ 'ਤੇ ਰਹੇ। ਅੰਡਰ-21 ਵਿੱਚ ਬੱਸੀ ਜਲਾਲ ਪਹਿਲੇ, ਖਰਲਾ ਖੂਹ ਦੂਜੇ, ਬੋਦਲ ਕੋਟਲੀ ਤੀਜੇ ਅਤੇ ਕੰਧਾਲਾ ਜੱਟਾਂ ਚੌਥੇ ਸਥਾਨ 'ਤੇ ਰਿਹਾ। ਅੰਡਰ 21 ਤੋਂ 30 ਵਿੱਚ ਜੌੜਾ ਜੇਤੂ ਰਿਹਾ। ਇਸੇ ਤਰ੍ਹਾਂ ਅੰਡਰ 40 ਤੋਂ 55 ਵਿੱਚ ਕਸ਼ਮੀਰੀ ਸਪੋਰਟਸ ਕਲੱਬ ਫੌਜੀ ਕਲੋਨੀ ਜੇਤੂ ਰਿਹਾ। ਲੜਕੀਆਂ ਦੇ ਵਾਲੀਬਾਲ ਅੰਡਰ-17 ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ ਪਹਿਲੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੌੜਾ ਦੂਜੇ ਸਥਾਨ 'ਤੇ ਰਿਹਾ। ਅੰਡਰ-21 ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ ਜੇਤੂ ਰਿਹਾ। ਬਲਾਕ ਗੜ੍ਹਸ਼ੰਕਰ ਵਿੱਚ ਅੰਡਰ-17 ਲੜਕੀਆਂ ਦੀ 100 ਮੀਟਰ ਦੌੜ ਵਿੱਚ ਮਨਸਿਮਰਨ ਕੌਰ ਨੇ ਪਹਿਲਾ ਅਤੇ ਸੰਤੋਖ ਨੇ ਦੂਜਾ ਸਥਾਨ ਹਾਸਲ ਕੀਤਾ। ਲੜਕਿਆਂ ਦੇ ਅੰਡਰ-14 ਫੁੱਟਬਾਲ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜਾਰਾ ਡਿੰਗਰੀਆ ਨੇ ਪਹਿਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਨੇ ਦੂਜਾ ਸਥਾਨ ਹਾਸਲ ਕੀਤਾ।

# ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਅੱਜ



*ਰੋਸ ਪ੍ਰਦਰਸਨ ਦੀ ਤਿਆਰੀ ਸਬੰਧੀ ਮੀਟਿੰਗ ਕਰਦੇ ਹੋਏ ਬਲਾਕ ਸਾਹਕੋਟ ਦੇ ਆਗੂ*

**ਸ਼ਾਹਕੋਟ (ਗਿਆਨ ਸੈਦਪੁਰੀ)** ਭਾਰਤੀ ਕਿਸਾਨ ਯੂਨੀਅਨ ਏਕਤਾ(ਉਗਰਾਹਾਂ) ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਵਿਰੋਧੀ ਮੁਹਿੰਮ ਸੁਰੂ ਕੀਤੀ ਗਈ ਹੈ। ਇਸੇ ਸਿਲਸਿਲੇ ਤਹਿਤ 6 ਸਤੰਬਰ ਨੂੰ ਸ਼ਾਹਕੋਟ ਵਿੱਚ ਸਵੇਰੇ 10 ਵਜੇ ਬੱਸ ਸਟੈਂਡ ਵਿਖੇ ਇਕੱਠ ਕੀਤਾ ਜਾਵੇਗਾ। ਇਸ ਸਬੰਧੀ ਬਲਾਕ ਸਾਹਕੋਟ ਦੇ ਸਰਗਰਮ ਆਗੂਆਂ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਪ੍ਰਦਰਸਨ ਦੀਆਂ ਤਿਆਰੀਆਂ ਦਾ ਜਾਇਜਾ ਲਿਆ ਗਿਆ। ਮੀਟਿੰਗ ਉਪਰੰਤ ਭਾਰਤੀ ਕਿਸਾਨ ਯੂਨੀਅਨ ਏਕਤਾ(ਉਗਰਾਹਾਂ) ਜ਼ਿਲ੍ਹਾ ਜਲੰਧਰ ਨੇ ਦੱਸਿਆ ਕਿ ਰੋਸ ਪ੍ਰਦਰਸਨ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸਾਹਕੋਟ, ਪੰਜਾਬ ਖੇਤ ਮਜ਼ਦੂਰ ਸਭਾ ਇਲਾਕਾ ਸਾਹਕੋਟ-ਨਕੋਦਰ, ਡੈਮੋਕ੍ਰੇਟਿਕ ਟੀਚਰਜ ਫਰੰਟ ਆਦਿ ਸਹਿਯੋਗੀ ਜਥੇਬੰਦੀਆਂ ਵਜੋਂ ਸਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਸਹਿਰ ਵਿੱਚ ਰੋਸ ਮਾਰਚ ਵੀ ਕੀਤਾ ਜਾਵੇਗਾ।

# ਸਿੱਖ ਮਿਸ਼ਨਰੀ ਕਾਲਜ ਰਾਮਪੁਰ ਸੁੰਨੜਾਂ ਵਿਖੇ ਸੈਮੀਨਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਇੰਚਾਰਜ ਸਤਪਾਲ ਸਿੰਘ ਅਤੇ ਅਕਾਲ ਅਕੈਡਮੀ ਰਾਮਪੁਰ ਸੁੰਨੜਾ ਦੇ ਪ੍ਰਿੰਸੀਪਲ ਮੈਡਮ ਮਨਰੀਤ ਕੌਰ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਅਕਾਲ ਅਕੈਡਮੀ ਰਾਮਪੁਰ ਸੁੰਨੜਾ ਵਿਖੇ "ਉੱਦਮ" ਵਿਸ਼ੇ ਉਪਰ ਕੇਂਦਰਿਤ ਇਕ ਸੈਮੀਨਾਰ ਲਗਾਇਆ ਗਿਆ। ਜਿਸ ਵਿਚ ਮਨਦੀਪ ਸਿੰਘ ਨੇ ਸਿੱਖ ਮਿਸ਼ਨਰੀ ਕਾਲਜ ਬਾਰੇ ਜਾਣਕਾਰੀ ਦਿੰਦਿਆਂ ਅਤੇ ਬੁਲਾਰਿਆਂ ਬਾਰੇ ਜਾਣ ਪਹਿਚਾਣ ਕਰਾਉਂਦਿਆਂ ਸੈਮੀਨਾਰ ਦੀ ਅਰੰਭਤਾ ਕੀਤੀ। ਡਿਪਟੀ ਜੋਨਲ ਇੰਚਾਰਜ ਰੱਜਤ ਸਿੰਘ ਅਤੇ ਬੀਬੀ ਕੁਲਬੀਰ ਕੌਰ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਸਨ। ਬੀਬੀ ਕੁਲਬੀਰ ਕੌਰ ਅਤੇ ਰੱਜਤ ਸਿੰਘ ਨੇ ਬੱਚਿਆਂ ਨੂੰ ਦੱਸਿਆ ਕਿ ਉਨ੍ਹਾਂ ਦੇ ਜੀਵਨ ਵਿਚ ਉੱਦਮ ਦੀ ਕੀ ਮਹੱਤਤਾ ਹੈ। ਕਿਸੇ ਵੀ ਖੇਤਰ ਵਿਚ ਕਾਮਯਾਬ ਹੋਣ ਲਈ ਉੱਦਮ ਬਹੁਤ ਜ਼ਰੂਰੀ ਹੈ। ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅਸੀਂ ਕਿਵੇਂ ਲਗਾਤਾਰ ਉਦਮੀ ਬਣੇ ਰਹਿਣਾ ਹੈ, ਇਸ ਬਾਰੇ ਅੱਜ ਦੇ ਇਸ ਸੈਮੀਨਾਰ ਵਿਚ ਬੱਚਿਆਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਅਖੀਰ 'ਚ ਮਨਦੀਪ ਸਿੰਘ ਨੇ ਸਮੂਹ ਸਕੂਲ ਸਟਾਫ ਅਤੇ ਸਕੂਲ ਪ੍ਰਿੰਸੀਪਲ ਮੈਡਮ ਦਾ ਧੰਨਵਾਦ ਕੀਤਾ ਅਤੇ ਪ੍ਰਿੰਸੀਪਲ ਮੈਡਮ ਵਲੋਂ ਸਾਰੇ ਹੀ ਸੱਜਣਾਂ ਦਾ ਧੰਨਵਾਦ ਕਰਦਿਆਂ ਸੈਮੀਨਾਰ ਦੀ ਸਮਾਪਤੀ ਕੀਤੀ ਗਈ। ਇਸ ਸੈਮੀਨਾਰ ਵਿਚ ਡਿਪਟੀ ਜ਼ੋਨਲ ਇੰਚਾਰਜ ਰੱਜਤ ਸਿੰਘ ਅਤੇ ਬੀਬੀ ਕੁਲਬੀਰ ਕੌਰ ਤੋਂ ਇਲਾਵਾ ਸਰਕਲ ਇੰਚਾਰਜ ਸਤਪਾਲ ਸਿੰਘ ,ਜਲੰਧਰ ਸਰਕਲ ਮੈਂਬਰ ਮਨਦੀਪ ਸਿੰਘ, ਸਕੂਲ ਪ੍ਰਿੰਸੀਪਲ ਮੈਡਮ ਮਨਰੀਤ ਕੌਰ ਅਤੇ ਸਮੂਹ ਸਟਾਫ ਮੌਜੂਦ ਸੀ।

# ਕੈਬਨਿਟ ਮੰਤਰੀ ਵੱਲੋਂ ਲੋਕਾਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਸੱਦਾ



**ਜਲੰਧਰ (ਸ਼ੈਲੀ ਐਲਬਰਟ)**-ਪੰਜਾਬ ਰੋਜ਼ਗਾਰ ਜਨਰੇਸ਼ਨ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਖੁਸ਼ਹਾਲ ਅਤੇ ਕਾਮਯਾਬ ਜ਼ਿੰਦਗੀ ਲਈ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਸਿੱਖਿਆਵਾਂ 'ਤੇ ਚੱਲਿਆ ਜਾਵੇ । ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਿਰ ਫਿਲੌਰ ਵਿਖੇ ਨਤਮਸਤਕ ਹੋਣ ਉਪਰੰਤ ਜਨਮ ਅਸ਼ਟਮੀ ਦੇ ਸਬੰਧ ਵਿੱਚ ਸਜਾਈ ਗਈ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਨਮ ਅਸ਼ਟਮੀ ਦਾ ਤਿਉਹਾਰ ਦੇਸ਼ ਭਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਵਲੋਂ ਪਿਆਰ ਅਤੇ ਦਇਆ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਇਆ ਜਾਵੇ ਅਤੇ ਰਾਜ ਨੂੰ ਅੱਗੇ ਲੈ ਕੇ ਜਾਣ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ । ਲੋਕਾਂ ਨੂੰ ਜਨਮ ਅਸ਼ਟਮੀ ਦਾ ਤਿਉਹਾਰ ਪੂਰੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਮਨਾਉਣ ਦਾ ਸੱਦਾ ਦਿੰਦਿਆਂ ਅਮਨ ਅਰੋੜਾ ਨੇ ਆਸ ਪ੍ਰਗਟਾਈ ਕਿ ਇਹ ਤਿਉਹਾਰ ਭਰਾਤਰੀ ਪਿਆਰ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਾਡੀ ਜ਼ਿੰਦਗੀ ਵਿੱਚ ਖੁਸ਼ਹਾਲੀ ਲਿਆਉਣ ਤੋਂ ਇਲਾਵਾ ਮਾਨਵਤਾ ਦੀ ਸੇਵਾ ਅਤੇ ਸਮਾਜਕ ਕਦਰਾਂ ਕੀਮਤਾਂ ਨੂੰ ਵੀ ਮਜ਼ਬੂਤ ਕਰੇਗਾ। ਇਸ ਮੌਕੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਅਤੇ ਮੰਦਰ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਹਾਜ਼ਰ ਸਨ।

# ਖ਼ਾਲਸਾ ਸਟੇਡੀਅਮ ਚਮਕੌਰ ਸਾਹਿਬ ਵਿਖੇ ਦੂਜੇ ਦਿਨ ਹੋਏ ਅਥਲੈਟਿਕਸ ਮੁਕਾਬਲੇ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਖੇਡਾਂ ਵਤਨ ਪੰਜਾਬ-2 ਤਹਿਤ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਵਿਦਿਆਰਥੀਆਂ ਦੇ ਖ਼ਾਲਸਾ ਸਟੇਡੀਅਮ ਸ੍ਰੀ ਚਮਕੌਰ ਸਾਹਿਬ ਵਿਖੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਉੱਪ ਮੰਡਲ ਮੈਜਿਸਟਰੇਟ ਅਮਰੀਕ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਜਗਤਾਰ ਸਿੰਘ ਅਤੇ ਪ੍ਰਿੰਸੀਪਲ ਬਲਵੰਤ ਸਿੰਘ ਦੀ ਦੇਖ-ਰੇਖ ਹੇਠ ਦੌੜਾਂ, ਲੰਬੀ ਛਾਲ, ਉੱਚੀ ਛਾਲ, ਗੋਲਾ ਸੁੱਟਣਾ, ਖੋ ਖੋ ਅਤੇ ਨੇਜਾ ਸੁੱਟਣਾ ਆਦਿ ਦੇ ਮੁਕਾਬਲੇ ਕਰਵਾਏ ਗਏ। ਉਨ੍ਹਾਂ ਦੱਸਿਆ ਅੱਜ ਦੇ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫਿਜ਼ਾਬਾਦ, ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਬਹਿਰਾਮਪੁਰ ਬੇਟ, ਸ੍ਰੀ ਗੁਰੂ ਹਰਿਰਾਏ ਪਬਲਿਕ ਸਕੂਲ ਭੈਰੋਮਾਜਰਾ, ਅਕਾਲ ਅਕੈਡਮੀ ਕਮਾਲਪੁਰ, ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬੇਲਾ ਨੇ ਭਾਗ ਲਿਆ। ਅੰਡਰ 14 ਸਾਲਾ ਖੋ ਖੋ ਦੇ ਮੁਕਾਬਲੇ ਵਿੱਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬੇਲਾ, ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਬਹਿਰਾਮ ਪੁਰ ਬੇਟ ਪਹਿਲੇ ਦੂਜੇ ਸਥਾਨ ਉੱਤੇ ਰਹੇ, 17 ਸਾਲਾ ਖੋ ਖੋ ਵਿੱਚ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਬਹਿਰਾਮ ਪੁਰ ਬੇਟ, ਸਰਕਾਰੀ ਹਾਈ ਸਕੂਲ ਬਸੀ ਗੁੱਜਰਾਂ ਦੂਜੇ ਸਥਾਨ ਉੱਤੇ ਰਹੇ। 14 ਸਾਲਾ ਵਰਗ ਲੰਬੀ ਛਾਲ ਵਿੱਚ ਸਿਮਰਨਦੀਪ ਸਿੰਘ, ਤਵਨਪ੍ਰੀਤ ਸਿੰਘ, ਅਰਮਾਨ ਪ੍ਰੀਤ ਸਿੰਘ, 17 ਸਾਲਾ ਵਰਗ ਅਮਨਪ੍ਰੀਤ ਸਿੰਘ, ਅਕਾਸ਼ਦੀਪ ਸਿੰਘ, ਯੁਵਰਾਜ ਸਿੰਘ, ਕੁੜੀਆਂ ਵਿੱਚੋਂ ਗੁਰਸਿਮਰਨ ਕੌਰ ਜੇਤੂ ਰਹੇ। ਅੰਡਰ 14 ਸ਼ਾਟਪੁੱਟ ਵਿੱਚ ਸਿਮਰਨਦੀਪ ਸਿੰਘ, ਹਰਮਨ ਸਿੰਘ, 17 ਸਾਲਾ ਵਰਗ ਵਿੱਚ ਰਾਜ ਪ੍ਰੀਤ ਸਿੰਘ, ਅਨਮੋਲ ਪ੍ਰੀਤ ਸਿੰਘ, 21 ਸਾਲਾ ਵਰਗ ਵਿੱਚ ਰਾਜਦੀਪ ਬੰਗੜ, ਕੁੜੀਆਂ ਵਿੱਚੋਂ ਕੋਮਲਪ੍ਰੀਤ ਕੌਰ, ਸਹਿਜਪ੍ਰੀਤ ਕੌਰ ਜੇਤੂ ਰਹੇ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਗੋਬਿੰਦ ਟੰਡਨ, ਪ੍ਰਿੰਸੀਪਲ ਸਤਿੰਦਰ ਸਿੰਘ ਹਾਫਿਜ਼ਾਬਾਦ, ਸਾਬਕਾ ਪ੍ਰਿੰਸੀਪਲ ਲਛਮਣ ਸਿੰਘ, ਕੋਚ ਲਵਜੀਤ ਸਿੰਘ ਕੰਗ, ਕੋਚ ਉਕਰਦੀਪ ਕੌਰ, ਹਰਮਨਦੀਪ ਸਿੰਘ, ਬੀ ਪੀ ਈ ਓ ਦਵਿੰਦਰ ਪਾਲ ਸਿੰਘ, ਗੁਰਿੰਦਰ ਸਿੰਘ ਹਾਫਿਜ਼ਾਬਾਦ, ਗੁਰਵਿੰਦਰ ਸਿੰਘ ਬਰਸਾਲਪੁਰ, ਉਧਮ ਸਿੰਘ ਬਸੀ ਗੁੱਜਰਾਂ, ਨਰਿੰਦਰ ਕੌਰ ਬੇਲਾ, ਇੰਦਰਜੀਤ ਕੌਰ ਭਲਿਆਣ, ਹਰਵਿੰਦਰ ਸਿੰਘ ਭੱਕੂਮਾਜਰਾ, ਦਵਿੰਦਰ ਸਿੰਘ ਮਕੜੌਨਾ, ਇੰਦਰਜੀਤ ਸਿੰਘ ਹਾਫਿਜ਼ਾਬਾਦ, ਰਵਿੰਦਰ ਸਿੰਘ ਖੇੜੀ, ਜਸਵਿੰਦਰ ਪਾਲ ਸਿੰਘ, ਗੁਰਿੰਦਰਪਾਲ ਸਿੰਘ, ਦਲੀਪ ਸਿੰਘ ਬਸੀ ਗੁੱਜਰਾਂ, ਅਭੈ ਸਿੰਘ ਬਰਸਾਲਪੁਰ, ਪਰਮੀਲ ਕੁਮਾਰ, ਨਿੰਰਜਣ ਸਿੰਘ, ਹਰਵਿੰਦਰ ਸਿੰਘ, ਗੁਰਵਿੰਦਰ ਸਿੰਘ ਬਰਸਾਲਪੁਰ, ਡਾ. ਬਿੰਦਰਾ ਸਿੱਧੂ, ਭੂਮਿਕਾ ਸਿੰਘ, ਹਰਪ੍ਰੀਤ ਸਿੰਘ, ਵਰਿੰਦਰ ਸਿੰਘ, ਨਰਿੰਦਰ ਸੈਣੀ, ਇੰਦਰਜੀਤ ਕੌਰ, ਸ਼ੈਲੀ ਵਰਮਾ, ਜਸਪਾਲ ਕੌਰ, ਗੁਰਦੀਪ ਸਿੰਘ, ਹਰਦੀਪ ਕੌਰ, ਤਰਨਜੀਤ ਕੌਰ ਨੇ ਖੇਡਾਂ ਨੂੰ ਨੇਪਰੇ ਚਾੜ੍ਹਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮੰਚ ਸੰਚਾਲਨ ਰਾਬਿੰਦਰ ਸਿੰਘ ਰੱਬੀ ਨੇ ਕੀਤਾ

# ਰਾਜਾ ਵੱਲੋਂ ਹੜ੍ਹ 'ਚ ਮਾਰੇ ਗਏ ਵਿਅਕਤੀ ਦੇ ਪਰਵਾਰ ਨੂੰ 4 ਲੱਖ ਦਾ ਚੈੱਕ ਭੇਟ



**ਟਾਂਡਾ ਉੜਮੁੜ, ( ਓਂਕਾਰ ਸਿੰਘ, ਜਸਵਿੰਦਰ ਸੰਧੂ)**-ਕੁਦਰਤ ਅਤੇ ਕੁਦਰਤੀ ਆਫਤਾਂ ਅੱਗੇ ਕਿਸੇ ਦਾ ਜ਼ੋਰ ਨਹੀਂ ਹੈ ਪ੍ਰੰਤੂ ਫਿਰ ਵੀ ਪੰਜਾਬ ਸਰਕਾਰ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਅੰਦਰ ਪੀੜਤ ਪਰਵਾਰਾਂ ਦੀ ਬਾਂਹ ਫੜੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਜਸਵੀਰ ਸਿੰਘ ਰਾਜਾ ਨੇ ਪਿੰਡ ਟਾਹਲੀ ਵਿਖੇ ਬੀਤੇ ਦਿਨੀਂ ਹੜ੍ਹ ਦੇ ਪਾਣੀ ਵਿੱਚ ਡੁੱਬਣ ਕਾਰਨ ਮੌਤ ਦਾ ਸ਼ਿਕਾਰ ਹੋਏ ਸੁਰਜੀਤ ਸਿੰਘ ਗੋਲਡੀ ਦੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪੰਜਾਬ ਸਰਕਾਰ ਵੱਲੋਂ ਮ੍ਰਿਤਕ ਸੁਰਜੀਤ ਸਿੰਘ ਦੀ ਧਰਮ ਪਤਨੀ ਪਰਮਜੀਤ ਕੌਰ ਨੂੰ 4 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸੈਣੀ, ਨਾਇਬ ਤਹਿਸੀਲਦਾਰ ਟਾਂਡਾ ਗੁਰਪ੍ਰੀਤ ਸਿੰਘ, ਗੁਰ ਸਮਾਜ ਸੇਵੀ ਕੁਲਵਿੰਦਰ ਸਿੰਘ ਬੱਬਲ, ਸਰਪੰਚ ਬਚਿੱਤਰ ਸਿੰਘ ਟਾਹਲੀ, ਵੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸਲ, ਜਸਵੰਤ ਸਿੰਘ ਬਿੱਟੂ, ਯੂਥ ਆਗੂ ਲਖਵਿੰਦਰ ਸਿੰਘ ਸੇਠੀ, ਸਰਬਜੀਤ ਸਿੰਘ ਵਿੱਕੀ, ਜੋਗਿੰਦਰ ਸਿੰਘ ਮਿਆਣੀ, ਐੱਸ.ਪੀ ਟਾਹਲੀ ਆਦਿ ਵੀ ਮੌਜੂਦ ਸਨ

# ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨ ਖੇਲਾਂ ਵਿਖੇ ਨੇਤਰਦਾਨ ਵਿਸ਼ੇ 'ਤੇ ਸੈਮੀਨਾਰ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਐਸ.ਐਸ ਆਸ਼ਾ ਕਿਰਨ ਸਪੈਸਲ ਸਕੂਲ ਜਹਾਨਖੇਲਾਂ ਵਿਖੇ ਸਥਾਪਿਤ ਟੀਚਰ ਟ੍ਰੇਨਿੰਗ ਸੈਂਟਰ ਵਿਖੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਨੇਤਰਦਾਨ ਜਾਗਰੂਕਤਾ ਪੰਦਰਵਾੜੇ ਦੇ ਸੰਬੰਧ ਵਿੱਚ ਨੇਤਰਦਾਨ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਮਲਕੀਤ ਸਿੰਘ ਮੋਹੇੜੂ ਵੱਲੋਂ ਨੇਤਰਦਾਨ ਸੰਸਥਾ ਦਾ ਸਕੂਲ ਵਿੱਚ ਪਹੁੰਚਣ 'ਤੇ ਸੁਆਗਤ ਕੀਤਾ ਗਿਆ। ਸੈਮੀਨਾਰ ਵਿੱਚ ਸੰਸਥਾ ਦੇ ਸਰਪ੍ਰਸਤ ਪ੍ਰੋ: ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਨੇਤਰਦਾਨ ਅਤੇ ਖੂਨਦਾਨ ਸਬੰਧੀ ਜਾਣਕਾਰੀ ਦਿੱਤੀ ਅਤੇ ਆਖਿਆ ਕਿ ਵਿਦਿਆਰਥੀ ਇਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ। ਡਾਕਟਰ ਗੁਰਬਖਸ ਸਿੰਘ ਸੀਨੀਅਰ ਮੀਤ ਪ੍ਰਧਾਨ ਵੱਲੋਂ ਨੇਤਰਦਾਨ ਕਰਨ ਦੀ ਪੂਰੀ ਪ੍ਰਕਿਰਿਆ ਅਤੇ ਮਿਰਤਕ ਦੀਆਂ ਅੱਖਾਂ ਦਾਨ ਕਰਾਉਣ ਤੋਂ ਪਹਿਲਾਂ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਗਈ। ਨੇਤਰਦਾਨ ਸੰਸਥਾ ਦੇ ਪ੍ਰਧਾਨ ਸੁਰੇਸ਼ ਚੰਦ ਕਪਾਟੀਆ ਵਲੋਂ ਮਨਾਏ ਜਾ ਰਹੇ ਪੰਦਰਵਾੜੇ ਸਬੰਧੀ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਇੰਜੀ: ਬਲਜੀਤ ਸਿੰਘ ਪਨੇਸਰ ਵੱਲੋਂ ਸੰਸਥਾ ਦੀਆਂ ਗਤੀਵਿਧੀਆਂ ਤੇ ਹੁਣ ਤੱਕ ਦੀਆਂ ਪ੍ਰਾਪਤੀਆਂ ਤਫਸੀਲ ਨਾਲ ਜਾਣਕਾਰੀ ਦਿੱਤੀ। ਆਸ਼ਾ ਕਿਰਨ ਸਕੂਲ ਦੇ ਸਕੱਤਰ ਹਰਬੰਸ ਸਿੰਘ ਵੱਲੋਂ ਪੁਤਲੀ ਦੀ ਹਿਫਾਜਤ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿੱਚ ਸਕੂਲ ਦੇ ਪ੍ਰਧਾਨ ਕਰਮਜੀਤ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਹਰੀਸ਼ ਠਾਕੁਰ ਅਤੇ ਰਾਮ ਆਸਰਾ ਹਾਜਰ ਸਨ। ਇਸ ਸੈਮੀਨਾਰ ਵਿੱਚ ਨੇਤਰਦਾਨ ਸੰਸਥਾ ਦੀ ਟੀਮ ਮੈਂਬਰ ਹਰਭਜਨ ਸਿੰਘ, ਸ੍ਰੀਮਤੀ ਸੰਤੋਸ਼ ਸੈਣੀ, ਸ੍ਰੀਮਤੀ ਮਨਜੀਤ ਕੌਰ, ਸ੍ਰੀਮਤੀ ਬਲਜੀਤ ਕੌਰ, ਸ੍ਰੀਮਤੀ ਕੰਚਨ ਦਿਓਲ ਅਤੇ ਪ੍ਰਿੰਸੀਪਲ ਰਚਨਾ ਕੌਰ ਸ਼ਾਮਲ ਹੋਏ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਗ੍ਰੈਂਡ ਪੇਰੈਂਟਸ ਡੇ ਮਨਾਇਆ

**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਹੇਠ ਕੇ ਜੀ ਵਿੰਗ 'ਚ ਗਰੈਂਡ ਪੇਰੈਂਟਸ ਡੇ ਸੰਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਪ੍ਰਿੰਸੀਪਲ ਮੈਡਮ ਮੋਂਗਾ ਨੇ ਪਹੁੰਚੇ ਮਹਿਮਾਨਾਂ ਅਤੇ ਗਰੈਂਡ ਪੇਰੈਟਸ ਲਈ ਸਵਾਗਤੀ ਸਬਦ ਕਹੇ । ਇਸ ਦੌਰਾਨ ਵਿਦਿਆਰਥੀਆਂ ਵੱਲੋਂ ਦਾਦਾ, ਦਾਦੀ ਅਤੇ ਨਾਨਾ, ਨਾਨੀ ਵਿਸ਼ੇ ਸੰਬੰਧੀ ਸ਼ਾਨਦਾਰ ਸਮਾਗਮ ਪੇਸ ਕੀਤਾ ਗਿਆ। ਜਿਸ ਵਿਚ ਗੀਤ, ਕਵਿਤਾਵਾਂ, ਭੰਗੜਾ, ਕੋਰੀਓਗ੍ਰਾਫੀ ਆਦਿ ਆਈਟਮਾਂ ਪੇਸ਼ ਕੀਤੀਆਂ ਗਈਆਂ। ਹਰਨੂਰ ਸਿੰਘ, ਮਨਰੀਤ ਕੌਰ ਅਤੇ ਆਰਵ ਰਾਜ ਨੇ ਇਸ ਟੌਪਿਕ 'ਤੇ ਸਪੀਚ ਦਿੱਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਵਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਬੱਚਿਆਂ ਦੇ ਗਰੈਂਡ ਪੇਰੈਂਟਸ ਦਾ ਸਮਾਗਮ ਵਿਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ।




# ਚਾਰਲਸ ਡਾਰਵਿਨ ਨੂੰ ਸਮਰਪਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ



**ਬਹਿਰਾਮ (ਅਵਤਾਰ ਕਲੇਰ)**- ਤਰਕਸੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ੋਨ ਨਵਾਂਸ਼ਹਿਰ ਵੱਲੋਂ ਜ਼ੋਨ ਮੁਖੀ ਸੱਤਪਾਲ ਸਲੋਹ ਅਤੇ ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ ਦੀ ਅਗਵਾਈ ਵਿੱਚ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਸਬੰਧੀ ਜਾਣਕਾਰੀ ਦਿੰਦਿਆਂ ਜ਼ੋਨ ਦੇ ਮੀਡੀਆ ਇੰਚਾਰਜ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਉਤਸ਼ਾਹ ਪੂਰਵਕ ਭਾਗ ਲਿਆ। ਇਸ ਪ੍ਰੀਖਿਆ ਲਈ ਜ਼ੋਨ ਨਵਾਂਸ਼ਹਿਰ ਵਿੱਚ 30 ਪ੍ਰੀਖਿਆ ਕੇਂਦਰ ਬਣਾਏ ਗਏ ਸਨ ਜਿਨ੍ਹਾਂ ਵਿੱਚੋਂ 27 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਸਫਲਤਾ ਪੂਰਵਕ ਨੇਪਰੇ ਚੜ੍ਹੀ। ਤਿੰਨ ਪ੍ਰੀਖਿਆ ਕੇਂਦਰਾਂ ਵਿੱਚ ਕੁਝ ਅਣਸੁਖਾਵੇਂ ਕਾਰਨਾਂ ਕਰਕੇ ਪ੍ਰੀਖਿਆ ਮੁਅੱਤਲ ਕੀਤੀ ਗਈ। ਇਨ੍ਹਾਂ ਤਿੰਨਾਂ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਸੂਬਾ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਕੋਈ ਢੁੱਕਵੀਂ ਤਰੀਕ ਤੈਅ ਕਰਕੇ ਕਰਵਾਈ ਜਾਵੇਗੀ। ਇਸ ਪ੍ਰੀਖਿਆ ਵਿੱਚ ਮਿਡਲ ਵਿੰਗ ਦੇ 177 ਲੜਕੇ, 221 ਲੜਕੀਆਂ ਅਤੇ ਸੈਕੰਡਰੀ ਵਿੰਗ ਦੇ 283 ਲੜਕੇ,573 ਲੜਕੀਆਂ ਕੁੱਲ 1254 ਵਿਦਿਆਰਥੀਆਂ ਨੇ ਭਾਗ ਲਿਆ। ਤਰਕਸ਼ੀਲ ਆਗੂ ਸੁਖਵਿੰਦਰ ਗੋਗਾ, ਕਾਮਰੇਡ ਮੁਕੰਦ ਲਾਲ, ਮਾਸਟਰ ਨਰੇਸ਼ ਭੰਮੀਆਂ, ਮਾਸਟਰ ਰਾਮ ਪਾਲ ਰਾਹੋਂ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢ ਕੇ ਉਨ੍ਹਾਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਹੈ ਤਾਂ ਕਿ ਉਹ ਭੂਤਾਂ ਪਰੇਤਾਂ, ਜਾਦੂ ਟੂਣਿਆਂ ਦੇ ਡਰ ਤੋਂ ਮੁਕਤ ਹੋ ਕੇ ਆਪਣੀ ਪੜ੍ਹਾਈ ਨਿਰਭੈਅ ਹੋ ਕੇ ਕਰਨ । ਇਸ ਪੰਜਵੀਂ ਚੇਤਨਾ ਪਰਖ ਪ੍ਰੀਖਿਆ ਲਈ ਪੰਜਾਬ ਭਰ ਵਿੱਚ 34750 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਹੋਈ ਹੈ ਅਤੇ 446 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਸਨ। ਜ਼ੋਨ ਨਵਾਂਸ਼ਹਿਰ ਵਿੱਚ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਜਸਵੀਰ ਬੇਗਮਪੁਰ, ਮੋਹਨ ਬੀਕਾ, ਮੈਡਮ ਬਲਵਿੰਦਰ ਕੌਰ ਸਲੋਹ, ਬੇਟੀ ਸਿਮੀ ਸਲੋਹ, ਬਲਜੀਤ ਖਟਕੜ, ਬਲਜਿੰਦਰ ਸਹਿਬਾਜਪੁਰ, ਬਲਜਿੰਦਰ ਤਾਜਪੁਰ, ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਗੁਰਨਾਮ ਗੜ੍ਹਸ਼ੰਕਰ, ਹਰਜਿੰਦਰ ਸੂੰਨੀ, ਅਧਿਆਪਕ ਆਗੂ ਮੁਕੇਸ਼ ਗੁਜਰਾਤੀ, ਮਲਕੀਤ ਸਿੰਘ ਬਾਹੋਵਾਲ, ਜਗਤਾਰ ਬਾਹੋਵਾਲ, ਡਾ.ਦਲਵੀਰ ਸਿੰਘ ਮਾਹਲ ਖੁਰਦ, ਨਿੰਦਰ ਮਾਈ ਦਿੱਤਾ, ਨਿਤਿਨ ਮੁਕੰਦਪੁਰ, ਸੁਰਜੀਤ ਸਿੰਘ ਰੁੜਕੀ, ਮਾਸਟਰ ਪਰਮਜੀਤ ਖਮਾਚੋਂ, ਡਾ.ਨਿਰਮਲ ਗੜ੍ਹਸ਼ੰਕਰ ਆਦਿ ਸੁਸਾਇਟੀ ਕਾਰਕੁਨਾਂ ਨੇ ਪੂਰੇ ਲਗਨ ਨਾਲ ਡਿਊਟੀ ਨਿਭਾਈ। ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨ ਅਤੇ ਅਧਿਆਪਕ ਸਾਹਿਬਾਨ ਨੇ ਬਹੁਤ ਹੀ ਸ਼ਲਾਘਾਯੋਗ ਯੋਗਦਾਨ ਪਾਇਆ।

# ਬੈਂਸ ਸੰਤ ਰਵਿਦਾਸ ਮੱਠ ਪੱਸੀਵਾਲ ਵਿਖੇ ਪਹੁੰਚੇ



**ਭਲਾਣ ( ਹਰਭਜਨ ਢਿੱਲੋਂ )**-ਸੰਤ ਬ੍ਰਹਮਾਨੰਦ ਜੀ ਦੇ ਬਰਸੀ ਸਮਾਗਮ ਮੌਕੇ ਸੰਤ ਰਵਿਦਾਸ ਮੱਠ ਪੱਸੀਵਾਲ ਵਿਖੇ ਭਰਵੇਂ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਸਮਾਜ ਨੂੰ ਹਮੇਸ਼ਾ ਸਹੀ ਸੇਧ ਦਿੱਤੀ ਹੈ। ਦੇਸ਼ ਦੀ ਏਕਤਾ ਅਤੇ ਭਾਈਚਾਰਕ ਸਾਂਝ ਵਿੱਚ ਡੇਰਾ ਬੱਲਾਂ ਦਾ ਬਹੁਤ ਵੱਡਾ ਯੋਗਦਾਨ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਵੀ ਡੇਰੇ ਨਾਲ ਬਹੁਤ ਸ਼ਰਧਾ ਹੈ। ਅੱਜ ਬਹੁਤ ਭਾਗਾ ਵਾਲਾ ਦਿਹਾੜਾ ਹੈ, ਜਦੋਂ ਅਸੀ ਡੇਰਾ ਬੱਲਾਂ ਦੇ ਸੰਤ ਨਿਰੰਜਣ ਦਾਸ ਅਤੇ ਸੰਤ ਗੋਪਾਲਾ ਨੰਦ ਸੰਤ ਰਵਿਦਾਸ ਮੱਠ ਪੱਸੀਵਾਲ ਦੇ ਸਮੂਹਿਕ ਦਰਸ਼ਨ ਕਰ ਰਹੇ ਹਾਂ। ਅੱਜ ਪੱਸੀਵਾਲ ਵਿਖੇ ਧਾਰਮਕ ਸਮਾਗਮ ਮੌਕੇ ਸ਼ਿਰਕਤ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਬੈਸ ਨੇ ਕਿਹਾ ਕਿ ਭਾਈਚਾਰਕ ਸਾਂਝ ਅਤੇ ਏਕਤਾ ਦਾ ਸੰਦੇਸ਼ ਦੇਣ ਵਾਲੇ ਮਹਾਪੁਰਸ਼ਾਂ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਡੇਰੇ ਵਿੱਚ ਸਰੋਵਰ ਦੇ ਨਿਰਮਾਣ ਲਈ 10 ਲੱਖ ਰੁਪਏ ਦੇਣ ਲਈ ਕਿਹਾ। ਇਸ ਮੌਕੇ ਸੰਤ ਗੋਪਾਲਾ ਨੰਦ ਪੱਸੀਵਾਲ, ਜਸਪਾਲ ਸਿੰਘ ਢਾਹੇ, ਗੁਰਬਖਸ਼ ਸਿੰਘ ਮਹਿਲਵਾ, ਦਲਜੀਤ ਸਿੰਘ ਕਾਕਾ ਨਾਨਗਰਾ, ਸੋਹਣ ਸਿੰਘ ਬੈਸ, ਬਚਿੱਤਰ ਸਿੰਘ ਬੈਂਸ, ਮੋਹਣ ਪੱਸੀਵਾਲ, ਤਰਸੇਮ ਸਿੰਘ, ਹੈਪੀ, ਸੁਰਿੰਦਰ ਸਿੰਘ, ਕੁਲਵਿੰਦਰ ਸਿੰਘ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੂੰ ਐੱਨ ਸੀ ਸੀ ਦੀ ਮਾਨਤਾ ਮਿਲੀ

**ਸੁਲਤਾਨਪੁਰ ਲੋਧੀ, (ਹਨੀ)** ਸੁਲਤਾਨਪੁਰ ਲੋਧੀ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੂੰ 21ਵੀਂ ਪੰਜਾਬ ਬਟਾਲੀਅਨ, ਐਨ ਸੀ ਸੀ ਕੈਡਿਟਸ ਵਿੰਗ 'ਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਅਦਾਰੇ ਦਾ ਐਨ.ਸੀ.ਸੀ ਕੈਡਿਟਸ ਵਿੱਚ ਸ਼ਾਮਲ ਹੋਣਾ ਵੱਡੇ ਮਾਣ ਵਾਲੀ ਗੱਲ ਹੈ। ਐਨ ਸੀ ਸੀ ਦੇ ਹੈੱਡ ਕਰਨਲ ਵਿਸ਼ਾਲ ਉਪਲ ਆਪਣੀ ਟੀਮ ਪ੍ਰੇਡ ਇੰਸਟ੍ਰਕਟ ਨਵਤੇਜ ਸਿੰਘ ਅਤੇ ਸੰਜੇ ਕੁਮਾਰ ਨਾਲ ਸਕੂਲ ਦਾ ਦੌਰਾ ਕੀਤਾ ਗਿਆ ਅਤੇ ਐੱਨ.ਸੀ.ਸੀ, ਪੰਜਾਬ ਬਟਾਲੀਅਨ ਦਾ ਹਿੱਸਾ ਬਣਨ ਲਈ ਸਾਰੇ ਨਿਯਮਾਂ ਦੀ ਸਖਤੀ ਨਾਲ ਜਾਂਚ ਕੀਤੀ। ਉਹਨਾਂ ਦੱਸਿਆ ਕਿ ਐੱਨ.ਸੀ.ਸੀ. ਭਾਰਤੀ ਫੌਜ ਦਾ ਹਿੱਸਾ ਬਣਨ ਲਈ ਇਕ ਸਰਲ ਰਸਤਾ ਹੈ। ਇਸ ਤੋਂ ਇਲਾਵਾ ਐੱਨ.ਸੀ.ਸੀ ਸਾਨੂੰ ਜੀਵਨ ਵਿਚ ਅਨੁਸ਼ਾਸਿਤ ਰਹਿਣ, ਆਤਮ ਨਿਰਭਰ ਹੋਣ ਅਤੇ ਮੁਸ਼ਕਲ ਹਲਾਤਾਂ ਵਿਚ ਵੀ ਅੱਗੇ ਵਧਣ ਲਈ ਭਰਪੂਰ ਸਿਖਲਾਈ ਦਿੰਦੀ ਹੈ। ਉਨ੍ਹਾਂ ਦੁਆਰਾ ਸਾਰੇ ਕੈਡਿਟਸ ਦੇ ਲਈ ਇੱਕ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ।



# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਕਰਵਾਇਆ 'ਸਪੈੱਲ ਬੀ ਕੰਪੀਟੀਸ਼ਨ'




**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ, ਲੋਹੀਆਂ ਖ਼ਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਛੇਵੀਂ ਤੋਂ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਪੈੱਲ ਬੀ ਕੰਪੀਟੀਸ਼ਨ ਆਯੋਜਿਤ ਕੀਤਾ ਗਿਆ। ਇਸ ਕੰਪੀਟੀਸ਼ਨ ਵਿੱਚ ਚਾਰ ਟੀਮਾਂ ਵਿਲੀਅਮ ਸ਼ੇਕਸ਼ਪੀਅਰ, ਵਿਲੀਅਮ ਕਾਪਰ, ਵਿਲੀਅਮ ਬਲੇਕ ਅਤੇ ਵਿਲੀਅਮ ਵਰਡਸਵਰਥ ਬਣਾਈਆਂ ਗਈਆਂ। ਸਕੂਲ ਦੇ ਅਧਿਆਪਕਾਂ ਮੈਡਮ ਕੰਚਨ, ਕੋਮਲ, ਦਿਲਰਾਜ ਕੌਰ ਅਤੇ ਅਨੂੰ ਜੈਨ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਦੀ ਪਰਫ਼ਾਰਮੈਂਸ ਸ਼ਲਾਘਾਯੋਗ ਸੀ। ਇਸ ਕੰਪੀਟੀਸ਼ਨ ਵਿੱਚ ਵਿਲੀਅਮ ਸ਼ੇਕਸ਼ਪੀਅਰ ਟੀਮ ਨੇ ਪਹਿਲਾ ਸਥਾਨ ਅਤੇ ਵਿਲੀਅਮ ਕਾਪਰ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਜੇਤੂ ਟੀਮਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ ਗਈ ਅਤੇ ਭਵਿੱਖ ਵਿੱਚ ਅਜਿਹੇ ਕੰਪੀਟੀਸ਼ਨਜ਼ ਵਿੱਚ ਭਾਗ ਲੈਂਦੇਂ ਰਹਿਣ ਲਈ ਪ੍ਰੇਰਿਤ ਵੀ ਕੀਤਾ ਗਿਆ।

# ਮਾਸਟਰ ਹਰਭਜਨ ਸਿੰਘ ਅਜਨੋਹਾ ਦੇ ਪਰਵਾਰ ਵੱਲੋਂ ਰੂਰਲ ਹਸਪਤਾਲ ਅਜਨੋਹਾ ਨੂੰ ਦਵਾਈਆਂ ਦੀ ਸੇਵਾ




**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਅਜਨੋਹਾ ਵਿਖੇ ਗੌਰਮਿੰਟ ਰੂਰਲ ਹਸਪਤਾਲ ਜੋ ਕਿ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਦੀ ਯਾਦ ਵਿਚ ਚੱਲ ਰਿਹਾ ਹੈ, ਨੂੰ ਪੈਨਸ਼ਨਰ ਆਗੂ ਮਾਸਟਰ ਹਰਭਜਨ ਸਿੰਘ ਅਜਨੋਹਾ ਦੇ ਸਮੂਹ ਪਰਵਾਰ ਮੈਡਮ ਕੁਲਦੀਪ ਕੌਰ, ਡਾਕਟਰ ਕੁਲਵਿੰਦਰ ਸਿੰਘ ਪਰਮਾਰ ਅਤੇ ਮਨਪ੍ਰੀਤ ਕੌਰ ਵਲੋਂ ਮਰੀਜ਼ਾਂ ਦੇ ਇਲਾਜ ਲਈ ਤੀਜੀ ਵਾਰ ਦੀਆਂ ਦਵਾਈਆਂ ਦੀ ਕਿਸ਼ਤ ਰਾਹੀਂ ਸਾਬਕਾ ਸਰਪੰਚ ਜਥੇਦਾਰ ਮਹਿੰਦਰ ਸਿੰਘ ਨੇ ਨਵ-ਨਿਯੁਕਤ ਡਾਕਟਰ ਹਰਵਿੰਦਰ ਸਿੰਘ ਨੂੰ ਭੇਟ ਕੀਤੀ। ਇਸ ਮੌਕੇ ਮੈਡਮ ਦਰਸ਼ਨ ਕੌਰ ਸੀ ਐੱਚ ਟੀ, ਕਮਲਜੀਤ ਸਿੰਘ, ਭਜਨ, ਹਰਮਨੋਜ ਭੱਟੀ, ਨਰਿੰਦਰ ਅਜਨੋਹਾ, ਹਸਪਤਾਲ ਦਾ ਸਟਾਫ ਹਾਜ਼ਰ ਸੀ।

# ਅਧਿਆਪਕ ਦਿਵਸ ਧੂਮਧਾਮ ਨਾਲ ਮਨਾਇਆ



**ਜਲੰਧਰ (ਨ ਜ਼ ਸ)**-ਸਰਕਾਰੀ ਸਮਾਰਟ ਮਿਡਲ ਸਕੂਲ, ਜ਼ੀਰਕਪੁਰ ਵਿਖੇ ਅਧਿਆਪਕ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮਿਉਂਸਿਪਲ ਕਾਊਂਸਲਰ ਨਵਤੇਜ ਧੀਮਾਨ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੌਲਤ ਸਿੰਘ ਵਾਲਾ, ਸਕੂਲ ਕਮੇਟੀ ਦੇ ਮੈਂਬਰਾਂ ਨੇ ਸਕੂਲ ਮੁਖੀ ਤਨੂ ਗੋਇਲ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਅਤੇ ਮਿਹਨਤ ਦੇ ਲਈ ਸਨਮਾਨਤ ਕੀਤਾ। ਇਸ ਮੌਕੇ ਸੋਸ਼ਲ ਲਾਈਫ ਹੈਲਪ ਐਂਡ ਕੇਅਰ ਫਾਊਂਡੇਸ਼ਨ ਵੱਲੋਂ ਵੀ ਤਨੂ ਗੋਇਲ ਨੂੰ 'ਆਈਡੀਅਲ ਟੀਚਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ.ਸੁਨੀਲ ਬਹਿਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਅਧਿਆਪਕ ਦੁਆਰਾ ਦਰਸਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ। ਨਵਤੇਜ ਧੀਮਾਨ ਨੇ ਵੀ ਅਧਿਆਪਕ ਦੇ ਵਡਮੁੱਲੇ ਯੋਗਦਾਨ ਵੀ ਪ੍ਰਸ਼ੰਸਾ ਕੀਤੀ।

# ਬਿਲਗਾ 'ਚ ਕ੍ਰਿਸ਼ਨ ਜਨਮ ਅਸ਼ਟਮੀ ਅੱਜ ਮਨਾਈ ਜਾਵੇਗੀ

**ਬਿਲਗਾ (ਵਿਜੇ ਕੁਮਾਰ)**-ਨਗਰ ਬਿਲਗਾ ਪੱਤੀ ਭਲਾਈ ਨੇੜੇ ਬੱਸ ਸਟੈਂਡ ਠਾਕਰ ਦੁਆਰਾ ਮੂਲ ਰਾਜ ਸਿਆਲ ਰਾਧਾ ਕ੍ਰਿਸਨ ਮੰਦਿਰ ਸਿਆਲਾਂ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ 6 ਸਤੰਬਰ ਨੂੰ ਮਨਾਈ ਜਾਵੇਗੀ। ਮੰਦਿਰ ਦੇ ਮੁੱਖ ਸੇਵਾਦਾਰ ਵਿਜੇ ਕੁਮਾਰ ਬਾਵਾ ਨੇ ਦੱਸਿਆ ਕਿ ਇਸ ਸਬੰਧ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਤੇ ਰਾਧਾ ਕ੍ਰਿਸ਼ਨ ਭਗਵਾਨ ਦਾ ਗੁਣਗਾਨ ਮੈਡਮ ਸੁਨਾਲੀਕਾ ਸ਼ਰਮਾ ਜਲੰਧਰ ਵਾਲੇ ਤੇ ਨਾਹਰ ਸਾਹਿਬ ਐਂਡ ਪਾਰਟੀ ਜਲੰਧਰ ਵਾਲੇ ਰਾਤ 12 ਵਜੇ ਤੱਕ ਕਰਨਗੇ। ਇਸ ਮੌਕੇ ਗੰਗੋਤਰਾ ਆਰਟ ਗਰੁੱਪ ਵਲੋਂ ਵਧੀਆ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਸਾਰਾ ਪ੍ਰੋਗਰਾਮ ਮਹੇਸ਼ ਪਾਲ ਸਿਆਲ ਦੇ ਪਰਵਾਰ ਦੇ ਵਿਸੇਸ਼ ਸਹਿਯੋਗ ਨਾਲ ਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਸ੍ਰੀ ਕ੍ਰਿਸ਼ਨ ਭਗਵਾਨ ਦੀ ਕਿਰਪਾ ਨਾਲ ਉਨਾਂ ਦੀ ਛਟੀ 'ਤੇ 11 ਸਤੰਬਰ ਨੂੰ ਭੰਡਾਰੇ ਅਤੁੱਟ ਵਰਤਾਏ ਜਾਣਗੇ।

# ਜਨਮ ਦਿਨ ਮੁਬਾਰਕ



ਸਕਸ਼ਮ ਸਹੋਤਮ (ਭੋਗਪੁਰ)



ਹਰਜਾਪ ਸਿੰਘ ਬਾਸੀ (ਜਲੰਧਰ)



ਮਾਇਰਾ (ਹੁਸ਼ਿਆਰਪੁਰ)



ਕੁਸਮਸੀਰਤ ਕੌਰ ਸੰਧੂ (ਬਠਿੰਡਾ)

# ਲਾਇਲਪੁਰ ਖ਼ਾਲਸਾ ਕਾਲਜ 'ਚ ਸਾਹਿਤ, ਸਿਮਰਤੀ ਤੇ ਇਤਿਹਾਸ 'ਤੇ ਲੈਕਚਰ




**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪੋਸਟ ਗ੍ਰੈਜੂਏਟ ਵਿਭਾਗ ਇਤਿਹਾਸ ਵਲੋਂ ਵਿਸ਼ਵ ਪ੍ਰਸਿੱਧ ਇਤਿਹਾਸਕਾਰ, ਕਵੀ ਅਤੇ ਨਾਵਲਕਾਰ ਸਰਬਪ੍ਰੀਤ ਸਿੰਘ ਦਾ ਸਾਹਿਤ, ਸਿਮਰਤੀ ਅਤੇ ਇਤਿਹਾਸ ਵਿਸ਼ੇ 'ਤੇ ਇਕ ਲੈਕਚਰ ਕਰਵਾਇਆ ਗਿਆ। ਸਰਬਪ੍ਰੀਤ ਸਿੰਘ ਅਮਰੀਕਾ ਦੇਸ਼ ਹਿਰਬੋਸਟਨ ਦੇ ਵਸਨੀਕ ਹਨ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਲੇਖਕ ਦਾ ਸੁਆਗਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਇਤਿਹਾਸਕ ਗਿਆਨ ਸਾਡੇ ਵਿਦਿਆਰਥੀਆਂ ਲਈ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਗਿਆਨ ਵਰਧਕ ਹੋਵੇਗਾ। ਆਪਣੀ ਸ਼ੁਰੂਆਤੀ ਜ਼ਿੰਦਗੀ ਦੇ ਤਜਰਬਿਆਂ ਨੂੰ ਸਾਂਝਾ ਕਰਦਿਆਂ ਸਰਬਪ੍ਰੀਤ ਸਿੰਘ ਨੇ ਆਪਣੇ ਹੁਣ ਤੱਕ ਦੇ ਸਾਹਿਤਕ ਸਫਰ ਅਤੇ ਇਤਿਹਾਸ ਦੇ ਕਈ ਜਾਣੇ ਅਤੇ ਕਈ ਵਿਸਾਰ ਦਿੱਤੇ ਗਏ ਤੱਥਾਂ ਨਾਲ ਵਿਦਿਆਰਥੀਆਂ ਨੂੰ ਰੂਬਰੂ ਕਰਵਾਇਆ। ਸਿੱਕਮ ਦੀ ਪਿੱਠਭੂਮੀ ਵਾਲੇ ਪਿਛੋਕੜ ਅਤੇ ਉਸ ਤੋਂ ਬਾਅਦ ਵਿੱਚ ਅਮਰੀਕਾ ਵਿੱਚ ਪੜ੍ਹਾਈ ਤੇ ਰੁਜ਼ਗਾਰ ਕਰਕੇ ਉਹ ਪੰਜਾਬੀ ਬੋਲੀ ਨਾਲ ਨਾ ਜੁੜ ਸਕੇ। ਇਕ ਅਮਰੀਕੀ ਪਰਵਾਰ ਨੂੰ ਸਿੱਖ ਬਣਿਆ ਵੇਖ ਕੇ ਉਨ੍ਹਾਂ ਨੇ ਪੰਜਾਬੀ ਨੂੰ ਪੜ੍ਹਨਾ ਸ਼ੁਰੂ ਕੀਤਾ। ਗੁਰਬਾਣੀ ਨਾਲ ਜੁੜਨ ਤੋਂ ਬਾਅਦ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਜਾਣਿਆ ਅਤੇ ਇਸ ਬਾਰੇ ਬਰੀਕੀ ਨਾਲ ਖੋਜ ਸ਼ੁਰੂ ਕੀਤੀ। ਸਿੱਖਾਂ ਨਾਲ ਹੋਏ ਦਿੱਲੀ ਕਤਲੇਆਮ ਤੇ ਉਨ੍ਹਾਂ ਨੇ ਕਵਿਤਾਵਾਂ ਦੀ ਕਿਤਾਬ 'ਕੁਲਤਾਰ' ਜ਼ਮਾਈਮ ਲਿਖੀ ਜਿਸ ਵਿੱਚ ਇਕ ਗੂੰਗੇ ਅਤੇ ਬੋਲੇ ਬੱਚੇ ਦੀਆਂ ਅੱਖਾਂ ਸਾਹਮਣੇ ਹੋਏ ਕਤਲੇਆਮ ਦਾ ਮਾਰਮਿਕ ਚਿਤਰਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੱਤਾ ਹਮੇਸ਼ਾ ਇਤਿਹਾਸ ਦੇ ਰਿਸਦੇ ਜ਼ਖਮਾਂ ਨੂੰ ਭੁਲਾਉਣ ਲਈ ਯਤਨਸ਼ੀਲ ਰਹਿੰਦੀ ਹੈ। ਪਰ ਲੋਕਾਈ ਨੂੰ ਅਣਮਨੁੱਖੀ ਵਰਤਾਰੇ ਆਪਣੇ ਚੇਤਿਆਂ ਵਿੱਚੋਂ ਵਿਸਾਰਨੇ ਨਹੀਂ ਚਾਹੀਦੇ।ਸਮਾਜ ਦੀ ਚੇਤਨਾ ਵਿੱਚੋਂ ਦਰਦ ਮਨਫੀ ਨਹੀਂ ਹੋਣਾ ਚਾਹੀਦਾ। ਉਨ੍ਹਾਂ ਸਿੱਖ ਧਰਮ ਦੀ ਫਿਲਾਸਫੀ ਨੂੰ ਬਿਆਨ ਕਰਦਿਆਂ ਕਿਹਾ ਕਿ ਸਿੱਖ ਧਰਮ ਨੇ ਦੁਨੀਆ ਨੂੰ ਇਹੋ ਸਿਖਾਇਆ ਹੈ ਕਿ ਆਪਣਾ ਦਰਦ ਤਾਂ ਹਰ ਕੋਈ ਮਹਿਸੂਸ ਕਰਦਾ ਹੈ ਪਰ ਬੇਗਾਨੇ ਦਰਦ ਨੂੰ ਮਹਿਸੂਸ ਕਰਨਾ ਅਤੇ ਮਜ਼ਲੂਮਾਂ ਦੇ ਹੱਕ ਵਿੱਚ ਖੜ੍ਹੇ ਹੋਣਾ ਹੀ ਇਨਸਾਨੀਅਤ ਹੈ। ਗੁਰੂ ਨਾਨਕ ਸਾਹਿਬ ਬਾਬਰਬਾਣੀ ਵਿੱਚ ਇਹੀ ਸੰਦੇਸ਼ ਦਿੰਦੇ ਹਨ। ਉਨ੍ਹਾਂ ਆਪਣੀਆਂ ਕਿਤਾਬਾਂ ਹਿਸਟਰੀ ਆਫ ਸਿੱਖਜ਼, ਕੈਮਿਲ ਮਰਚੈਂਟ ਆਫ ਫਿਲਾਡੈਲਫੀਆ, ਨਾਈਟਜ਼ ਆਫ ਰੈਸਟਲੈਸ ਸਪਿਟਰਜ਼ ਬਾਰੇ ਵੀ ਚਰਚਾ ਕੀਤੀ।

ਇਤਿਹਾਸ ਵਿਭਾਗ ਦੇ ਮੁਖੀ ਡਾ. ਸੁਮਨ ਚੋਪੜਾ ਨੇ ਧੰਨਵਾਦੀ ਭਾਸ਼ਣ ਦਿੱਤਾ ਅਤੇ ਕਿਹਾ ਕਿ ਸਰਬਪ੍ਰੀਤ ਸਿੰਘ ਹੁਰਾਂ ਦਾ ਲੈਕਚਰ ਵਿਦਿਆਰਥੀਆਂ ਨੂੰ ਅਤੀਤ ਦੇ ਘਟਨਾਕ੍ਰਮ ਨਾਲ ਜੋੜ ਕੇ ਵਰਤਮਾਨ ਸਮੇਂ ਤੱਕ ਲੈ ਕੇ ਆਉਂਦਾ ਹੈ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਅਮਨਦੀਪ ਕੌਰ ਨੇ ਕੀਤਾ । ਇਸ ਮੌਕੇ ਡਾ. ਕਰਨਬੀਰ ਸਿੰਘ, ਪ੍ਰੋ. ਸੰਦੀਪ ਕੌਰ ਸਮੇਤ ਬਾਕੀ ਵਿਭਾਗਾਂ ਦੇ ਮੁਖੀ